SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938

ਹਫਤਾਵਾਰੀ
# ਦੇਸ਼ ਦੁਆਬਾ

VOL -10 ISSUE -49
March 16, 2022

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com

Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ
Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ



ਅਦਾਰਾ 'ਦੇਸ਼ ਦੁਆਬਾ' ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦੇ 645ਵੇਂ ਪ੍ਰਕਾਸ਼ ਪੁਰਬ ਅਤੇ 22ਵੇਂ ਨਗਰ ਕੀਰਤਨ ਮਨਾਏ ਜਾਣ ਦੀਆਂ ਸਮੂਹ ਸੰਗਤ ਨੂੰ ਲੱਖ-ਲੱਖ ਵਧਾਈਆਂ।



ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ ਵਿਖੇ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ 645ਵੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਮਹਾਨ ਨਗਰ ਕੀਰਤਨ ਸਜਾਇਆ ਗਿਆ।

**(ਰਿਪੋਰਟ ਅਤੇ ਤਸਵੀਰਾਂ ਦੇਖੋ ਸਫਾ 9 'ਤੇ)**

# ਭਗਵੰਤ ਮਾਨ ਨੇ ਮੁੱਖ ਮੰਤਰੀ ਵਜੋਂ ਅਹੁਦਾ ਸੰਭਾਲਿਆ

## ਖਟਕੜ ਕਲਾਂ 'ਚ ਛਾਇਆ 'ਬਸੰਤੀ' ਰੰਗ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਨਵਾਂ ਮੰਤਰੀ ਮੰਡਲ 19 ਨੂੰ ਚੁੱਕ ਸਕਦਾ ਹੈ ਸਹੁੰ






**ਜਲੰਧਰ ਤੋਂ ਜੇ ਐਸ 'ਭਡਿਆਰ'**

**ਖਟਕੜ ਕਲਾਂ-** ਆਮ ਆਦਮੀ ਪਾਰਟੀ (ਆਪ) ਦੇ ਆਗੂ ਭਗਵੰਤ ਮਾਨ ਨੇ ਚੰਡੀਗੜ੍ਹ ਦੇ ਸੂਬਾ ਸਿਵਲ ਸਕੱਤਰੇਤ ਵਿਖੇ ਪੰਜਾਬ ਦੇ 17ਵੇਂ ਮੁੱਖ ਮੰਤਰੀ ਵਜੋਂ ਅਹੁਦਾ ਸੰਭਾਲ ਲਿਆ ਹੈ। ਇਸ ਮੌਕੇ ਉਨ੍ਹਾਂ ਨੂੰ ਗਾਰਡ ਆਫ਼ ਆਨਰ ਮਿਲਿਆ। ਮਾਨ ਨੇ ਸੀਐੱਮ ਆਫਿਸ ਦੇ ਅਧਿਕਾਰੀਆਂ ਨਾਲ ਮੀਟਿੰਗ ਵੀ ਕੀਤੀ। ਮੁੱਖ ਸਕੱਤਰ ਤੇ ਡੀਜੀਪੀ ਸਕੱਤਰੇਤ ਪਹੁੰਚੇ। ਭਗਤ ਸਿੰਘ ਦੇ ਜੱਦੀ ਪਿੰਡ ਖਟਕੜ ਕਲਾਂ ਵਿਖੇ ਸਹੁੰ ਚੁੱਕ ਸਮਾਗਮ ਦੌਰਾਨ ਆਮ ਆਦਮੀ ਪਾਰਟੀ (ਆਪ) ਦੇ ਸਮਰਥਕ ਆਜ਼ਾਦੀ ਘੁਲਾ-ਟੀਆਂ ਨਾਲ ਸਬੰਧਤ ਰੰਗ ਦੀਆਂ 'ਬਸੰਤੀ' ਪੱਗਾਂ ਅਤੇ ਦੁਪੱਟੇ ਵਿੱਚ ਪੁੱਜੇ ਹੋਏ ਸਨ। ਪੰਜਾਬ ਹਰਿਆਣਾ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਭਗਵੰਤ ਮਾਨ ਨੂੰ ਆਹੁਦੇ ਦੇ ਭੇਤ ਗੁਪਤ ਰੱਖਣ ਦੀ ਸਹੁੰ ਚੁਕਾਈ ਹੈ। ਸਮਾਗਮ ਵਿੱਚ ' ਆਪ' ਦੇ ਨਵੇਂ ਚੁਣੇ ਵਿਧਾਇਕਾਂ ਤੋਂ ਇਲਾਵਾ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ ਪਾਰਟੀ ਦੇ ਹੋਰ ਸੀਨੀਅਰ ਆਗੂ ਵੀ ਹਾਜ਼ਰ ਸਨ। ਭਗਵੰਤ ਮਾਨ ਬਸੰਤੀ ਰੰਗ ਦੀ ਪੱਗ ਬੰਨ੍ਹ ਕੇ ਸਮਾਗਮ ਚ ਪਹੁੰਚੇ, ਜਿਥੇ ਰਾਜਪਾਲ ਨੇ ਮਾਨ ਨੂੰ ਸਹੁੰ ਚੁਕਵਾਈ ਹੈ, ਮਾਨ ਤੋਂ ਇਲਾਵਾ ਪੰਜਾਬ ਦੇ ਆਮ ਆਦਮੀ ਪਾਰਟੀ ਦੇ 91 ਵਿਧਾਇਕ, ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ, ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਸਣੇ ਦਿੱਲੀ ਦੇ ਮੰਤਰੀ ਮੰਡਲ ਨੇ ਵੀ ਸਮਾਗਮ ਚ ਹਿੱਸਾ ਲਿਐ, ਉਥੇ ਹੀ ਸਮਾਗਮ ਚ ਹਿੱਸਾ ਲੈਣ ਆਏ ਲੱਖਾਂ ਲੋਕ ਵੀ ਸਿਰਾਂ ਤੇ ਬਸੰਤੀ ਪੱਗਾਂ ਬੰਨ੍ਹ ਕੇ ਪਹੁੰਚੇ। ਦੱਸ ਦਈਏ ਕਿ ਆਪ ਨੇ ਐਲਾਨ ਕੀਤਾ ਹੈ ਕਿ ਪੰਜਾਬ ਦਾ ਮੰਤਰੀ ਮੰਡਲ 19 ਮਾਰਚ ਨੂੰ ਸਹੁੰ ਚੁੱਕੇਗਾ, ਜਦਕਿ ਸਾਰੇ ਵਿਧਾਇਕਾਂ ਨੂੰ ਸਹੁੰ 17 ਮਾਰਚ ਨੂੰ ਹੋਣ ਵਾਲੇ ਵਿਧਾਨ ਸਭਾ ਦੇ ਵਿਸ਼ੇਸ਼ ਇਜਲਾਸ ਵਿੱਚ ਚੁਕਾਈ ਜਾਵੇਗੀ, ਇਸੇ ਹੀ ਦਿਨ ਪੰਜਾਬ ਵਿਧਾਨ ਸਭਾ ਦੇ ਨਵੇਂ ਸਪੀਕਰ ਦੇ ਨਾਮ ਤੇ ਵੀ ਮੋਹਰ ਲੱਗ ਸਕਦੀ ਹੈ, ਪਰ ਇਸ ਸਭ ਵਿਚਾਲੇ ਭਗਵੰਤ ਮਾਨ ਪੰਜਾਬ ਦੇ ਨਵੇਂ ਮੁੱਖ ਮੰਤਰੀ ਬਣ ਗਏ ਹਨ।

ਮੇਰੇ ਦਿਲ ਚ ਸ਼ਹੀਦ ਭਗਤ ਸਿੰਘ ਲਈ ਖਾਸ ਥਾਂ-ਭਗਵੰਤ ਮਾਨ

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸ਼ਹੀਦ ਭਗਤ ਸਿੰਘ ਦੇ ਬੋਲਾਂ ਨੂੰ ਦੁਹਰਾਉਂਦਿਆਂ ਕਿਹਾ ਕਿ ਪਿਆਰ ਕਰਨਾ ਹਰੇਕ ਦਾ ਕੁਦਰਤੀ ਹੱਕ ਹੈ, ਕਿਉਂ ਨਾ ਇਸ ਵਾਰ ਦੇਸ਼ ਦੀ ਧਰਤੀ ਨੂੰ ਹੀ ਪ੍ਰੇਮੀ ਬਣਾਇਆ ਜਾਵੇ।

ਭਗਵੰਤ ਮਾਨ ਨੇ ਕਿਹਾ ਕਿ ਮੈਂ ਸਹੁੰ ਚੁੱਕ ਸਮਾਗਮ 'ਚ ਪੁੱਜੀਆਂ ਸਾਰੀਆਂ ਸੰਗਤਾਂ ਦਾ ਮੈਂ ਤਹਿ ਦਿਲੋਂ ਧੰਨਵਾਦ ਕਰਦਾ ਹਾਂ।

ਮੇਰੇ ਖੱਬੇ ਪਾਸੇ ਦਿੱਲੀ ਸਰਕਾਰ ਦੀ ਕੈਬਨਿਟ ਹੈ ਅਤੇ ਸੱਜੇ ਪਾਸੇ ਤੁਹਾਡੇ ਦੁਆਰਾ ਚੁਣੇ ਆਮ ਆਦਮੀ ਪਾਰਟੀ ਦੇ 91 ਨਵੇਂ ਚੁਣੇ ਗਏ ਵਿਧਾਇਕ ਹਨ। ਆਓ ਅਸੀਂ ਸਾਰੇ ਉਨ੍ਹਾਂ ਦਾ ਜ਼ੋਰਦਾਰ ਤਾੜੀਆਂ ਨਾਲ ਸਵਾਗਤ ਕਰਦੇ ਹਾਂ।

"ਖਟਕੜ ਕਲਾਂ ਆਉਣ ਦੀ ਇੱਕ ਅਹਿਮ ਵਜ੍ਹਾ ਹੈ। ਇਸ ਤੋਂ ਪਹਿਲਾਂ ਸਹੁੰ ਚੁੱਕ ਸਮਾਗਮ ਕ੍ਰਿਕਟ ਸਟੇਡੀਅਮ ਅਤੇ ਰਾਜ ਭਵਨ ਵਿੱਚ ਹੋਇਆ ਸੀ,ਪਰ ਮੇਰੇ ਦਿਲ ਵਿੱਚ ਸ਼ਹੀਦ -ਏ-ਆਜਮ ਭਗਤ ਸਿੰਘ ਲਈ ਖਾਸ ਥਾਂ ਹੈ।

ਸੂਬੇ ਦੀ ਸਰਕਾਰ ਸਾਡੀ ਨਹੀਂ ਲੋਕਾਂ ਲਈ ਹੈ। ਅਸੀਂ ਬੇਰੁਜ਼ਗਾਰੀ, ਖੇਤੀ 'ਤੇ ਕੰਮ ਕਰਾਂਗੇ। ਮੈਂ ਪੰਜਾਬ ਦਾ ਮੁੱਖ ਮੰਤਰੀ ਹਾਂ ਅਤੇ ਉਨ੍ਹਾਂ ਲੋਕਾਂ ਦਾ ਵੀ ਜਿਨ੍ਹਾਂ ਨੇ ਆਮ ਆਦਮੀ ਪਾਰਟੀ ਨੂੰ ਵੋਟ ਨਹੀਂ ਪਾਈ।

ਭਗਤ ਸਿੰਘ ਨੇ ਕਿਹਾ ਸੀ ਕਿ ਪਿਆਰ ਕਰਨਾ ਸਭ ਦਾ ਹੱਕ ਹੈ। ਆਪਣੀ ਮਾਤ ਭੂਮੀ ਨੂੰ ਪਿਆਰ ਕਰੋ, ਉਸ ਮਿੱਟੀ ਨੂੰ ਪਿਆਰ ਕਰੋ ਜਿਸ ਨੇ ਤੁਹਾਨੂੰ ਜਨਮ ਦਿੱਤਾ ਹੈ।"

ਤੁਸੀਂ ਸਾਰਿਆ ਨੇ ਦੇਖਿਆ ਹੋਵੇਗਾ ਕਿ ਕਿਵੇਂ ਵੱਖ-ਵੱਖ ਦੇਸ਼ਾਂ ਤੋਂ ਲੋਕ ਦਿੱਲੀ ਦੇ ਮੁਹੱਲਾ ਕਲੀਨਿਕਾਂ ਅਤੇ ਸਰਕਾਰੀ ਸਕੂਲਾਂ ਨੂੰ ਦੇਖਣ ਲਈ ਦਿੱਲੀ ਆਉਂਦੇ ਹਨ। ਅਸੀਂ ਪੰਜਾਬ ਨੂੰ ਇਸੇ ਤਰ੍ਹਾਂ ਬਦਲਾਂਗੇ।

ਮੈਂ ਅਰਵਿੰਦ ਕੇਜਰੀਵਾਲ ਜੀ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਆਮ ਆਦਮੀ ਪਾਰਟੀ ਬਣਾਈ ਅਤੇ ਇਸਨੂੰ ਪੰਜਾਬ ਵਿੱਚ ਸੱਤਾ ਵਿੱਚ ਲਿਆਂਦਾ।

ਪੰਜਾਬ ਦੇ ਇਤਿਹਾਸ ਦਾ ਇੱਕ ਸੁਨਹਿਰੀ ਅਧਿਆਏ ਸ਼ੁਰੂ ਹੋ ਗਿਆ ਹੈ ਅਤੇ ਇਸ ਇਤਿਹਾਸ ਨੂੰ ਸਕੂਲਾਂ ਵਿੱਚ ਪੜ੍ਹਾਇਆ ਜਾਵੇਗਾ।

**(ਬਾਕੀ ਸਫਾ 7 'ਤੇ)**

SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
MANDEEP SANDHU
All Kinds of Immigration Forms/Petitions/Visa
WE OPEN 7-DAYS A WEEK
ਵੀਜ਼ਾ
3222 PENELOPE DR. STOCKTON, CA- 95212 (NEAR HWY 99 ON MORADA LANE)
Note: I am not an Immigration Attorney.
(209-373-3562) msandhu2014@gmail.com

DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed
Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

BAGGA JEWELERS
916-912-8842, 916-329-8772
SINCE 1996
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
Sandeep Jony Bagga
6930 65TH STREET # 115 SACRAMENTO CA 95823

MAJESTIC HOMES
RAMESH SUMAN
Broker Realtor
RCS-D TM
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation (Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

# Raja
SWEETS & CATERING

AUTHORIZED CATERER FOR MAJOR 5-STAR HOTELS



ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

ADDITIONAL SERVICE
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619

Email: msbains@rajasweets.com
www.rajasweets.com
Find us on: facebook rajasweetsandcatering
Follow us on Twitter rajasweets



# INDIA MARKET
SWEETS & SPICES

CHAAT PAPDI, SAMOSA, CHAAT, PANI PURI
DAHI VADA, BHEL PURI CHAAT

ਤੁਹਾਡਾ ਆਪਣਾ ਮਨਭਾਉਂਦਾ ਸਟੋਰ

ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ

WE HAVE LARGEST COLLECTION FOR INDIAN FIJIAN & PAKISTANI GROCERY

MUSIC, FABRIC ARTIFICIAL JEWELRY, SWEETS, FRESH VEGETABLES & MORE..



ਕਸ਼ਮੀਰ ਸਿੰਘ ਹੀਰਾ


ਬਰਿੰਦਰ ਬੈਂਗੜ

Super Eyebrow Threading Now Open

Eyebrow Threading & Henna Tattoo

7 times, Get 8th one free!



Inside India Market

SACRAMENTO
5203 EKLHORN BLVD
SACRAMENTO CA 95842
916- 338-5511

WALK INS WELCOME

ROSEVILLE
1265 PLEASANT GROVE BLVD.
# 100 ROSEVILLE, CA 95747
916- 786-7666

Cell : 916-798-8142
Email: IndiaMarketRoseville@gmail.com



# HAPPY BAZAAR

HAPPY BAZAAR

INDIAN, PAKISTANI & FIJJIAN GROCERIES

WE ARE OPEN
7 DAYS A WEEK
9:00am to 8:30pm

RENT DVDS & BUY CLOTHES
ENJOY YOUR DAY WITH HOPES

CALL US
Ph: (209) 478-0285
Fax: (209) 477-3206

We sell Air Tickets ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।


EVERY SATURDAY & SUNDAY SPECIAL DISCOUNT ON GROCERIES

1304 E Hammer Lane # 7 Stockton CA 95212
EMAIL: indiabazaar08@yahoo.com



# Kash FABRICS

ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ



ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜ੍ਹੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।

ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।

KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138



# ਵਿਧਾਨ ਸਭਾ 'ਚ ਪਹੁੰਚੇ ਵਿਧਾਇਕਾਂ ਬਾਰੇ ਆਮ ਜਾਣਕਾਰੀ

**ਜਲੰਧਰ –** ਪੰਜਾਬ ਵਿੱਚ ਇਸ ਵਾਰ ਨਵੀਂ ਬਣੀ ਸਰਕਾਰ ਵਿੱਚ ਦਾਗੀ ਵਿਧਾਇਕਾਂ ਦੀ ਗਿਣਤੀ ਸਭ ਤੋਂ ਵੱਧ ਹੈ। ਕੁੱਲ 117 ਵਿਧਾਇਕਾਂ 'ਚੋਂ 58 'ਤੇ ਅਪਰਾਧਿਕ ਮਾਮਲੇ ਦਰਜ ਹਨ। ਇਨ੍ਹਾਂ ਵਿੱਚੋਂ 52 ਆਮ ਆਦਮੀ ਪਾਰਟੀ ਨਾਲ ਸਬੰਧਤ ਹਨ। ਕੁੱਲ 58 'ਚੋਂ 27 ਅਜਿਹੇ ਹਨ, ਜਿਨ੍ਹਾਂ 'ਤੇ ਗੰਭੀਰ ਅਪਰਾਧਿਕ ਮਾਮਲੇ ਦਰਜ ਹਨ। ਇਨ੍ਹਾਂ ਵਿੱਚ 'ਆਪ' ਦੇ 23, ਕਾਂਗਰਸ-ਅਕਾਲੀ ਦਲ ਦੇ ਦੋ-ਦੋ ਵਿਧਾਇਕ ਹਨ। 2017 'ਚ ਸਿਰਫ 27 ਵਿਧਾਇਕਾਂ 'ਤੇ ਹੀ ਅਪਰਾਧਿਕ ਮਾਮਲੇ ਦਰਜ ਸਨ। ਇਨ੍ਹਾਂ ਵਿੱਚੋਂ ਸਿਰਫ਼ 11 'ਤੇ ਹੀ ਗੰਭੀਰ ਕੇਸ ਦਰਜ ਸਨ ਪਰ ਇਸ ਵਾਰ ਵਿਧਾਨ ਸਭਾ ਵਿੱਚ ਪੁੱਜੇ ਅੱਧੇ ਮੈਂਬਰਾਂ 'ਤੇ ਕੇਸ ਦਰਜ ਹਨ। ਐਸੋਸੀਏਸ਼ਨ ਫਾਰ ਡੈਮੋਕ੍ਰੇਟਿਕ ਰਿਫਾਰਮਜ਼ ਅਤੇ ਪੰਜਾਬ ਇਲੈਕਸ਼ਨ ਵਾਚ ਨੇ ਇਹ ਰਿਪੋਰਟ ਨਾਮਜ਼ਦਗੀ ਪੱਤਰਾਂ ਦੇ ਨਾਲ ਦਿੱਤੇ ਹਲਫਨਾਮੇ ਦੇ ਆਧਾਰ 'ਤੇ ਤਿਆਰ ਕੀਤੀ ਹੈ। ਜਲੰਧਰ 'ਚ ਪ੍ਰੈੱਸ ਕਾਨਫਰੰਸ ਕਰਨ ਤੋਂ ਬਾਅਦ ਏਡੀਆਰ ਅਧਿਕਾਰੀਆਂ ਜਸਕੀਰਤ ਸਿੰਘ, ਹਰਵਿੰਦਰ ਸਿੰਘ ਅਤੇ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਇਕ ਵਿਧਾਇਕ 'ਤੇ ਕਤਲ, 2 'ਤੇ ਹੱਤਿਆ ਦੀ ਕੋਸ਼ਿਸ਼ ਅਤੇ 3 'ਤੇ ਔਰਤਾਂ ਖਿਲਾਫ ਅਪਰਾਧ ਦਾ ਮਾਮਲਾ ਦਰਜ ਕੀਤਾ ਗਿਆ ਹੈ।



ਅਜਨਾਲਾ ਤੋਂ ਵਿਧਾਇਕ ਕੁਲਦੀਪ ਧਾਲੀਵਾਲ ਕਤਲ ਕੇਸ ਦਾ ਸਾਹਮਣਾ ਕਰ ਰਹੇ ਹਨ।ਜਲੰਧਰ ਪੱਛਮੀ ਤੋਂ 'ਆਪ' ਵਿਧਾਇਕ ਸ਼ੀਤਲ ਅੰਗੁਰਾਲ 'ਤੇ ਸਭ ਤੋਂ ਵੱਧ ਨੌਂ ਅਤੇ ਖਡੂਰ ਸਾਹਿਬ ਤੋਂ ਮਨਜਿੰਦਰ ਸਿੰਘ ਖਿਲਾਫ ਪੰਜ ਕੇਸ ਦਰਜ ਹਨ। ਇਨ੍ਹਾਂ ਪੰਜਾਂ ਵਿੱਚੋਂ ਦੋ ਔਰਤਾਂ ਵਿਰੁੱਧ ਅੱਤਿਆਚਾਰ ਨਾਲ ਸਬੰਧਤ ਹਨ। ਪ੍ਰਕਾਸ਼ ਸਿੰਘ ਬਾਦਲ ਨੂੰ ਹਰਾਉਣ ਵਾਲੇ ਗੁਰਮੀਤ ਖੁੱਡੀਆਂ 'ਤੇ ਅਸਲਾ ਐਕਟ ਅਤੇ ਕਾਂਗਰਸ ਦੇ ਸੁਖਪਾਲ ਖਹਿਰਾ 'ਤੇ ਮਨੀ ਲਾਂਡਰਿੰਗ ਦਾ ਮਾਮਲਾ ਦਰਜ ਹੈ।ਲੁਧਿਆਣਾ ਪੱਛਮੀ ਤੋਂ ਜਿੱਤੇ ਦਲਜੀਤ ਗਰੇਵਾਲ ਖਿਲਾਫ ਕਤਲ ਦੀ ਕੋਸ਼ਿਸ਼ ਅਤੇ ਔਰਤ 'ਤੇ ਅੱਤਿਆਚਾਰ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ।

ਆਮਦਨ: 'ਆਪ' ਦੇ 63 ਵਿਧਾਇਕ ਕਰੋੜਪਤੀ, ਮੋਹਾਲੀ ਦੇ ਕੁਲਵੰਤ ਸਿੰਘ ਸਭ ਤੋਂ ਅਮੀਰ
39 ਵਿਧਾਇਕ ਜਿਨ੍ਹਾਂ ਦੀ ਜਾਇਦਾਦ ਪੰਜ ਕਰੋੜ ਤੋਂ ਵੱਧ ਹੈ
05 ਅਜਿਹੇ ਜਿਨ੍ਹਾਂ ਕੋਲ ਦਸ ਲੱਖ ਰੁਪਏ ਵੀ ਨਹੀਂ ਹਨ

ਪੰਜ ਸਭ ਤੋਂ ਅਮੀਰ ਵਿਧਾਇਕ
ਮੋਹਾਲੀ: ਆਪ: ਕੁਲਵੰਤ ਸਿੰਘ: 238 ਕਰੋੜ
ਕਪੂਰਥਲਾ: ਕਾਂਗਰਸ: ਰਾਣਾ ਗੁਰਜੀਤ ਸਿੰਘ: 125 ਕਰੋੜ
ਸੁਨਾਮ: ਆਪ: ਅਮਨ ਅਰੋੜਾ: 95 ਕਰੋੜ
ਸੁਲਤਾਨਪੁਰ ਲੋਧੀ: ਆਜ਼ਾਦ: ਰਾਣਾ ਇੰਦਰ ਪ੍ਰਤਾਪ: 69 ਕਰੋੜ
ਕਪੂਰਥਲਾ: ਕਾਂਗਰਸ: ਸੁਖਪਾਲ ਖਹਿਰਾ: 50 ਕਰੋੜ

'ਆਪ' ਦੇ ਪੰਜ ਵਿਧਾਇਕ ਜਿਨ੍ਹਾਂ ਦੀ ਜਾਇਦਾਦ ਸਭ ਤੋਂ ਘੱਟ ਹੈ
ਫਾਜ਼ਿਲਕਾ: ਨਰਿੰਦਰ ਸਿੰਘ ਸਵਨਾ: 18 ਹਜ਼ਾਰ
ਸੰਗਰੂਰ: ਨਰਿੰਦਰ ਕੌਰ ਭਾਰਜ: 24 ਹਜ਼ਾਰ
ਭਦੌੜ: ਲਾਭ ਸਿੰਘ ਉਗੋਕੇ: 3-65 ਲੱਖ
ਭੋਆ: ਲਾਲ ਚੰਦ: 6-19 ਲੱਖ
ਨਿਹਾਲ ਸਿੰਘ ਵਾਲਾ: ਮਨਜੀਤ ਬਿਲਾਸਪੁਰ: 6-57 ਲੱਖ

ਸਭ ਤੋਂ ਛੋਟੀ ਉਮਰ
ਇਸ ਵਾਰ ਵਿਧਾਨ ਸਭਾ ਵਿਚ ਦਾਖਲ ਹੋਏ ਅੱਧੇ ਤੋਂ ਵੱਧ ਵਿਧਾਇਕਾਂ ਦੀ ਉਮਰ 50 ਸਾਲ ਤੋਂ ਘੱਟ ਹੈ। ਸਿਰਫ਼ ਦੋ ਹੀ ਵਿਧਾਇਕ ਹਨ ਜਿਨ੍ਹਾਂ ਦੀ ਉਮਰ 70 ਸਾਲ ਤੋਂ ਉੱਪਰ ਹੈ। 24 ਵਿਧਾਇਕਾਂ ਦੀ ਉਮਰ 40 ਸਾਲ ਤੋਂ ਘੱਟ ਹੈ।

ਇਸ ਵਾਰ ਕੋਈ ਅਨਪੜ੍ਹ ਐਮਐਲਏ ਨਹੀਂ
ਇੱਥੇ 72 ਵਿਧਾਇਕ ਹਨ ਜਿਨ੍ਹਾਂ ਨੇ ਗ੍ਰੈਜੂਏਸ਼ਨ, ਗ੍ਰੈਜੂਏਟ ਪ੍ਰੋਫੈਸ਼ਨਲ, ਪੋਸਟ ਗ੍ਰੈਜੂਏਟ ਅਤੇ ਡਾਕਟਰੇਟ ਜਾਂ ਡਿਪਲੋਮਾ ਕੀਤਾ ਹੈ। ਇਸ ਵਾਰ ਕੋਈ ਵੀ ਵਿਧਾਇਕ ਅਨਪੜ੍ਹ ਨਹੀਂ ਹੈ। ਪੰਜਵੀਂ ਪਾਸ ਵੀ ਇੱਕ ਹੀ ਹੈ।

ਪੰਜਵੀਂ ਪਾਸ: 1
ਤੀਜੀ ਪਾਸ: 3
10ਵੀਂ ਪਾਸ: 17
12ਵੀਂ ਪਾਸ :24
ਗ੍ਰੈਜੂਏਸ਼ਨ: 21
ਗ੍ਰੈਜੂਏਟ ਪ੍ਰੋਫੈਸ਼ਨਲ: 23
ਪੋਸਟ ਗ੍ਰੈਜੂਏਟ: 21
ਡਾਕਟਰੇਟ: 2
ਡਿਪਲੋਮਾ: 5

# ਮੋਦੀ ਨੇ ਭਗਵੰਤ ਮਾਨ ਨੂੰ ਦਿੱਤੀ ਵਧਾਈ



**ਨਵੀਂ ਦਿੱਲੀ–** ਭਗਵੰਤ ਮਾਨ ਨੇ ਪੰਜਾਬ ਦੇ ਨਵੇਂ ਮੁੱਖ ਮੰਤਰੀ ਵਜੋਂ ਸਹੁੰ ਚੁੱਕੀ ਹੈ। ਵੱਖ-ਵੱਖ ਸਿਆਸੀ ਪਾਰਟੀਆਂ ਨੇ ਭਗਵੰਤ ਮਾਨ ਨੂੰ ਵਧਾਈ ਦਿੱਤੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਭਗਵੰਤ ਮਾਨ ਨੂੰ ਮੁੱਖ ਮੰਤਰੀ ਅਹੁਦੇ ਦੀ ਸਹੁੰ ਚੁੱਕਣ 'ਤੇ ਵਧਾਈ ਦਿੱਤੀ ਹੈ। ਨੇ ਕਿਹਾ ਕਿ ਅਸੀਂ ਮਿਲ ਕੇ ਪੰਜਾਬ ਦੇ ਵਿਕਾਸ ਲਈ ਕੰਮ ਕਰਾਂਗੇ।

ਸਹੁੰ ਚੁੱਕ ਸਮਾਗਮ ਵਿੱਚ ਆਮ ਆਦਮੀ ਪਾਰਟੀ ਦੇ ਮੁਖੀ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਮੌਜੂਦ ਸਨ। ਆਪਣੇ ਟਵਿੱਟਰ 'ਤੇ ਉਨ੍ਹਾਂ ਲਿਖਿਆ ਕਿ ਭਗਵੰਤ ਮਾਨ ਨੂੰ ਪੰਜਾਬ ਦਾ ਮੁੱਖ ਮੰਤਰੀ ਬਣਨ 'ਤੇ ਬਹੁਤ-ਬਹੁਤ ਵਧਾਈਆਂ ਅਤੇ ਸ਼ੁੱਭਕਾਮਨਾਵਾਂ। ਕੇਜਰੀਵਾਲ ਨੇ ਲਿਖਿਆ ਕਿ ਉਨ੍ਹਾਂ ਨੂੰ ਭਰੋਸਾ ਹੈ ਕਿ ਮਾਨ ਦੀ ਅਗਵਾਈ 'ਚ ਪੰਜਾਬ ਖੁਸ਼ਹਾਲੀ ਵੱਲ ਪਰਤੇਗਾ। ਬਹੁਤ ਤਰੱਕੀ ਹੋਵੇਗੀ। ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਕੀਤਾ ਜਾਵੇਗਾ।

ਉੱਤਰ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਅਤੇ ਸਮਾਜਵਾਦੀ ਪਾਰਟੀ ਦੇ ਮੁਖੀ ਅਖਿਲੇਸ਼ ਯਾਦਵ ਨੇ ਟਵੀਟ ਕਰਕੇ ਲਿਖਿਆ ਕਿ ਰੱਬ ਤੁਹਾਡੇ ਨਾਲ ਹੈ। ਪੰਜਾਬ ਦੇ ਨਵੇਂ ਚੁਣੇ ਗਏ ਮੁੱਖ ਮੰਤਰੀ ਭਗਵੰਤ ਮਾਨ ਜੀ ਨੂੰ ਸਹੁੰ ਚੁੱਕ ਸਮਾਗਮ ਲਈ ਬੇਅੰਤ ਵਧਾਈਆਂ ਅਤੇ ਸ਼ੁਭਕਾਮਨਾਵਾਂ। ਆਸ ਹੈ ਕਿ ਉਨ੍ਹਾਂ ਦੀ ਯੋਗ ਅਗਵਾਈ ਵਿੱਚ ਪੰਜਾਬ ਵਿੱਚ ਤਰੱਕੀ, ਭਾਈਚਾਰਕ ਸਾਂਝ ਅਤੇ ਨਵੇਂ ਨਜ਼ਰੀਏ ਦੀਆਂ ਫ਼ਸਲਾਂ ਫੁੱਲਣਗੀਆਂ।


SKY TRANSPORT SOLUTIONS
STRIVE FOR MORE
WE PROVIDE ALL TRUCKING RELATED PERMITS AND SERVICES
ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ

SPECIAL BIT INSPECTION AND DOT AUDIT COMPLIANCE:
ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.
NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.
SPECIAL DOT COMPLIANCE
FOR SAFETY, AUDITS AND
RECORD KEEPING.
PLEASE CONTACT US FOR MORE INFORMATION
PHONE: 209-855-6938, FAX: 209-762-6540
Email: skytransportsolution@gmail.com
Give us a chance to provide you best services
121 E 11th St. Tracy, CA 95376

# ਪੰਜ ਸੂਬਿਆਂ 'ਚ ਸ਼ਰਮਨਾਕ ਹਾਰ ਪਿੱਛੋਂ ਕਾਂਗਰਸ ਹਾਈਕਮਾਂਡ ਖ਼ਿਲਾਫ਼ ਉੱਠਣ ਲੱਗੀ ਆਵਾਜ਼

ਚੰਡੀਗੜ੍ਹ – ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਦੀ ਨਮੋਸ਼ੀ ਭਰੀ ਹਾਰ ਤੋਂ ਬਾਅਦ ਪਾਰਟੀ ਅੰਦਰੋਂ ਹਾਈਕਮਾਂਡ ਖ਼ਿਲਾਫ਼ ਆਵਾਜ਼ਾਂ ਉੱਠਣ ਲੱਗ ਪਈਆਂ ਹਨ। ਪਾਰਟੀ ਦੇ ਸੀਨੀਅਰ ਆਗੂ ਅਤੇ ਸਾਬਕਾ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਦੇਰੀ ਨਾਲ ਫੈਸਲੇ ਲੈਣ ਲਈ ਸਿਖ਼ਰਲੀ ਲੀਡਰਸ਼ਿਪ 'ਤੇ ਨਿਸ਼ਾਨਾ ਸਾਧਿਆ ਹੈ। ਇਕ ਟੀਵੀ ਚੈਨਲ ਨਾਲ ਗੱਲਬਾਤ ਦੌਰਾਨ ਉਨ੍ਹਾਂ ਕਿਹਾ ਕਿ ਪਾਰਟੀ ਹਾਈਕਮਾਂਡ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੋਂ ਸਬਕ ਲੈਣਾ ਚਾਹੀਦਾ ਹੈ। ਇਹ ਦੇਖਿਆ ਜਾਣਾ ਚਾਹੀਦਾ ਹੈ ਕਿ ਉਨ੍ਹਾਂ ਦੀ ਤਾਕਤ ਕੀ ਹੈ। ਉੱਤਰ ਪ੍ਰਦੇਸ਼ ਦੇ ਨਤੀਜੇ ਆਏ ਅਤੇ ਅਗਲੇ ਹੀ ਦਿਨ ਮੋਦੀ ਗੁਜਰਾਤ ਵਿੱਚ ਪੱਕੇ ਪੈਰੀਂ ਖੜ੍ਹੇ ਹੋ ਗਏ। ਸਰਪੰਚਾਂ ਨਾਲ ਗੱਲਬਾਤ ਕੀਤੀ। ਅਸੀਂ ਇਹ ਕਿਉਂ ਨਹੀਂ ਕਰ ਸਕਦੇ? ਜਾਖੜ ਨੇ ਕਿਹਾ ਕਿ 80 ਫੀਸਦੀ ਪੰਚਾਇਤਾਂ ਸਾਡੇ ਨਾਲ ਹਨ। ਸਾਡੇ ਕੋਲ ਨਗਰ ਕੌਂਸਲਾਂ ਹਨ। ਕਾਂਗਰਸ ਨੂੰ ਖੁੱਲ੍ਹ ਕੇ ਲੜਨ ਨਾਲ ਕੀ ਦਿੱਕਤ ਹੈ। ਸੰਗਰੂਰ ਲੋਕ ਸਭਾ ਸੀਟ ਦੀ ਉਪ ਚੋਣ ਦੀਆਂ ਤਿਆਰੀਆਂ ਅੱਜ ਤੋਂ ਹੀ ਸ਼ੁਰੂ ਕਰ ਦੇਣੀਆਂ ਚਾਹੀਦੀਆਂ ਹਨ। ਫਤਵਾ ਸਾਡੇ ਸਾਹਮਣੇ ਹੈ। ਜੋ ਹੋਇਆ ਹੈ ਉਸਨੂੰ ਭੁੱਲ ਜਾਓ, ਲੋਕਾਂ ਵਿੱਚ ਜਾਓ ਅਤੇ ਅੱਗੇ ਤੋਂ ਧਿਆਨ ਰੱਖੋ।ਸੂਬਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਬਾਰੇ ਉਨ੍ਹਾਂ ਕਿਹਾ ਕਿ ਉਨ੍ਹਾਂ ਬਾਰੇ ਜੋ ਵੀ ਫੈਸਲਾ ਲੈਣਾ ਹੈ, ਉਹ




ਹਾਈਕਮਾਂਡ ਨੇ ਹੀ ਲੈਣਾ ਹੈ। ਇਨ੍ਹਾਂ ਨੂੰ ਰੱਖਣ ਜਾਂ ਨਾ ਰੱਖਣ ਬਾਰੇ ਜਲਦੀ ਫੈਸਲਾ ਲਿਆ ਜਾਣਾ ਚਾਹੀਦਾ ਹੈ। ਦੇਰੀ ਨਾਲ ਫੈਸਲੇ ਲੈਣ ਕਾਰਨ ਪਹਿਲਾਂ ਹੀ ਕਾਫੀ ਨੁਕਸਾਨ ਹੋ ਚੁੱਕਾ ਹੈ। ਪਾਰਟੀ ਪ੍ਰਧਾਨ ਅਤੇ ਵਿਰੋਧੀ ਧਿਰ ਦੇ ਨੇਤਾ ਬਾਰੇ ਫੈਸਲਾ ਜਲਦੀ ਲਿਆ ਜਾਵੇ। ਉਨ੍ਹਾਂ ਹਾਈਕਮਾਂਡ ਨੂੰ ਸਲਾਹ ਦਿੱਤੀ ਕਿ ਇਸ ਸਮੇਂ ਇੱਕ ਦੂਜੇ 'ਤੇ ਦੋਸ਼ ਲਾਉਣ ਦੀ ਬਜਾਏ ਵਰਕਰਾਂ ਦੀ ਬਾਂਹ ਫੜਨ ਦੀ ਲੋੜ ਹੈ। ਕਾਂਗਰਸ ਨੂੰ ਅੱਜ ਹੀ ਆਪਣੀ ਰਣਨੀਤੀ ਬਣਾ ਕੇ ਸੰਗਰੂਰ 'ਚ ਡਟਣਾ ਚਾਹੀਦਾ ਹੈ।ਦੱਸ ਦੇਈਏ ਕਿ ਭਗਵੰਤ ਮਾਨ ਦੇ ਮੁੱਖ ਮੰਤਰੀ ਬਣਨ ਤੋਂ ਬਾਅਦ ਸੰਗਰੂਰ ਲੋਕ ਸਭਾ ਸੀਟ ਖਾਲੀ ਹੋ ਜਾਵੇਗੀ। ਇਸ 'ਤੇ ਉਪ ਚੋਣ ਹੋਵੇਗੀ। ਭਗਵੰਤ ਮਾਨ ਇਸ ਸਮੇਂ ਸੰਗਰੂਰ ਲੋਕ ਸਭਾ ਸੀਟ ਤੋਂ ਸੰਸਦ ਮੈਂਬਰ ਹਨ।ਸੁਨੀਲ ਜਾਖੜ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਭਾਰੀ ਸਮਰਥਨ ਦੇ ਕੇ ਆਮ ਆਦਮੀ ਪਾਰਟੀ ਨੂੰ ਸਰਕਾਰ ਬਣਾਉਣ ਦਾ ਮੌਕਾ ਦਿੱਤਾ ਹੈ। ਪਰ, ਇਹ ਦੇਖਣਾ ਬਾਕੀ ਹੈ ਕਿ ਉਹ ਆਪਣੇ ਵਾਅਦਿਆਂ 'ਤੇ ਕਿੰਨਾ ਖਰਾ ਉਤਰਦੀ ਹੈ। ਅਜਿਹੇ 'ਚ ਲੋਕ ਵਿਰੋਧੀ ਪਾਰਟੀ ਵੱਲ ਦੇਖਣਗੇ। ਸੁਨੀਲ ਜਾਖੜ ਨੇ ਕਿਹਾ ਕਿ ਜੇਕਰ ਕਾਂਗਰਸ ਅਜਿਹੀ ਸਥਿਤੀ 'ਚ ਖੁੱਲ੍ਹੀ ਥਾਂ ਛੱਡਦੀ ਹੈ, ਭਾਵ ਮਜ਼ਬੂਤ ਵਿਰੋਧੀ ਧਿਰ ਦੀ ਭੂਮਿਕਾ ਨਹੀਂ ਨਿਭਾਉਂਦੀ ਤਾਂ ਲੋਕ ਕਿਸੇ ਹੋਰ ਪਾਰਟੀ 'ਚ ਚਲੇ ਜਾਣਗੇ। ਕੈਪਟਨ ਨੂੰ ਹਟਾਉਣਾ ਸੀ ਤਾਂ ਸਾਲ ਪਹਿਲਾਂ ਹੀ ਹਟਾ ਦੇਣਾ ਸੀ ਹਾਈਕਮਾਂਡ ਵੱਲੋਂ ਕੈਪਟਨ ਅਮਰਿੰਦਰ ਨੂੰ ਮੁੱਖ ਮੰਤਰੀ ਦੀ ਕੁਰਸੀ ਤੋਂ ਹਟਾਉਣ ਦੇ ਫੈਸਲੇ 'ਤੇ ਜਾਖੜ ਨੇ ਕਿਹਾ ਕਿ ਅਜਿਹਾ ਫੈਸਲਾ ਚੋਣਾਂ ਤੋਂ ਠੀਕ ਪਹਿਲਾਂ ਲਿਆ ਗਿਆ ਹੈ। ਜੇਕਰ ਉਸ ਨੂੰ ਹਟਾਉਣਾ ਹੁੰਦਾ ਤਾਂ ਇਕ ਸਾਲ ਪਹਿਲਾਂ ਹੀ ਹਟਾ ਦਿੱਤਾ ਜਾਂਦਾ, ਤਾਂ ਜੋ ਕੁਝ ਕੰਮ ਵੇਖਿਆ ਜਾ ਸਕਦਾ।

# ਹੁਣ ਪੰਜਾਬ ਵਿਚ ਹੋਵੇਗੀ ਰਾਜ ਸਭਾ ਮੈਂਬਰਾਂ ਦੀ ਚੋਣ

ਚੰਡੀਗੜ੍ਹ – ਪੰਜਾਬ ਰਾਜ ਤੋਂ ਚੁਣੇ ਗਏ ਰਾਜ ਸਭਾ ਦੇ ਪੰਜ ਮੈਂਬਰਾਂ ਦੇ ਅਹੁਦੇ ਦੀ ਮਿਆਦ ਅਪ੍ਰੈਲ 2022 ਨੂੰ ਖ਼ਤਮ ਹੋਣ ਵਾਲੀ ਹੈ, ਇਸ ਲਈ ਚੋਣ ਕਮਿਸ਼ਨ ਭਾਰਤ (ਈਸੀਆਈ) ਵੱਲੋਂ ਪੰਜਾਬ ਰਾਜ ਤੋਂ ਰਾਜ ਸਭਾ ਦੀਆਂ ਦੋ-ਸਾਲਾ ਚੋਣਾਂ ਲਈ ਕਾਰਜਕ੍ਰਮ ਦਾ ਐਲਾਨ ਕੀਤਾ ਗਿਆ ਹੈ। ਪੰਜਾਬ ਰਾਜ ਤੋਂ ਚੁਣੇ ਗਏ ਸੁਖਦੇਵ ਸਿੰਘ, ਪ੍ਰਤਾਪ ਸਿੰਘ ਬਾਜਵਾ, ਸ਼ਵੇਤ ਮਲਿਕ, ਨਰੇਸ਼ ਗੁਜਰਾਲ ਅਤੇ ਸ਼ਮਸ਼ੇਰ ਸਿੰਘ ਦੂਲੋ ਸਮੇਤ ਰਾਜ ਸਭਾ ਮੈਂਬਰਾਂ ਦੇ ਅਹੁਦੇ ਦੀ ਮਿਆਦ 9 ਅਪ੍ਰੈਲ, 2022 ਨੂੰ ਸੇਵਾਮੁਕਤ ਉਪਰੰਤ ਖ਼ਤਮ ਹੋਣੀ ਹੈ।

ਪੰਜਾਬ ਦੇ ਮੁੱਖ ਚੋਣ ਅਧਿਕਾਰੀ ਡਾ। ਐਸ। ਕਰੁਣਾ ਰਾਜੂ ਨੇ ਅੱਜ ਦੱਸਿਆ ਕਿ ਸ਼ਡਿਊਲ ਅਨੁਸਾਰ ਨੋਟੀਫਿਕੇਸ਼ਨ ਜਾਰੀ ਹੋਣ ਦੇ ਨਾਲ ਹੀ ਮਿਤੀ 14 ਮਾਰਚ, 2022 ਹੈ ਅਤੇ ਨਾਮਜ਼ਦਗੀਆਂ ਪੱਤਰ ਭਰਨ ਦੀ ਪ੍ਰੀਕਿਰਿਆ ਆਰੰਭ ਹੋ ਜਾਵੇਗੀ ਜਦਕਿ ਨਾਮਜ਼ਦਗੀਆਂ ਪੱਤਰ ਭਰਨ ਦੀ ਆਖਰੀ ਮਿਤੀ 21 ਮਾਰਚ, 2022 ਹੈ। ਨਾਮਜ਼ਦਗੀਆਂ ਪੱਤਰਾਂ ਦੀ ਪੜਤਾਲ 22 ਮਾਰਚ, 2022 ਮਾਰਚ ਨੂੰ ਕੀਤੀ ਜਾਵੇਗੀ। ਨਾਮਜ਼ਦਗੀ ਪੱਤਰ ਵਾਪਸ ਲੈਣ ਦੀ ਆਖਰੀ ਮਿਤੀ 24 ਮਾਰਚ 2022 ਨਿਰਧਾਰਿਤ ਕੀਤੀ ਗਈ ਹੈ। ਵੋਟਾਂ ਪੈਣ ਦਾ ਕਾਰਜ ਮਿਤੀ 31 ਮਾਰਚ 2022 ਨੂੰ ਸਵੇਰੇ 9 ਵਜੇ ਤੋਂ ਸ਼ਾਮ 4 ਵਜੇ ਤੱਕ ਹੋਵੇਗਾ, ਜਦਕਿ ਗਿਣਤੀ ਵੀ ਉਸੇ ਦਿਨ ਸ਼ਾਮ 5 ਵਜੇ




ਹੋਵੇਗੀ। ਉਨ੍ਹਾਂ ਅੱਗੇ ਕਿਹਾ ਕਿ ਚੋਣਾਂ ਦਾ ਕਾਰਜ 2 ਅਪ੍ਰੈਲ 2022 ਤੋਂ ਪਹਿਲਾਂ ਮੁਕੰਮਲ ਕੀਤਾ ਜਾਵੇਗਾ।

ਡਾ। ਰਾਜੂ ਨੇ ਅੱਗੇ ਦੱਸਿਆ ਕਿ ਨਾਮਜ਼ਦਗੀ ਪੱਤਰ ਸਕੱਤਰ, ਪੰਜਾਬ ਵਿਧਾਨ ਸਭਾ, ਚੰਡੀਗੜ੍ਹ, ਜੋ ਕਿ ਰਾਜ ਸਭਾ ਚੋਣਾਂ ਲਈ ਰਿ-ਟਰਨਿੰਗ ਅਫ਼ਸਰ ਹਨ, ਕੋਲ 14।03।2022 ਤੋਂ 21।03।2022 ਤੱਕ (ਜਨਤਕ ਛੁੱਟੀ ਤੋਂ ਇਲਾਵਾ) ਕਿਸੇ ਵੀ ਦਿਨ ਦੁਪਹਿਰ 11 ਵਜੇ ਤੋਂ ਬਾਅਦ ਦੁਪਹਿਰ 3 ਵਜੇ ਦੇ ਵਿਚਕਾਰ ਦਾਖਲ ਕੀਤੇ ਜਾ ਸਕਦੇ ਹਨ। 18 ਮਾਰਚ, 2022 ਨੂੰ ਹੋਲੀ ਦਾ ਤਿਉਹਾਰ ਅਤੇ 20 ਮਾਰਚ, 2022 ਨੂੰ ਐਤਵਾਰ ਹੋਣ ਕਰਕੇ ਨੈਗੋਸ਼ੀਏਬਲ ਇੰ-ਸਟਰੂਮੈਂਟਸ ਐਕਟ, 1881 ਦੇ ਤਹਿਤ ਛੁੱਟੀ ਹੋਵੇਗੀ। ਇਸ ਲਈ ਉਸ ਦਿਨ ਨਾਮਜ਼ਦਗੀ ਪੱਤਰ ਰਿਟਰਨਿੰਗ ਅਫਸਰ ਨੂੰ ਪੇਸ਼ ਨਹੀਂ ਕੀਤੇ ਜਾ ਸਕਦੇ ਹਨ। ਹਾਲਾਂਕਿ 19 ਮਾਰਚ, 2022 ਨੂੰ ਸ਼ਨੀਵਾਰ ਦੇ ਦਿਨ ਛੁੱਟੀ ਨਹੀਂ ਹੈ ਅਤੇ ਨਾਮਜ਼ਦਗੀ ਪੱਤਰ ਰਿਟਰਨਿੰਗ ਅਫਸਰ ਨੂੰ ਪੇਸ਼ ਕੀਤੇ ਜਾ ਸਕਦੇ ਹਨ।

ਉਨ੍ਹਾਂ ਕਿਹਾ ਕਿ ਨਾਮਜ਼ਦਗੀ ਪੱਤਰ ਫਾਰਮ 2ਸੀ ਵਿੱਚ ਦਾਖਲ ਕੀਤੇ ਜਾਣੇ ਹਨ, ਉਨ੍ਹਾਂ ਕਿਹਾ ਕਿ ਖਾਲੀ ਫਾਰਮ ਸਕੱਤਰ, ਪੰਜਾਬ ਵਿਧਾਨ ਸਭਾ ਕੋਲ ਉਪਲਬਧ ਹਨ। ਉਨ੍ਹਾਂ ਕਿਹਾ ਕਿ ਟਾਈਪ ਕੀਤੇ ਨਾਮਜ਼ਦਗੀ ਪੱਤਰ ਵੀ ਸਵੀਕਾਰ ਕੀਤੇ ਜਾਣਗੇ ਬਸ਼ਰਤੇ ਕਿ ਫਾਰਮ ਨਿਰਧਾਰਿਤ ਫਾਰਮੈਟ ਵਿੱਚ ਹੋਣ। ਰਾਜ ਸਭਾ ਦੇ ਮੈਂਬਰਾਂ ਲਈ ਯੋਗਤਾ ਪ੍ਰਾਪਤ ਕਰਨ ਲਈ, ਉਮੀਦਵਾਰ ਨੂੰ ਭਾਰਤ ਵਿੱਚ ਕਿਸੇ ਵੀ ਸੰਸਦੀ ਹਲਕੇ ਵਿੱਚ ਇੱਕ ਵੋਟਰ ਵਜੋਂ ਰਜਿਸਟਰ ਹੋਣਾ ਚਾਹੀਦਾ ਹੈ। ਇਸ ਨੁਕਤੇ 'ਤੇ ਸਬੰਧਤ ਰਿਟਰਨਿੰਗ ਅਫ਼ਸਰ ਨੂੰ ਸੰਤੁਸ਼ਟ ਕਰਨ ਲਈ, ਉਮੀਦਵਾਰਾਂ ਨੂੰ ਆਪਣੇ ਵੋਟਰ ਹੋਣ ਦੇ ਸਬੂਤ ਵਜੋਂ ਵੋਟਰ ਸੂਚੀ ਵਿਚ ਐਂਟਰੀ ਦੀ ਇੱਕ ਪ੍ਰਮਾਣਿਤ ਕਾਪੀ ਪੇਸ਼ ਕਰਨੀ ਹੋਵੇਗੀ। ਉਮੀਦਵਾਰ ਨੂੰ ਸਬੰਧਤ ਰਿਟਰਨਿੰਗ ਅਫਸਰ ਜਾਂ ਭਾਰਤ ਦੇ ਚੋਣ ਕਮਿਸ਼ਨ ਦੁਆਰਾ ਅਧਿਕਾਰਤ ਕਿਸੇ ਹੋਰ ਵਿਅਕਤੀ ਦੇ ਸਾਹਮਣੇ ਨਿਰਧਾਰਤ ਫਾਰਮ ਵਿੱਚ ਸਹੁੰ ਜਾਂ ਪੁਸ਼ਟੀ ਕਰਨਾ ਜ਼ਰੂਰੀ ਹੋਵੇਗਾ। ਉਮੀਦਵਾਰ ਵੱਲੋਂ ਨਾਮਜ਼ਦਗੀ ਪੱਤਰ ਦਾਖਲ ਕੀਤੇ ਜਾਣ ਤੋਂ ਬਾਅਦ ਅਤੇ ਨਾਮਜ਼ਦਗੀਆਂ ਦੀ ਪੜਤਾਲ ਲਈ ਨਿਰਧਾਰਿਤ ਮਿਤੀ ਤੋਂ ਪਹਿਲਾਂ ਸਹੁੰ/ਪੁਸ਼ਟੀ ਕੀਤੀ ਜਾਵੇਗੀ।

# ਸਿੱਧੂ ਸਣੇ 5 ਰਾਜਾਂ ਦੇ ਪਾਰਟੀ ਪ੍ਰਧਾਨਾਂ ਦੀ ਹੋਈ ਛੁੱਟੀ

ਨਵੀਂ ਦਿੱਲੀ – 15 ਮਾਰਚ ਪੰਜ ਸੂਬਿਆਂ ਵਿਚ ਵੱਡੀ ਹਾਰ ਦਰਮਿਆਨ ਕਾਂਗਰਸ ਵਿਚ ਵੱਡੇ ਫੇਰਬਦਲ ਦੀਆਂ ਚਰਚਾਵਾਂ ਦੁਆਲੇ ਵੱਡੀ ਖਬਰ ਸਾਹਮਣੇ ਆਈ ਹੈ। ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੇ ਉੱਤਰ ਪ੍ਰਦੇਸ਼, ਉਤਰਾਖੰਡ, ਪੰਜਾਬ, ਗੋਆ ਤੇ ਮਨੀਪੁਰ ਦੇ ਪਾਰਟੀ ਪ੍ਰਧਾਨਾਂ ਤੋਂ ਅਸਤੀਫੇ ਦੀ ਮੰਗ ਕੀਤੀ ਲਈ ਜ਼ਰੂਰੀ ਬਦਲਾਅ ਕਰਨ ਤੇ ਸੁਧਾਰਾਤਮਕ ਕਦਮ ਚੁੱਕਣੇ। ਸੋਨੀਆ ਗਾਂਧੀ ਦੀ ਅਗਵਾਈ ਵਿਚ ਲਗਭਗ ਸਾਢੇ ਚਾਰ ਘੰਟੇ ਤੱਕ ਹੋਈ ਬੈਠਕ ਵਿਚ ਇਹ ਫੈਸਲਾ ਵੀ ਲਿਆ ਗਿਆ ਸੀ ਕਿ ਸੰਸਦ ਦਾ ਬਜਟ ਸੈਸ਼ਨ ਸੰਪੰਨ ਹੋਣ ਦੇ ਤਤਕਾਲ ਬਾਅਦ ਇੱਕ 'ਚਿੰਤਨ ਕੈਂਪ' ਦਾ ਆਯੋਜਨ ਕੀਤਾ ਜਾਵੇਗਾ ਜਿਸ ਵਿਚ ਅਗਲੀ



ਹੈ। ਰਣਦੀਪ ਸੂਰਜੇਵਾਲਾ ਨੇ ਟਵੀਟ ਜਾਰੀ ਕਰਦੇ ਹੋਏ ਇਸ ਸਬੰਧੀ ਜਾਣਕਾਰੀ ਦਿੱਤੀ ਹੈ। ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੇ ਐਤਵਾਰ ਨੂੰ ਕਾਂਗਰਸ ਵਰਕਿੰਗ ਕਮੇਟੀ ਦੀ ਬੈਠਕ ਵਿਚ ਕਿਹਾ ਸੀ ਕਿ ਅਸੀਂ ਪਾਰਟੀ ਦੇ ਹਿੱਤ ਵਿਚ ਕਿਸੇ ਵੀ ਤਿਆਗ ਲਈ ਤਿਆਰ ਹਾਂ।ਇਸ ਤੋਂ ਬਾਅਦ ਸੀ।ਡਬਲਯੂ। ਸੀ। ਵਿਚ ਸ਼ਾਮਲ ਨੇਤਾਵਾਂ ਨੇ ਉਨ੍ਹਾਂ ਦੀ ਅਗਵਾਈ ਵਿਚ ਭਰੋਸਾ ਜਤਾਉਂਦੇ ਹੋਏ ਉਨ੍ਹਾਂ ਨੂੰ ਅਪੀਲ ਕੀਤੀ ਸੀ ਕਿ ਸੰਗਠਨਾਤਮਕ ਚੋਣਾਂ ਸੰਪੰਨ ਹੋਣ ਤੱਕ ਉਹ ਅਹੁਦੇ 'ਤੇ ਬਣੇ ਰਹਿਣ। ਸੀ।ਡਬਲਯੂ।ਸੀ। ਵਿਚ ਸ਼ਾਮਲ ਨੇਤਾਵਾਂ ਨੇ ਸੋਨੀਆ ਗਾਂਧੀ ਨੂੰ ਇਹ ਵੀ ਕਿਹਾ ਸੀ ਕਿ ਉਹ ਕਾਂਗਰਸ ਨੂੰ ਮਜ਼ਬੂਤ ਬਣਾਉਣ ਰਣਨੀਤੀ ਬਣਾਈ ਜਾਵੇਗੀ। ਸੀਡਬਲਯੂਸੀ ਦੀ ਬੈਠਕ ਤੋਂ ਬਾਅਦ ਜਾਰੀ ਬਿਆਨ ਵਿਚ ਕਿਹਾ ਗਿਆ ਕਿ ਪੰਜ ਸੂਬਿਆਂ ਦੀਆਂ ਵਿਧਾਨ ਸਭਾ ਚੋਣਾਂ ਦੇ ਨਤੀਜੇ ਭਾਰਤੀ ਰਾਸ਼ਟਰੀ ਕਾਂਗਰਸ ਲਈ ਗੰਭੀਰ ਚਿੰਤਾ ਦਾ ਵਿਸ਼ਾ ਹੈ। ਪਾਰਟੀ ਦਾ ਇਹ ਮੰਨਣਾ ਹੈ ਕਿ ਆਪਣੀ ਰਣਨੀਤੀ ਵਿਚ ਕਮੀਆਂ ਕਾਰਨ ਅਸੀਂ ਜਿਥੇ ਚਾਰ ਸੂਬਿਆਂ ਵਿਚ ਭਾਜਪਾ ਸਰਕਾਰਾਂ ਦੇ ਕੁਸ਼ਾਸਨ ਨੂੰ ਪ੍ਰਭਾਵੀ ਢੰਗ ਨਾਲ ਉਜਾਗਰ ਨਹੀਂ ਕਰ ਸਕੇ ਤੇ ਪੰਜਾਬ ਸੂਬੇ ਵਿਚ ਲੀਡਰਸ਼ਿਪ ਵਿਚ ਬਦਲਾਅ ਤੋਂ ਬਾਅਦ ਮਿਲੇ ਸੀਮਤ ਸਮੇਂ ਵਿਚ ਸੱਤਾ ਵਿਰੋਧੀ ਲਹਿਰ 'ਤੇ ਕਾਬੂ ਨਹੀਂ ਪਾਇਆ ਜਾ ਸਕਿਆ।

# ਅਕਾਲੀ ਦਲ ਦੇ ਲੀਡਰ ਬਣੇ ਰਹਿਣਗੇ ਸੁਖਬੀਰ ਸਿੰਘ ਬਾਦਲ

**ਚੰਡੀਗੜ੍ਹ –** ਸ਼੍ਰੋਮਣੀ ਅਕਾਲੀ ਦਲ ਕੋਰ ਕਮੇਟੀ ਨੇ ਸਰਬਸੰਮਤੀ ਨਾਲ ਮਤਾ ਪਾਸ ਕਰ ਕੇ ਪਾਰਟੀ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਬਾਦਲ ਦੀ ਦ੍ਰਿੜ੍ਹ ਅਤੇ ਦੂਰਅੰਦੇਸ਼ੀ ਸੋਚ ਵਾਲੀ ਲੀਡਰਸ਼ਿਪ 'ਤੇ ਪੂਰਨ ਭਰੋਸਾ ਪ੍ਰਗਟ ਕੀਤਾ। ਕੋਰ ਕਮੇਟੀ ਮੀਟਿੰਗ ਵਿਚ ਪਾਸ ਕੀਤੇ ਗਏ ਮਤੇ ਵਿਚ ਕਿਹਾ ਗਿਆ ਕਿ ਕੋਰ ਕਮੇਟੀ ਨੂੰ ਪਾਰਟੀ ਪ੍ਰਧਾਨ ਦੀ ਦਲੇਰੀ, ਨਿਰਸਵਾਰਥ ਅਤੇ ਅਣਥੱਕ ਤਰੀਕੇ ਨਾਲ ਮਿਹਨਤ ਕਰਨ 'ਤੇ ਮਾਣ ਹੈ ਜਿਸ ਸਦਕਾ ਪਾਰਟੀ ਪ੍ਰਧਾਨ ਨੇ ਪੰਜਾਬ ਵਿਧਾਨ ਸਭਾ ਲਈ ਹਾਲ ਹੀ ਵਿਚ ਖਤਮ ਹੋਈਆਂ ਚੋਣਾਂ ਲਈ ਛੇ ਮਹੀਨੇ ਲੰਬੀ ਮੁਹਿੰਮ ਵਿਚ ਸਹੀ ਅਰਥਾਂ ਵਿਚ ਪੰਥਕ ਰਵਾਇਤਾਂ ਮੁਤਾਬਕ ਪਾਰਟੀ ਦੀ ਅਗਵਾਈ ਕੀਤੀ।

ਮੀਟਿੰਗ ਨੂੰ ਸੰਬੋਧਨ ਕਰਦਿਆਂ ਸਰਦਾਰ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਪਾਰਟੀ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਹਿੱਤਾਂ ਦੀ ਰਾਖੀ ਅਤੇ ਖਾਲਸਾ ਪੰਥ ਦੀਆਂ ਮਾਣ ਮੱਤੀਆਂ ਰਵਾਇਤਾਂ ਤੇ ਕਦਰਾਂ ਕੀਮਤਾਂ ਨੂੰ ਬਰਕਰਾਰ ਰੱਖਣ ਵਾਸਤੇ ਆਪਣਾ ਸੰਘਰਸ਼ ਜਾਰੀ ਰੱਖੇਗੀ।ਪਾਰਟੀ ਨੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਬੀ ਬੀ ਐਮ ਬੀ ਅਤੇ ਚੰਡੀਗੜ੍ਹ ਪ੍ਰਸ਼ਾਸਨ ਵਿਚ ਪੰਜਾਬ ਦੇ ਵਾਜਬ ਹੱਕਾਂ ਵਿਚ ਦਖਲਅੰਦਾਜ਼ੀ ਨਾ ਕਰੇ ਜਦੋਂ ਤੱਕ ਇਹ ਸ਼ਹਿਰ ਸੰਸਦ ਅਤੇ ਸਾਡੇ ਚਾਰ ਵੱਖ ਵੱਖ ਪ੍ਰਧਾਨ ਮੰਤਰੀਆਂ ਦੇ ਵਾਅਦੇ ਮੁਤਾਬਕ ਪੰਜਾਬ ਨੂੰ ਨਹੀਂ ਦੇ ਦਿੱਤਾ ਜਾਂਦਾ।ਅੱਜ ਦੀ ਮੀਟਿੰਗ ਦੀ ਸ਼ੁਰੂਆਤ ਪਵਿੱਤਰ ਮੂਲ ਮੰਤਰ ਨਾਲ ਹੋਈ ਜਿਸ ਮਗਰੋਂ ਹਾਲ ਹੀ ਵਿਚ ਖਤਮ ਹੋਈਆਂ ਪੰਜਾਬ ਚੋਣਾਂ ਵਿਚ ਪੰਜਾਬ ਦੇ ਲੋਕਾਂ ਦੇ ਫਤਵੇ ਅੱਗੇ ਸੀਸ ਨਿਵਾਇਆ ਗਿਆ।

ਮੀਟਿੰਗ ਦੀ ਪ੍ਰਧਾਨਗੀ ਪਾਰਟੀ ਦੇ ਸਰਪ੍ਰਸਤ ਤੇ ਸਾਬਕਾ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਕੀਤੀ।ਪਾਰਟੀ ਨੇ ਕਿਹਾ ਕਿ ਉਸਨੂੰ ਇਸ ਸਾਰੀ ਮੁਹਿੰਮ ਦੌਰਾਨ ਪਾਰਟੀ ਦੇ ਆਗੂਆਂ, ਉਮੀਦਵਾਰਾਂ ਤੇ ਵਰਕਰਾਂ ਵੱਲੋਂ ਕੀਤੀ ਅਣਥੱਕ ਮਿਹਨਤ 'ਤੇ ਮਾਣ ਹੈ।ਇਕ ਹੋਰ ਮਤੇ ਰਾਹੀਂ ਮੀਟਿੰਗ ਨੇ ਉਹਨਾਂ ਲੱਖਾਂ ਪੰਜਾਬੀਆਂ ਦਾ ਦਿਲੋਂ ਧੰਨਵਾਦ ਕੀਤਾ ਗਿਆ ਜਿਹਨਾਂ ਨੇ ਇਸਦੇ ਉਮੀਦਵਾਰਾਂ ਦੇ ਹੱਕ ਵਿਚ ਵੋਟਾਂ ਪਾ ਕੇ ਪਾਰਟੀ 'ਤੇ ਵਿਸ਼ਵਾਸ ਪ੍ਰਗਟ ਕੀਤਾ।

ਮੀਟਿੰਗ ਦੇ ਵੇਰਵੇ ਮੀਡੀਆ ਨਾਲ ਸਾਂਝੇ ਕਰਦਿਆਂ ਪਾਰਟੀ ਦੇ ਸੀਨੀਅਰ ਮੀਤ ਪ੍ਰਧਾਨ ਸ੍ਰੀ ਹਰਚਰਨ ਸਿੰਘ ਬੈਂਸ ਨੇ ਕਿਹਾ ਕਿ ਚੋਣ ਫਤਵੇ ਦਾ ਵਿਸ਼ਲੇਸ਼ਣ ਕਰਨ ਵਾਸਤੇ ਵਿਚਾਰ ਵਟਾਂਦਰਾ ਕੱਲ੍ਹ ਹੋਵੇਗਾ ਜਦੋਂ ਸੀਨੀਅਰ ਆਗੂ ਪਾਰਟੀ ਦੇ ਮੁੱਖ ਦਫਤਰ ਵਿਚ ਪਾਰਟੀ ਪ੍ਰਧਾਨ ਨਾਲ ਚੋਣ ਨਤੀਜਿਆਂ ਬਾਰੇ ਵਿਸਥਾਰ ਵਿਚ ਵਿਚਾਰ ਵਟਾਂਦਰਾ ਕਰਨਗੇ। ਉਹਨਾਂ ਕਿਹਾ ਕਿ ਇਸ ਮਗਰੋਂ ਆਉਂਦੇ ਦਿਨਾਂ ਵਿਚ ਹੋਰ ਸੀਨੀਅਰ ਆਗੂਆਂ ਦੀਆਂ ਮੀਟਿੰਗਾਂ ਹੋਣਗੀਆਂ ਤੇ ਪਾਰਟੀ ਪ੍ਰਧਾਨ ਵੱਲੋਂ ਕੱਲ੍ਹ ਚੋਣਾਂ ਦੇ ਨਤੀਜਿਆਂ ਬਾਰੇ ਸੀਨੀਅਰ ਆਗੂਆਂ ਨਾਲ ਘੋਖ ਕੀਤੀ ਜਾਵੇਗੀ।

ਇਸ ਮੀਟਿੰਗ ਮਗਰੋਂ 16 ਮਾਰਚ ਨੂੰ ਦੁਪਹਿਰ ਬਾਅਦ 2-00 ਵਜੇ ਜ਼ਿਲ੍ਹਾ ਜਥੇਦਾਰਾਂ ਦੀ ਮੀਟਿੰਗ ਹੋਵੇਗੀ। ਇਹਨਾਂ ਚੋਣਾਂ ਵਿਚ ਪਾਰਟੀ ਦੇ ਉਮੀਦਵਾਰਾਂ ਨਾਲ ਪਾਰਟੀ ਪ੍ਰਧਾਨ ਦੀ ਮੀਟਿੰਗ 17 ਮਾਰਚ ਨੂੰ ਦੁਪਹਿਰ ਬਾਅਦ 2-00 ਵਜੇ ਹੋਵੇਗੀ।

ਇਸ ਦੌਰਾਨ ਸਰਦਾਰ ਸੁਖਬੀਰ ਸਿੰਘ ਬਾਦਲ ਨੇ ਪਾਰਟੀ ਦੇ ਉਮੀਦਵਾਰਾਂ ਨੂੰ ਆਖਿਆ ਕਿ ਉਹ ਚੰਡੀਗੜ੍ਹ ਦੀ ਮੀਟਿੰਗ ਤੋਂ ਬਾਅਦ ਵੋਟਰਾਂ ਦਾ ਧੰਨਵਾਦ ਕਰਨ ਵਾਸਤੇ ਹਲਕਿਆਂ ਵਿਚ ਮੀਟਿੰਗਾਂ ਕਰਨੀਆਂ ਸ਼ੁਰੂ ਕਰਨ।

### ਪਾਸ ਕੀਤੇ ਮਤੇ

ਸ਼੍ਰੋਮਣੀ ਅਕਾਲੀ ਦਲ ਦੀ ਇਹ ਇਕੱਤਰਤਾ ਪੰਜਾਬ ਵਿਚ ਹੁਣੇ ਹੋਈਆਂ ਚੋਣਾਂ ਵਿਚ ਪੰਜਾਬੀਆਂ ਵੱਲੋਂ ਦਿੱਤੇ ਫਤਵੇ ਅੱਗੇ ਪੂਰੀ ਨਿਮਰਤਾ ਨਾਲ ਸੀਸ ਨਿਵਾਉਂਦੀ ਹੈ ਅਤੇ ਇਸ ਫਤਵੇ ਨੂੰ ਸੱਚੇ ਮਨੋਂ ਸਵੀਕਾਰ ਕਰਦੀ ਹੈ। ਇਹ ਇਕੱਤਰਤਾ ਪਾਰਟੀ ਦੇ ਸਮੂਹ ਲੀਡਰ ਸਾਹਿਬਾਨ, ਉਮੀਦਵਾਰ ਸਾਹਿਬਾਨ ਅਤੇ ਵਰਕਰ ਸਾਹਿਬਾਨ ਵੱਲੋਂ ਦਿਨ ਰਾਤ ਇਕ ਕੀਤੀ ਸਿਰਤੋੜ ਮਿਹਨਤ ਅਤੇ ਇਹਨਾਂ ਵੱਲੋਂ ਵਿਖਾਏ ਪੰਥਕ ਜਜ਼ਬੇ ਦੀ ਭਰਪੂਰ ਪ੍ਰਸ਼ੰਸਾ ਕਰਦੀ ਹੈ ਅਤੇ ਉਹਨਾਂ 'ਤੇ ਫਖ਼ਰ ਮਹਿਸੂਸ ਕਰਦੀ ਹੈ।ਇਹ ਇਕੱਤਰਤਾ ਪਾਰਟੀ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਬਾਦਲ ਵੱਲੋਂ ਪਾਰਟੀ ਨੂੰ ਦਿੱਤੀ ਜਾ ਰਹੀ ਮਜ਼ਬੂਤ, ਸਪਸ਼ਟ ਅਤੇ ਦੂ-ਰਅੰਦੇਸ਼ੀ ਅਗਵਾਈ ਦੀ ਭਰਪੂਰ ਪ੍ਰਸ਼ੰਸਾ ਕਰਦੀ ਹੈ।

# ਲੇਖਿਕਾ ਅਮਰ ਜਿੰਦ ਦੇ ਵਿਹੜੇ ਜੁੜਿਆ ਸਾਹਿਤਕ ਸਮਾਗਮ

## ਗ਼ਜ਼ਲਾਂ, ਕਵਿਤਾਵਾਂ ਤੇ ਗੀਤਾਂ ਦੀ ਛਹਿਬਰ ਨੇ ਸਰੋਤਿਆਂ ਨੂੰ ਕੀਲਿਆ






**ਨਵਾਂ ਸ਼ਹਿਰ, (ਰੇਸ਼ਮ ਕਰਨਾਣਵੀ) –** ਨਵਜੋਤ ਸਾਹਿਤ ਸੰਸਥਾ (ਰਜਿ।) ਔੜ ਵਲੋਂ ਆਪਣੇ ਪੰਦਰਾਰੋਜਾ ਪ੍ਰੋਗਰਾਮ 'ਲੇਖਕ ਦੇ ਵਿਹੜੇ' ਬੈਨਰ ਹੇਠ ਲੇਖਿਕਾ ਅਮਰ ਜਿੰਦ 'ਮਹਿਰਮਪੁਰ' ਨਾਲ ਰੂ-ਬ-ਰੂ ਕਰਵਾਇਆ ਗਿਆ। ਉਹਨਾਂ ਦੇ ਘਰ ਦੇ ਵਿਹੜੇ ਵਿੱਚ ਜੁੜੇ ਇਸ ਸਾਹਿਤਕ ਸਮਾਗਮ ਦੌਰਾਨ ਉਹਨਾਂ ਦੀ ਪੁਸਤਕ 'ਹਰਫ਼ਾਂ ਦੇ ਰੰਗ' ਅਤੇ ਉਹਨਾਂ ਦੀ ਲਿਖਣ ਕਲਾ ਦੇ ਵੱਖ ਵੱਖ ਪਹਿਲੂਆਂ ਉੱਤੇ ਵਿਚਾਰਾਂ ਹੋਈਆਂ। ਇਸ ਦੇ ਨਾਲ ਅਮਰ ਜਿੰਦ ਨੇ ਵੀ ਆਪਣੇ ਜੀਵਨ ਸੰਘਰਸ਼ ਅਤੇ ਅਧਿਆਪਨ ਖੇਤਰ ਬਾਰੇ ਵਿਚਾਰ ਰੱਖੇ। ਉਹੰਨਾਂ ਨੇ ਕੁਝ ਚੋਣਵੀਆਂ ਰਚਨਾਵਾਂ ਵੀ ਪੇਸ਼ ਕੀਤੀਆਂ। ਸੰਸਥਾ ਵਲੋਂ ਉਹਨਾਂ ਦੀਆਂ ਇਹਨਾਂ ਸੇਵਾਵਾਂ ਲਈ 'ਪ੍ਰਮਾਣ ਪੱਤਰ' ਦੇ ਕੇ ਸਨਮਾਨਿਤ ਕੀਤਾ ਗਿਆ। ਸਮਾਗਮ ਦੇ ਪ੍ਰਧਾਨਗੀ ਮੰਡਲ 'ਚ ਸ਼ਾਮਲ ਨਵਾਂ ਸ਼ਹਿਰ ਵਿਕਾਸ ਬੋਰਡ ਦੇ ਚੇਅਰਮੈਨ ਡਾ ਕਲਮਜੀਤ ਲਾਲ, ਕੇਂਦਰੀ ਪੰਜਾਬੀ ਸਾਹਿਤ ਸਭਾ ਦੇ ਸੀਨੀਅਰ ਮੀਤ ਪ੍ਰਧਾਨ ਪ੍ਰੋ। ਸੰਧੂ ਵਰਿਆਣਵੀ ਅਤੇ ਸੇਵਾ ਮੁਕਤ ਮੁੱਖ ਅਧਿਆਪਕਾ ਮੈਡਮ ਕੁਲਵੰਤ ਕੌਰ ਨੇ ਅਮਰ ਜਿੰਦ ਵਲੋਂ ਸਾਹਿਤ ਅਤੇ ਅਧਿਆਪਨ ਖੇਤਰ ਰਾਹੀਂ ਸਮਾਜ ਲਈ ਯੋਗਦਾਨ ਦਾ ਹਿੱਸਾ ਬਣਨ ਲਈ ਸ਼ਲਾਘਾ ਕੀਤੀ। ਬੁਲਾਰਿਆਂ ਨੇ ਉਕਤ ਸੰਸਥਾ ਵਲੋਂਨਿਰੰਤਰ ਜਾਰੀ ਬਹੁਪੱਖੀ ਸਰਗਰਮੀਆਂ ਲਈ ਵਧਾਈ ਵੀ ਦਿੱਤੀ। ਇਸ ਮੌਕੇ ਸੰਸਥਾ ਦੇ ਪ੍ਰਧਾਨ ਸਤਪਾਲ ਸਾਹਲੋਂ ਅਤੇ ਸਕੱਤਰ ਸੁਰਜੀਤ ਮਜਾਰੀ ਨੇ ਹਾਜ਼ਰੀਨ ਦਾ ਸਵਾਗਤ ਕਰਦਿਆਂ ਸੰਸਥਾ ਦੇ ਸਮਾਗਮਾਂ 'ਚ ਵੱਧ ਚੜ੍ਹ ਕੇ ਸ਼ਾਮਲ ਹੋਣ ਦਾ ਸੱਦਾ ਦਿੱਤਾ। ਇਸ ਮੌਕੇ ਹੋਏ ਕਵੀ ਦਰਬਾਰ 'ਚ ਤਰਸੇਮ ਸਾਕੀ, ਦੇਸ ਰਾਜ ਬਾਲੀ, ਪ੍ਰਹਲਾਦ ਅਟਵਾਲ, ਗੁਰਨੇਕ ਸ਼ੇਰ, ਦਵਿੰਦਰ ਸਕੋਹਪੁਰੀ, ਰੰਜਨਾ ਸ਼ਰਮਾ, ਨੀਰੂ ਜੱਸਲ, ਰਵਿੰਦਰ ਮੱਲ੍ਹਾ ਬੇਦੀਆਂ, ਸੁਭਾਸ਼ ਅਰੋੜਾ, ਤਲਵਿੰਦਰ ਸ਼ੇਰਗਿੱਲ, ਹਰੀ ਕ੍ਰਿਸ਼ਨ ਪਟਵਾਰੀ, ਰੇਸ਼ਮ ਕਰਨਾਣਵੀ, ਸੁਰਿੰਦਰ ਭਾਰਤੀ, ਗੁਰਦੀਪ ਲਸਾੜ੍ਹਾ, ਦਰਸ਼ਨ ਦਰਦੀ, ਚਮਨ ਮੱਲਪੁਰੀ ਨੇ ਆਪੋ ਆਪਣੇ ਗੀਤ, ਕਵਿਤਾਵਾਂ, ਗਜ਼ਲਾਂ ਰਾਹੀਂ ਖ਼ੂਬ ਰੰਗ ਬੰਨ੍ਹਿਆਂ। ਇਸ ਮੌਕੇ ਅਮਰ ਜਿੰਦ ਦੇ ਪਿਤਾ ਸੋਹਣ ਸਿੰਘ ਅਤੇ ਮਾਤਾ ਅਵਤਾਰ ਕੌਰ ਨੂੰ ਸੰਸਥਾ ਵਲੋਂ ਕਿਤਾਬਾਂ ਦੇ ਸੈਟ ਪ੍ਰਦਾਨ ਕੀਤੇ ਗਏ। ਇਸ ਮੌਕੇ ਕਮਲਜੀਤ ਕੌਰ, ਅਮਨਦੀਪ ਕੌਰ, ਲਖਜਿੰਦਰ, ਵਿਨੈ ਸ਼ਰਮਾ, ਜਰਨੈਲ ਸਿੰਘ ਨਿੱਘਾ ਆਦਿ ਵੀ ਸ਼ਾਮਲ ਸਨ। ਦੱਸਣਯੋਗ ਹੈ ਕਿ ਉਕਤ ਲੜੀ ਤਹਿਤ ਸੰਸਥਾ ਵਲੋਂ ਅਗਲਾ ਪ੍ਰੋਗਰਾਮ ਗੁਰਦੀਪ ਲਸਾੜ੍ਹਾ ਦੇ ਘਰ ਉਹਨਾਂ ਦੇ ਜੱਦੀ ਪਿੰਡ ਲਸਾੜ੍ਹਾ ਵਿਖੇ 26 ਮਾਰਚ ਨੂੰ ਕਰਨ ਦਾ ਫ਼ੈਸਲਾ ਕੀਤਾ ਗਿਆ।



ਮਹਾਨ ਸ਼ਹੀਦ ਸ. ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਜੀ ਦੇ ਸ਼ਹੀਦੀ ਦਿਹਾੜੇ 'ਤੇ ਮਹਾਨ ਸ਼ਹੀਦਾਂ ਦੀ ਸ਼ਹਾਦਤ 'ਤੇ ਅਦਾਰਾ 'ਦੇਸ਼ ਦੁਆਬਾ' ਕੋਟਿ-ਕੋਟਿ ਪ੍ਰਣਾਮ ਕਰਦਾ ਹੈ।

## ਅੰਬੇਦਕਰ ਟਾਈਮਜ਼ ਦੇ 14ਵੇਂ ਵਰੇਗੰਢ ਤੇ ਸ਼ੁਭ ਕਾਮਨਾਵਾਂ

ਅਦਾਰਾ ਅੰਬੇਦਕਰ ਟਾਈਮਜ਼ ਅੰਗਰੇਜ਼ੀ ਸਪਤਾਹਿਕ ਅਮਰੀਕਾ ਦੇ 14ਵੇਂ ਵਰੇਗੰਢ ਤੇ ਪ੍ਰਵੇਸ਼ ਕਰਨ ਤੇ ਮੁੱਖ ਸੰਪਾਦਕ ਸ਼੍ਰੀ ਪ੍ਰੇਮ ਕੁਮਾਰ ਚੁੰਬਰ ਜੀ ਵਲੋਂ ਕੀਤੇ ਜਾ ਰਹੇ ਉਪਰਾਲੇ ਦਾ ਬਹੁਤ ਬਹੁਤ ਧੰਨਵਾਦ। ਵਿਦੇਸ਼ ਦੀ ਧਰਤੀ ਵਿੱਚ ਸਮਾਜਿਕ ਪਰਿਵਰਤਨ ਤੇ ਆਰਥਿਕ ਮੁਕਤੀ ਦੇ ਅੰਦੋਲਨ ਨੂੰ ਲੋਕ ਲਹਿਰ ਉਸਾਰਨ ਵਿਚ ਬਾਬਾ ਸਾਹਿਬ ਡਾ ਅੰਬੇਡਕਰ ਜੀ ਦੇ ਨਾਂ ਤੇ ਮਿਸ਼ਨਰੀ ਸਾਥੀ ਪ੍ਰੇਮ ਕੁਮਾਰ ਚੁੰਬਰ ਜੀ ਵਲੋਂ ਸਪਤਾਹਿਕ ਪੇਪਰ ਲਗਾਤਾਰ ਕੱਢਣ ਤੇ ਸ਼ੁਭ ਕਾਮਨਾਵਾਂ ਵਲੋਂ ਤੁਹਾਡਾ ਆਪਣਾ

**ਪ੍ਰਵੀਨ ਬੰਗਾ**
**ਸਕੱਤਰ, ਬਹੁਜਨ ਸਮਾਜ ਪਾਰਟੀ ਪੰਜਾਬ**
**91-9417262501**

---

ਅਦਾਰਾ ਅੰਬੇਦਕਰ ਟਾਈਮਜ਼ (ਅੰਗਰੇਜ਼ੀ ਸਪਤਾਹਿਕ) ਅਮਰੀਕਾ ਦੇ 14ਵੇਂ ਵਰੇਗੰਢ ਵਿਚ ਪ੍ਰਵੇਸ਼ ਕਰਨ ਤੇ ਮੁੱਖ ਸੰਪਾਦਕ ਸ਼੍ਰੀ ਪ੍ਰੇਮ ਕੁਮਾਰ ਚੁੰਬਰ ਜੀ ਦੀ ਲਗਾਤਾਰ ਮਿਹਨਤ ਨੂੰ ਸਲਾਮ ਹੈ। ਦੁਆ ਹੈ ਤੇ ਆਸ ਕਰਦੇਂ ਹਾਂ ਕਿ ਸ੍ਰੀ ਚੁੰਬਰ ਜੀ ਪਹਿਲਾਂ ਵਾਂਗ ਨਿਰੰਤਰ ਮਿਹਨਤ ਕਰਕੇ ਅੰਗਰੇਜ਼ੀ ਜਗਤ ਵਿਚ ਮਹਾਨ ਮਹਾਪੁਰਸ਼ਾਂ ਦੇ ਮਿਸ਼ਨ ਨੂੰ ਅਮਰੀਕਾ ਅਤੇ ਦੁਨੀਆ ਭਰ ਵਿਚ ਪਹੁਚਾਉਣ ਲਈ ਡਟੇ ਰਹਿਣਗੇ। ਅਦਾਰੇ ਨਾਲ ਜੁੜੇ ਪਾਠਕਾਂ ਨੂੰ ਵੀ ਲੱਖ ਲੱਖ ਵਧਾਈਆਂ, ਜਿਹੜੇ ਲੰਮੇ ਸਮੇਂ ਤੋਂ ਇਸ ਮਿਸ਼ਨਰੀ ਪੇਪਰ ਨਾਲ ਜੁੜੇ ਹੋਏ ਹਨ। ਸਮਾਜ, ਦੇਸ਼ ਪ੍ਰਤੀ ਆਪਣੀਆਂ ਲਾਜਵਾਬ ਸੇਵਾਵਾਂ ਦੇਣ ਕਾਰਨ ਕੁਦਰਤ ਉਨ੍ਹਾਂ ਦਾ ਭਵਿੱਖ ਉੱਜਵਲ ਰਖੇ ਇਹੀ ਦਿਲੀ ਕਾਮਨਾ ਹੈ।

**ਸੰਤੋਖ ਸਿੰਘ ਜੱਸੀ**
**ਪ੍ਰਧਾਨ ਬੇ.ਗਮਪੁਰਾ ਫਾਉਂਡੇਸ਼ਨ ਪੰਜਾਬ**
**ਪ੍ਰਧਾਨ ਪੰਚਾਇਤ ਯੂਨੀਅਨ ਬੰਗਾ**
**91-7087619800**

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਯੂਕਰੇਨ ਦੇ ਸ਼ਹਿਰਾਂ 'ਤੇ ਰੂਸ ਨੇ ਕੀਤੇ ਜ਼ਬਰਦਸਤ ਹਮਲੇ, ਕਈ ਇਮਾਰਤਾਂ ਨੂੰ ਬਣਾਇਆ ਨਿਸ਼ਾਨਾ

**ਕੀਵ –** ਰੂਸ ਤੇ ਕੀਵ ਵਿਚਾਲੇ 19ਵੇਂ ਦਿਨ ਵੀ ਚੌਥੇ ਦੌਰ ਦੀ ਗੱਲਬਾਤ ਹੋਈ। ਦੋਵਾਂ ਦੇਸ਼ਾਂ ਵਿਚਾਲੇ ਇਹ ਗੱਲਬਾਤ ਜੰਗ ਦੇ 20ਵੇਂ ਦਿਨ ਵੀ ਜਾਰੀ ਰਹੇਗੀ। ਹਾਲਾਂਕਿ ਸੋਮਵਾਰ ਨੂੰ ਹੋਈ ਗੱਲਬਾਤ 'ਚ ਦੋਵਾਂ ਦੇਸ਼ਾਂ ਵਿਚਾਲੇ ਹੱਲ ਦਾ ਕੋਈ ਰਸਤਾ ਨਹੀਂ ਨਿਕਲ ਸਕਿਆ। ਯੂਕਰੇਨ ਦੇ ਰਾਸ਼ਟਰਪਤੀ ਜ਼ੇਲੈਂਸਕੀ ਨੇ ਕਿਹਾ ਕਿ ਉਨ੍ਹਾਂ ਨੇ ਯੁੱਧ ਨੂੰ ਖ਼ਤਮ ਕਰਨ ਅਤੇ ਸ਼ਾਂਤੀ ਸਥਾਪਿਤ ਕਰਨ ਲਈ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਨਫਤਾਲੀ ਬੈਨੇਟ ਨਾਲ ਗੱਲ ਕੀਤੀ ਹੈ। ਉੱਥੇ ਹੀ ਜੰਗ ਦੇ 20ਵੇਂ ਦਿਨ ਰੂਸੀ ਵਿਦੇਸ਼ ਮੰਤਰਾਲੇ ਦਾ ਬਿਆਨ ਆਇਆ ਹੈ। ਰੂਸੀ ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਯੂਕਰੇਨ ਵੱਲੋਂ ਦਾਗ਼ੀ ਗਈ ਮਿਜ਼ਾਈਲ ਨਾਲ ਉਨ੍ਹਾਂ ਦੇ 20 ਲੋਕ ਮਾਰੇ ਗਏ ਹਨ ਅਤੇ 28 ਜ਼ਖ਼ਮੀ ਹੋ ਗਏ ਹਨ। ਫ਼ੌਜ ਅਨੁਸਾਰ ਇਹ ਹਮਲਾ 14 ਮਾਰਚ ਨੂੰ ਟੋਚਕਾ-ਯੂ ਮਿਜ਼ਾਈਲ ਨਾਲ ਡੋਨੇਟਸਕ ਖੇਤਰ ਦੀ ਰਿਹਾਇਸੀ ਕੰਪਲੈਕਸ 'ਤੇ ਕੀਤਾ ਗਿਆ। ਉਸੇ ਸਮੇਂ ਯੂਕਰੇਨੀ ਮੀਡੀਆ ਨੇ ਦੱਸਿਆ ਕਿ ਡੋਨਬਾਸ 'ਚ ਭਿਆਨਕ ਲੜਾਈ ਚੱਲ ਰਹੀ ਹੈ। ਯੂਕਰੇਨ ਦੇ ਹਥਿਆਰਬੰਦ ਬਲਾਂ ਅਨੁਸਾਰ 100 ਰੂਸੀ ਸੈਨਿਕ ਮਾਰੇ ਗਏ ਤੇ ਛੇ ਵਾਹਨ ਤਬਾਹ ਹੋ ਗਏ ਹਨ। ਸਮਾਚਾਰ ਏਜੰਸੀ ਰਾਇਟਰ ਨੇ ਦੱਸਿਆ ਕਿ ਚੈਕ ਗਣਰਾਜ, ਪੋਲੈਂਡ ਤੇ ਸਲੋਵੇਨੀਆ ਦੇ



ਪ੍ਰਧਾਨ ਮੰਤਰੀ ਮੰਗਲਵਾਰ ਨੂੰ ਯੂਰਪੀਅਨ ਸੰਘ ਦੇ ਨੇਤਾਵਾਂ ਦੇ ਨੁਮਾਇੰਦਿਆਂ ਦੇ ਰੂਪ 'ਚ ਰਾਸ਼ਟਰਪਤੀ ਵੋਲੋਦੋਮੀਰ ਜ਼ੇਲੈਂਸਕੀ ਨੂੰ ਮਿਲਣ ਲਈ ਕੀਵ ਜਾਣਗੇ। ਰੂਸ ਨੇ ਯੂਕਰੇਨ 'ਚ ਸ਼ਹਿਰਾਂ ਨੂੰ ਨਿਸ਼ਾਨਾ ਬਣਾਉਣਾ ਜਾਰੀ ਰੱਖਿਆ ਹੈ। ਇਸ ਦੌਰਾਨ ਰੁਬਿਜਨੇ 'ਤੇ ਰੂਸ ਦੇ ਹਮਲੇ 'ਚ ਚਾਰ ਲੋਕਾਂ ਦੀ ਮੌਤ ਹੋ ਗਈ। ਲੁਹਾਨਸਕ ਓਬਲਾਸਟ ਦੇ ਗਵਰਨਰ ਸੇਰਹੀ ਹੈਦਾਈ ਨੇ ਦੱਸਿਆ ਕਿ ਰੂਸੀ ਫ਼ੌਜ ਨੇ ਨੇਤਰਹੀਣ ਬੱਚਿਆਂ ਦੇ ਤਿੰਨ ਸਕੂਲਾਂ ਦੇ ਨਾਲ-ਨਾਲ ਸ਼ਹਿਰ 'ਚ ਇਕ ਬੋਰਡਿੰਗ ਸਕੂਲ ਤੇ ਇਕ ਹਸਪਤਾਲ ਨੂੰ ਵੀ ਤਬਾਹ ਕਰ ਦਿੱਤਾ ਹੈ। ਰੂਸੀ ਫ਼ੌਜ ਲਗਾਤਾਰ ਯੂਕਰੇਨ ਨੂੰ ਨਿਸ਼ਾਨਾ ਬਣਾ ਰਹੀ ਹੈ। ਇਸ ਦੌਰਾਨ ਰੂਸੀ ਫ਼ੌਜ ਨੇ ਹੋਸਟੋਮੇਲ 'ਚ ਨਾਗਰਿਕਾਂ 'ਤੇ ਗੋ.ਲੀਬਾਰੀ ਕੀਤੀ ਹੈ। ਨੈਸ਼ਨਲ ਪੁਲਿਸ ਅਨੁਸਾਰ ਪਹਿਲੀਆਂ 10 ਬੱਸਾਂ ਸ਼ਹਿਰ ਤੋਂ ਸੁਰੱਖਿਅਤ ਬਾਹਰ ਨਿਰਲ ਗਈਆਂ ਪਰ ਰੂਸੀ ਫ਼ੌਜ ਨੇ ਅਗਲੀਆਂ ਚਾਰ ਬੱਸਾਂ 'ਤੇ ਗੋ.ਲੀਆਂ ਚਲਾ ਦਿੱਤੀਆਂ। ਇਸ ਹਮਲੇ 'ਚ ਇਕ ਔਰਤ ਦੀ ਮੌਤ ਹੋ ਗਈ, ਜਦੋਂਕਿ ਦੋ ਵਿਅਕਤੀ ਜ਼ਖ਼ਮੀ ਹੋ ਗਏ। ਯੂਕਰੇਨ ਦੀ ਰਾਜਧਾਨੀ ਕੀਵ 'ਚ ਰੂਸੀ ਫ਼ੌਜ ਨੇ ਰਾਤ ਭਰ ਗੋ.ਲੀਬਾਰੀ ਕੀਤੀ, ਜਿਸ ਕਾਰਨ ਕੀਵ 'ਚ ਇਕ ਇਮਾਰਤ ਨੂੰ ਅੱਗ ਲੱਗ ਗਈ।

ਦੇਸ਼ ਦੁਆਬਾ

# Remembering Sahib Shri Kanshi Ram Ji on his 90th Birth Anniversary

**Prem K. Chumber (Editor-in-Chief: Ambedkar Times & Desh Doaba)**

**Babu Kanshi Ram** ((15 March 1934 – 9 October 2006), venerated by his followers and admirers as 'Sahib' and 'Manyavar', continued the legacy of great Dalit struggle that began with the advent of Buddhism in India in the 6th century BCE and slowly graduated through the strenuous efforts first of Jyotirao Phule (11 April 1827 – 28 November 1890) and afterwards Boddhisattva Bharat Ratan Babasaheb Dr. Bhimrao Ramji Ambedkar (4 April 1891 – 6 December 1956). Babu Kanshi Ram provided a new form of leadership by invigorating political churning at the grassroots that instantly made a long-lasting impact on the imaginations of millions of lowest of the low and under-privileged artisans/service class people of India – constitutionally designated as Scheduled Castes (SCs) and Other Backward Classes (OBCs). His sterling contribution lies in organizing the educated youth and varied SC and OBCs and motivating them with missionary spirit for the social transformation of the Indian society as a whole by emancipating and empowering them to rule the country. To achieve this mega goal – "Change the System" – Babu Kanshi Ram founded the All India Backward and Minority Communities Employees' Federation (BAMCEF) in 1971 and Dalit Shoshit Samaj Sangarsh Samiti (DS-4) in 1981 that eventually culminated into a larger political formation what came to be called Bahujan Samaj Party (BSP) in 1984.

Sahib Kanshi Ram did not confine the strings of his newly launched socio-political process of empowering the lower castes to himself only. He, rather, let it loose to spread among his people who hitherto fore were prevented from entering the corridors of political powers by varied Machiavellian machinations. He based his political strategy to prepare the way for his people to enter the parliament on the basis of the famous slogan of Dr. Ambedkar: "Educate, Agitate, Organise", and chiseled his innovative '85 vs 15' formula of 'Master Key' to unlock the portal of political power. He taught his people that they should prepare themselves to attain political power on the basis of 'bargaining and not begging'. He cycled day and night for months together to reach the lowest of the low to apprise them of their hidden numerical power that can win for them political power in the state and national democratic electoral processes. His dexterously prepared second line of young leadership belied the centuries old indoctrinated belief that Dalits are born only to serve! He proved the world that they have now come up to take over the reign of the rule into their own hands and became capable of writing their own destiny. The BSP under his pupil Mayawati ruled Uttar Pradesh, one of the most politically powerful states in India, for four terms as Chief Minister. Sahib Kanshi Ram taught millions of SCs and OBCs of this vast democracy how to convert their numerical strength into a potent electoral force to defeat those who thrived by dividing them in the name of caste, religion and false electoral promises.

The forum of Ambedkar Times and Desh Doaba take immense pride in congratulating our contributors, readers and well-wishers on the 88th birth anniversary of Manyavar Sahib Babu Kanshi Ram Ji. We are also feeling proud to humbly state that Ambedkartimes.com, dedicated to teachings and life-works of Babasaheb Dr. B.R. Ambedkar, Babu Mangu Ram Mugowalia and Sahib Shri Kanshi Ram, has successfully completed its 14 years of regular publication. We seek your support and encouragement and good wishes to continue with our this small effort in your service.

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਹੋਲਾ-ਮਹੱਲਾ ਸ਼ਸ਼ਤ੍ਰ ਵਿਦਿਆ, ਅਣਖ, ਗੈਰਤ, ਅਜ਼ਾਦੀ ਅਤੇ ਚੜ੍ਹਦੀ ਕਲਾ ਦਾ ਪ੍ਰਤੀਕ



**ਅਵਤਾਰ ਸਿੰਘ ਮਿਸ਼ਨਰੀ**
**510-432-5827**

ਭਾਈ ਕਾਨ੍ਹ ਸਿੰਘ ਜੀ ਨ੍ਹਾਭਾ ਨੇ ਹੋਲੇ-ਮਹੱਲੇ ਬਾਰੇ ਇਸ ਤਰ੍ਹਾਂ ਲਿਖਿਐ "ਯੁਧ ਵਿਦਿਆ ਦੇ ਅਭਿਆਸ ਨੂੰ ਨਿੱਤ ਨਵਾਂ ਰਖਣ ਵਾਸਤੇ, ਕਲਗੀਧਰ ਜੀ ਦੀ ਚਲਾਈ ਹੋਈ ਰੀਤ ਅਨੁਸਾਰ, ਚੇਤ ਵਧੀ ਇੱਕ ਨੂੰ ਸਿਖਾਂ ਵਿੱਚ ਹੋਲਾ ਮਹੱਲਾ ਹੁੰਦੈ ਜਿਸ ਦਾ ਹੋਲੀ ਦੀ ਰਸਮ ਨਾਲ ਕੋਈ ਸੰਬੰਧ ਨਹੀਂ। ਮਹੱਲਾ ਇਕ ਪ੍ਰਕਾਰ ਦੀ ਮਸਨੂਈ ਲੜਾਈ ਹੈ। ਪੈਦਲ, ਘੋੜ-ਸਵਾਰ ਤੇ ਸ਼ਸਤਰਧਾਰੀ ਸਿੰਘ ਦੋ ਪਾਸਿਆਂ ਤੋਂ ਇਕ ਖਾਸ ਹੱਮਲੇ ਦੀ ਥਾਂ ਉੱਤੇ ਹਮਲਾ ਕਰਦੇ ਹਨ। ਕਲਗੀਧਰ ਜੀ ਆਪ ਇਸ ਬਨਾਉਟੀ ਲੜਾਈ ਨੂੰ ਵੇਖਦੇ ਅਤੇ ਦੋਹਾਂ ਦਲਾਂ ਨੂੰ ਲੋੜੀਂਦੀ ਸ਼ਸ਼ਤ੍ਰ ਵਿਦਿਆ ਦਿੰਦੇ ਸਨ। ਜਿਹੜਾ ਦਲ ਜੇਤੂ ਹੁੰਦਾ, ਉਸ ਨੂੰ ਸਜੇ ਦੀਵਾਨ ਵਿਖੇ ਸਿਰੋਪਾ ਬਖਸ਼ਦੇ ਸਨ। ਅਸੀਂ ਸਾਲ ਪਿਛੋਂ ਇਹ ਰਸਮ ਨਾਮ ਮਾਤ੍ਰ ਪੂਰੀ ਕਰ ਛਡਦੇ ਹਾਂ ਪਰ ਲਾਭ ਕੁਝ ਨਹੀਂ ਉਠਾਉਂਦੇ। ਹਾਲਾਂ ਕਿ ਸ਼ਸਤਰ-ਵਿਦਿਆ ਤੋਂ ਅਨਜਾਣ ਸਿੱਖ, ਖਾਲਸਾ ਧਰਮ ਦੇ ਨਿਯਮਾਂ ਅਨੁਸਾਰ ਅਧੂਰਾ ਸਿੱਖ ਹੈ। ਹੋਰ ਲਿਖਦੇ ਹਨ-ਸ਼ੋਕ ਹੈ ਕਿ ਹੁਣ ਸਿਖਾਂ ਨੇ ਸ਼ਸਤਰ ਵਿਦਿਆ ਨੂੰ ਆਪਣੀ ਕੌਮੀ ਵਿਦਿਆ ਨਹੀਂ ਸਮਝਿਆ, ਸਿਰਫ ਫੌਜੀਆਂ ਦਾ ਕਰਤਬ ਮੰਨ ਲਿਐ ਜਦ ਕਿ ਦਸਮੇਸ਼ ਜੀ ਦਾ ਉਪਦੇਸ਼ ਹੈ ਕਿ ਹਰੇਕ ਸਿਖ ਪੂਰਾ ਸੰਤ-ਸਿਪਾਹੀ ਹੋਵੇ ਅਤੇ ਸ਼ਸਤਰ ਵਿਦਿਆ ਦਾ ਅਭਿਆਸ ਕਰੇ, ਇਸ ਤੋਂ ਬਿਨਾਂ ਸਿੱਖ ਅਧੂਰਾ ਹੈ।

ਇਸ ਤਰ੍ਹਾਂ ਹੋਲਾ-ਮਹੱਲਾ ਸ਼ਸ਼ਤ੍ਰ ਵਿਦਿਆ, ਅਣਖ ਗੈਰਤ, ਅਜ਼ਾਦੀ ਅਤੇ ਚੜ੍ਹਦੀ ਕਲਾ ਦਾ ਪ੍ਰਤੀਕ, ਇੱਕ ਵਿਲੱਖਣ ਤਿਉਹਾਰ ਹੈ। ਹੋਲੀ ਦੇ ਮਹੱਤਵ ਨੂੰ ਭੁੱਲ ਕੇ ਸਦੀਆਂ ਤੋਂ ਰੰਗ ਰਲੀਆਂ ਮਨਾਂਦੇ ਆ ਰਹੇ ਲੋਕ, ਆਪਣੀ ਅਣਖ ਗੈਰਤ ਗਵਾ, ਨਿਹੱਥੇ ਹੋ ਜ਼ਾਲਮ ਮੁਗਲ ਹਕੂਮਤ ਦੀ ਗੁਲਾਮੀ ਕਬੂਲ ਕਰ ਚੁੱਕੇ ਸਨ। ਉਸ ਵੇਲੇ ਕੋਈ ਸ਼ਸ਼ਤ੍ਰ ਨਹੀਂ ਸੀ ਰੱਖ ਸਕਦਾ, ਸਿਰ ਤੇ ਪੱਗ ਨਹੀਂ ਸੀ ਬੰਨ੍ਹ ਸਕਦਾ, ਸ਼ਿਕਾਰ ਨਹੀਂ ਸੀ ਖੇਡ ਸਕਦਾ ਅਤੇ ਜਿਸ ਦੇ ਅੰਦਰ ਇਹ ਧਾਰਨਾਂ ਬਣ ਚੁੱਕੀ ਸੀ ਕਿ-ਕੰਮ ਹਮਾਰਾ ਤੋਲਣ ਤੱਕੜੀ। ਨੰਗੀ ਕਰਦ ਕਦੇ ਨਹੀਂ ਪਕੜੀ। ਚਿੱੜੀ ਉੱਡੇ ਤਉ ਹਮ ਡਰ ਜਾਏਂ। ਦੁਸ਼ਮਣ ਸੇ ਕੈਸੇ ਲੜ ਪਾਏਂ। ਅਜਿਹੇ ਸਹਿਮੇ ਹੋਏ ਲੋਕਾਂ ਅੰਦਰ, ਸ਼ਸ਼ਤ੍ਰਧਾਰੀ ਹੋ, ਛਾਤੀਆਂ ਤਾਣ ਕੇ, ਵੈਰੀਆਂ ਦਾ ਮੁਕਾਬਲਾ ਕਰਨ ਦਾ ਅਥਾਹ ਬਲ ਭਰਨ ਲਈ, ਯੁੱਧ ਨੀਤੀਵੇਤਾ ਸ਼ਮਸ਼ੀਰ-ਧਨੀ ਗੁਰੂ ਗੋਬਿੰਦ ਸਿੰਘ ਨੇ ਸ਼ਸ਼ਤ੍ਰ ਵਿਦਿਆ, ਘੋੜ ਸਵਾਰੀ, ਸ਼ਿਕਾਰ ਖੇਡਣਾ ਅਤੇ ਦਸਤਾਰਾਂ ਉੱਪਰ ਫਰਲੇ ਸਜਾਉਣਾ ਆਦਿਕ "ਹੋਲੇ-ਮਹੱਲੇ" ਦੇ ਜੰਗੀ ਕਰਤਵ, ਡੰਕੇ ਦੀ ਚੋਟ ਨਾਲ ਸ਼ੁਰੂ ਕੀਤੇ। ਚਿੱੜੀ ਉੱਡਣ ਅਤੇ ਮੱਖੀ-ਮੱਛਰ ਮਾਰਨ ਤੋਂ ਡਰਨ ਵਾਲੇ, ਸ਼ੇਰਾਂ ਦਾ ਸ਼ਿਕਾਰ ਕਰਨ ਲੱਗ ਪਏ। ਖ਼ਾਲਸੇ ਨੇ ਸ਼ਸ਼ਤ੍ਰਧਾਰੀ ਹੋ ਕੇ, ਜ਼ਾਲਮ ਮੁਗਲ ਹਕੂਮਤ ਦੀਆਂ ਜੜਾਂ, ਭਾਰਤ ਵਿੱਚੋਂ ਉਖੇੜ ਕੇ, ਖਾਲਸਾ ਰਾਜ ਕਾਇਮ ਕੀਤਾ ਅਤੇ ਫਿਰ ਕਾਫੀ ਸਮੇਂ ਬਾਅਦ ਭਾਰੀ ਕੁਰਬਾਨੀਆਂ ਦੇ ਕੇ, ਅੰਗ੍ਰੇਜਾਂ ਤੋਂ ਭਾਰਤ ਨੂੰ ਵੀ ਅਜ਼ਾਦ ਕਰਵਾਇਆ। ਹੋਲਾ-ਮਹੱਲਾ ਫਤਿਹ ਅਤੇ ਅਜ਼ਾਦੀ ਦਾ ਵੀ ਪ੍ਰਤੀਕ ਹੈ। ਕਵੀ ਨਿਹਾਲ ਸਿੰਘ ਨੇ ਵੀ ਖਾਲਸੇ ਦੇ ਚੜ੍ਹਦੀ ਕਲਾ ਦੇ ਬੋਲਿਆਂ ਦਾ ਜ਼ਿਕਰ ਕਰਦੇ ਹੋਏ, ਹੋਲੇ ਦੀ ਵਿਲੱਖਣਤਾ ਇਉਂ ਦਰਸਾਈ ਹੈ-

ਬਰਛਾ ਢਾਲ ਕਟਾਰਾ ਤੇਗਾ, ਕੜਛਾ ਦੇਗਾ ਗੋਲਾ ਹੈ। ਛਕਾ ਪ੍ਰਸ਼ਾਦ ਸਜਾ ਦਸਤਾਰਾ, ਅਰ ਕਰਦੌਨਾ ਟੋਲਾ ਹੈ।
ਸੁਭੱਟ ਸੁਚਾਲਾ ਅਰ ਲੱਖ ਬਾਹਾ, ਕਲਗਾ ਸਿੰਘ ਸਚੋਲਾ ਹੈ। ਅਪਰ ਮੁਛਹਿਰਾ ਦਾੜ੍ਹਾ ਜੈਸੇ, ਤੈਸੇ ਬੋਲਾ ਹੋਲਾ ਹੈ।



ਸਤਸੰਗੀਆਂ ਦੀ ਆਤਮਕ ਹੋਲੀ ਦਾ ਜ਼ਿਕਰ ਗੁਰਬਾਣੀ ਵਿਖੇ ਪਹਿਲੇ ਹੀ ਆ ਚੁੱਕਾ ਹੈ-ਆਜ ਹਮਾਰੈ ਬਨੇ ਫਾਗ॥ ਪ੍ਰਭਸੰਗੀ ਮਿਲਿ ਖੇਲਨ ਲਾਗ॥ ਹੋਲੀ ਕੀਨੀ ਸੰਤ ਸੇਵ॥ ਰੰਗੁ ਲਗਾ ਅਤਿ ਲਾਲ ਦੇਵ॥(੧੧੮੦) ਭਾਵ ਜਦ ਸਤਸੰਗੀ ਸੇਵਾ-ਸਿਮਰਨ ਗਿਆਨ-ਵਿਚਾਰ ਰੂਪੀ ਹੋਲੀ ਖੇਡਦੇ ਨੇ ਤਾਂ ਉਨ੍ਹਾਂ ਦੇ ਹਿਰਦੇ ਰੂਪੀ ਕਪੜੇ ਤੇ ਪ੍ਰਭੂ ਪਿਆਰ ਦਾ ਗੂੜਾ ਰੰਗ ਲੱਗ ਜਾਂਦਾ ਹੈ। ਛੇਵੇਂ ਪਾਤਸ਼ਾਹ ਨੇ ਪੰਥ ਨੂੰ ਬਾਕਾਇਦਾ ਸ਼ਸਤ੍ਰਧਾਰੀ ਕੀਤਾ, ਹਕੂਮਤ ਨਾਲ ਚਾਰ ਜੰਗਾਂ ਲੜੀਆਂ ਅਤੇ ਫ਼ਤੇ ਹਾਸਲ ਕੀਤੀ। ਗੁਰਗੱਦੀ ਸੌਂਪਣ ਸਮੇਂ, ਆਪ ਜੀ ਨੇ, ਗੁਰੂ ਹਰਿ ਰਾਇ ਜੀ ਨੂੰ, ੨੨੦੦ ਸ਼ਸਤ੍ਰਧਾਰੀ ਘੋੜ ਸਵਾਰ ਫੌਜ ਦੀ ਸਪੁਰਦਗੀ ਕਰਦੇ ਹੁਕਮ ਕੀਤਾ ਕਿ ਇਨ੍ਹਾਂ ਫੌਜਾਂ ਨੂੰ ਬਾਕਾਇਦਾ ਕਾਇਮ ਰਖਣਾ ਹੈ। ਸਪੱਸ਼ਟੈ ਕਿ ਜੇ ਫੌਜਾਂ ਨੂੰ ਕਾਇਮ ਰੱਖਣੈ ਤਾਂ ਉਨ੍ਹਾਂ ਦੇ ਅਭਿਆਸ ਵੀ ਚਲਦੇ ਹੀ ਰਹਿਣੇ ਹਨ। ਦਸ਼ਮੇਸ਼ ਜੀ ਨੇ ਕ੍ਰਿਪਾਨ ਨੂੰ, ਪੰਜ ਕਕਾਰੀ ਵਰਦੀ ਵਿੱਚ ਸ਼ਾਮਲ ਕੀਤਾ। ਨੋਟ-ਕ੍ਰਿਪਾਨ ਕੋਈ ਚਿੰਨ੍ਹ ਜਾਂ ਜਨੇਊ ਨਹੀਂ ਕਿ ਉਸ ਨੂੰ ਧਾਗੇ ਵਿੱਚ ਪਰੋ ਕੇ ਤਵੀਤ ਵਾਂਗ ਲਟਕਾਈ ਫਿਰੋ ਸਗੋਂ ਸ਼ਸ਼ਤ੍ਰ ਹੈ। ਸਿੱਖ ਦੀ ਪਹਿਚਾਨ ਸਰੂਪ, ਕਰਨੀ-ਕਥਨੀ, ਆਚਰਨ ਅਤੇ ਗੁਰੂ ਹੁਕਮਾਂ ਨੂੰ ਕਮਾਉਣ ਤੋਂ ਹੁੰਦੀ ਹੈ। ਹੋਲਾ-ਮਹੱਲਾ ਅਰੰਭ ਕਰਕੇ, ਗੁਰੂ ਜੀ ਨੇ ਸਿਖਾਂ ਨੂੰ ਇਹ ਹਿਦਾਇਤ ਵੀ ਕਰ ਦਿੱਤੀ ਕਿ ਉਹ ਸ਼ਸਤ੍ਰ ਵਿਦਿਆ ਦਾ ਅਭਿਆਸ ਸਦਾ ਜਾਰੀ ਰੱਖਣ।

ਹੋਲੀ ਮੂਲ ਰੂਪ ਵਿੱਚ ਬ੍ਰਾਹਮਣੀ ਤਿਉਹਾਰ ਹੈ ਜਿਵੇਂ ਕਿ-ਇਕ ਪੌਰਾਣਿਕ ਕਥਾ ਅਨੁਸਾਰ ਹੰਕਾਰੀ ਹਰਨਾਖਸ਼ ਨੇ ਸ਼ਿਵ ਤੋਂ ਵਰ ਪ੍ਰਪਾਤ ਕੀਤਾ ਕਿ "ਅੰਦਰ ਜਾਂ ਬਾਹਰ, ਦਿਨੇ ਜਾਂ ਰਾਤੀਂ, ਮਨੁਖ ਜਾਂ ਪਸ਼ੂ ਕਿਸੇ ਤੋਂ ਨਾ ਮਰਾਂ" ਅਜਿਹਾ ਵਰ ਪ੍ਰਾਪਤ ਕਰਕੇ ਉਹ ਵੱਡਾ ਜ਼ਾਲਮ ਬਣ ਗਿਆ ਅਤੇ ਐਲਾਨ ਕਰ ਦਿਤਾ ਕਿ ਕੋਈ ਪ੍ਰਮਾਤਮਾ ਨੂੰ ਨਾਂ ਜਪੇ ਅਤੇ ਸਾਰੇ ਮੇਰਾ ਹੀ ਜਾਪ ਕਰਨ। ਨੋਟ-ਕਰਤਾਰ ਆਪਣੇ ਹੁਕਮ ਅਤੇ ਕੁਦਰਤ ਵਿਰੋਧੀ ਅਨਹੋਣੇ ਵਰ ਸਰਾਪ ਨਹੀਂ ਦਿੰਦਾ ਅਤੇ ਜਨਮ ਮਰਨ ਵਿੱਚ ਨਹੀਂ ਆਉਂਦਾ-ਜਨਮ ਮਰਨ ਤੇ ਰਹਤ ਨਾਰਾਇਣ॥(ਮ:੫-੧੧੩੬) ਕਰਤਾਰ ਦੀ ਕਰਨੀ, ਘਰ ਵਿੱਚੋਂ ਹੀ, ਹਰਨਾਖਸ਼ ਦਾ ਪੁੱਤਰ ਪ੍ਰਹਿਲਾਦ ਇਸ ਗੱਲੋਂ ਵਿਰੋਧੀ ਹੋ ਗਿਆ ਅਤੇ ਖਲਕਤ ਵਿੱਚ "ਰਮੇ ਹੋਏ ਰਾਮ" ਪ੍ਰਮੇਸ਼ਰ ਨੂੰ ਹੀ ਜਪਣ ਅਤੇ ਪ੍ਰਚਾਰਨ ਲੱਗਾ। ਇਸ ਕਰਕੇ ਹੰਕਾਰੀ ਪਿਤਾ ਹਰਨਾਕਸ਼ ਨੇ, ਉਸ ਨੂੰ ਪਹਾੜ ਤੋਂ ਦਰਿਆ ਵਿੱਚ ਸੁੱਟ ਭਾਵ ਹਰ ਢੰਗ ਨਾਲ ਮਰਵਾਉਣ ਦਾ ਜਤਨ ਕੀਤਾ ਪਰ ਪ੍ਰਮਾਤਮਾਂ ਨੇ ਹਰ ਵਾਰੀ ਪ੍ਰਹਿਲਾਦ ਦੀ ਰੱਖਿਆ ਕੀਤੀ, ਲੋਕਾਂ ਦੇ ਮਨ ਬਦਲੇ ਤੇ ਉਹ ਹਰਨਾਖਸ਼ ਨੂੰ ਛੱਡ ਪ੍ਰਹਿਲਾਦ ਦੇ ਹਾਮੀਂ ਹੋ ਗਏ। ਪ੍ਰਚਲਤ ਕਹਾਣੀ ਅਨੁਸਾਰ, ਅੰਤ ਹਰਨਾਖਸ਼ ਦੀ ਭੈਣ ਹੋਲਕਾਂ ਨੇ ਭਤੀਜੇ ਪ੍ਰਹਿਲਾਦ ਨੂੰ ਅੱਗ ਵਿੱਚ ਸਾੜਨ ਦਾ ਕੋਝਾ ਯਤਨ ਕੀਤਾ ਪਰ ਕਰਤਾਰ ਦੀ ਕਰਨੀ, ਪ੍ਰਹਿਲਾਦ ਬਚ ਗਿਆ ਅਤੇ ਹੋਲਕਾਂ ਸੜ ਕੇ ਸਵਾਹ ਹੋ ਗਈ। ਅੰਤ ਪ੍ਰਹਿਲਾਦ ਨੂੰ ਡਰਾਉਣ ਲਈ ਲੋਹੇ ਦਾ ਥੰਮ ਰੰਗ ਨਾਲ ਲਾਲ ਸੁਰਖ ਕਰਕੇ ਜੱਫਾ ਮਾਰਨ ਦਾ ਹੁਕਮ ਹੋਇਆ ਤਾਂ ਨਿਧੜਕ ਪ੍ਰਹਿਲਾਦ ਨੇ ਜੱਫਾ ਮਾਰ ਕੇ, ਉਨ੍ਹਾਂ ਦਾ ਭਰਮ ਤੋੜ ਦਿੱਤਾ। ਮਨੌਤ ਹੈ ਕਿ ਉਸ ਸਮੇਂ ਨਰਸਿੰਘ ਨੇ, ਹਰਨਾਖਸ਼ ਨੂੰ ਦਹਲੀਜ ਤੇ ਤਿਖੇ ਨੌਹਾਂ ਨਾਲ ਫਾੜ ਕੇ ਦੋਫਾੜ ਕਰ ਦਿੱਤਾ-ਹਰਨਾਕਸ਼ ਛੇਦਿਓ ਨਖ ਬਿਦਾਰ।।।॥ (੧੧੯੪) ਸ਼ਬਦ ਗੁਰੂ ਗ੍ਰੰਥ ਸਾਹਿਬ ਵਿਖੇ, ਇਹ ਘਟਨਾ ਨਾਮਦੇਵ ਜੀ, ਭਗਤ ਕਬੀਰ ਜੀ ਅਤੇ ਤੀਜੇ ਪਾਤਸ਼ਾਹ ਦੀ ਬਾਣੀ ਵਿੱਚ ੪ ਵਾਰੀ ਪੰਨਾ (੧੧੫੪, ੧੧੬੫, ੧੧੯੪, ੧੧੩੩) ਤੇ ਦਰਜ ਹੈ। ਲੋਕਾਈ ਨੂੰ ਇਹ ਸਮਝਾਉਣ ਵਾਸਤੇ ਕਿ ਪ੍ਰਭੂ ਆਪਣੇ ਪਿਆਰਿਆਂ ਦੀ ਸਦਾ ਲਾਜ ਰੱਖਦੈ ਅਤੇ ਦੋਖੀ ਆਪਣਾ ਕੀਤਾ ਪਾਉਂਦੇ ਹਨ-ਹਰਿ ਜੁਗਿ ਜਗਿ ਭਗਤ ਉਪਾਇਆ ਪੈਜ ਰਖਦਾ ਆਇਆ ਰਾਮ ਰਾਜੈ॥(੪੫੧)

ਨੋਟ-ਗੁਰੂ ਜੀ ਨੇ ਪ੍ਰਚਲਤ ਕਹਾਣੀਆਂ ਦਾ ਹਵਾਲਾ ਦੇ ਕੇ ਸਮਝਾਇਐ ਕਿ ਮੰਨ ਲਓ ਤੁਹਾਡੀਆਂ ਮਿਥਾਂ ਹੀ ਐਸੀਆਂ ਨੇ ਪਰ ਪ੍ਰਮਾਤਮਾਂ ਹੀ ਭਗਤਾਂ ਦੀ ਰੱਖਿਆ ਕਰਦਾ ਨਾਂ ਕਿ ਕੋਈ ਕਲਪਿਤ ਦੇਵੀ ਦੇਵਤਾ ਜਾਂ ਕੋਈ ਕਰਾਮਾਤੀ ਸ਼ਕਤੀ। ਯਾਦ ਰਹੇ ਕਿ ਪ੍ਰਚਲਤ ਕਥਾ ਅਨੁਸਾਰ ਇਹ ਕਹਾਣੀ ਕਹੇ ਜਾਂਦੇ ਉਸ ਸਤਜੁਗ ਦੀ ਹੈ, ਜਦੋਂ ਦਸ਼ਰਥ ਪੁੱਤਰ ਰਾਮ ਅਜੇ ਪੈਦਾ ਵੀ ਨਹੀਂ ਸੀ ਹੋਇਆ। ਇਸ ਕਰਕੇ ਇਥੇ "ਕਰਤਾ ਰਾਮ" ਦੀ ਗੱਲ ਹੈ, "ਦਸ਼ਰਥ ਪੁੱਤ੍ਰ ਰਾਮ" ਦੀ ਨਹੀਂ। ਖੋਜ ਕਰਨ ਤੇ ਪਤਾ ਚਲਦੈ ਕਿ ਹਰਨਾਖਸ਼ ਤੇ ਪ੍ਰਹਿਲਾਦ ਮੂਲ ਨਿਵਾਸੀ ਦਰਾਵੜ ਪਰ ਦੇਵਤੇ (ਆਰੀਅਨ) ਦਰਾਵੜਾਂ ਦੇ ਵਿਰੋਧੀ ਸਨ ਜੋ ਹਾਰ ਗਏ, ਉਨ੍ਹਾਂ ਨੇ ਹਰਨਾਕਸ਼ ਤੇ ਪ੍ਰਹਿਲਾਦ ਦੇ ਦੇਹਾਂਤ ਤੋਂ ਹਜਾਰਾਂ ਸਾਲਾਂ ਬਾਅਦ, ਅਜਿਹੀਆਂ ਮਨਘੜਤ ਕਹਾਣੀਆਂ ਰਚੀਆਂ। "ਪਾਠਕ ਜਨ ਵਧੇਰੇ ਜਾਣਕਾਰੀ ਲਈ ਪ੍ਰੋ। ਇੰਦਰ ਸਿੰਘ ਘੱਗਾ ਦੀਆਂ ਪੁਸਤਕਾਂ ਪੌਰਾਣਕ ਕਥਾਵਾਂ ਦਾ ਅੰਤ ਅਤੇ ਚੋਣਵਾਂ ਸਾਖੀ ਸਹਿਤ ਜਰੂਰ ਪੜ੍ਹਨ ਜਿੱਥੇ ਬੜੇ ਵਿਸਥਾਰ ਨਾਲ ਅਜਿਹੀਆਂ ਮਿਥਾਂ ਬਾਰੇ ਚਾਨਣਾ ਪਾਇਆ ਗਿਆ ਹੈ"

ਹੋਲੀ ਦੇ ਤਿਉਹਾਰ ਨੂੰ ਮਨਾਉਣ ਵਾਲੇ ਸੱਜਣ, ਇਸ ਘਟਨਾਂ ਨੂੰ ਆਧਾਰ ਬਣਾਕੇ, ਰਾਤ ਨੂੰ ਹੋਲੀ ਸਾੜਦੇ ਹਨ। ਇਸ ਤਰ੍ਹਾਂ ਇਸ ਨੂੰ ਹੋਲਕਾਂ ਦੀ ਰਾਖ ਮੰਨਕੇ, ਸਵੇਰੇ ਉਸ ਰਾਖ ਨੂੰ ਉਡਾਇਆ ਜਾਂਦਾ ਹੈ। ਸ੍ਰੀ ਮਦੁ ਭਾਗਵਤ ਪੁਰਾਣ ਦੀ ਇੱਕ ਕਥਾ ਅਨੁਸਾਰ, ਜਿੱਥੇ ਗੋਪੀਆਂ ਨੇ ਕ੍ਰਿਸ਼ਨ ਜੀ ਨਾਲ ਰੰਗ ਆਦਿਕ ਉੱਡਾ ਕੇ ਖੂਬ ਹੋਲੀ ਖੇਡੀ, ਓਥੇ ਇਸ ਕਥਾ ਨੂੰ ਬੜਾ ਕਾਮੁਕ ਬਣਾਕੇ ਪੇਸ਼ ਕੀਤਾ ਗਿਐ ਜਿਸ ਦਾ ਸਿੱਟਾ ਅੱਜ ਕੱਲ੍ਹ ਵੀ ਗੋਕਲ, ਮਥਰਾ ਅਤੇ ਬ੍ਰਿੰਦਾਬਨ ਦੀ ਹੋਲੀ ਵਿੱਚ, ਅਜੇਹੀਆਂ ਕਾਮ ਉਕਸਾਊ ਖੇਡਾਂ ਆਮ ਖੇਡੀਆਂ ਜਾਂਦੀਆਂ ਹਨ। ਇਸ ਤਿਉਹਾਰ ਸਮੇਂ ਲੋਕੀਂ ਇੱਕ ਦੂਜੇ ਤੇ ਕੇਵਲ ਰੰਗ-ਗੁਲਾਲ ਹੀ ਨਹੀਂ ਬਲਕਿ ਚਿੱਕੜ, ਗੋਹਾ, ਲੁੱਕ ਅਤੇ ਗੰਦਗੀ ਆਦਿਕ ਵੀ ਸੁੱਟਦੇ ਹਨ। ਹੋਲੀ ਦੇ ਤਿਉਹਾਰ ਨੂੰ ਸ਼ਰਾਬਾਂ ਉੱਡਦੀਆਂ, ਕਈ ਝਗੜੇ-ਫਸਾਦ, ਲੜਾਈਆਂ, ਐਕਸੀਡੈਂਟ ਅਤੇ ਕਤਲ ਤੱਕ ਹੁੰਦੇ ਹਨ। ਸ਼ਰਾਬ ਦੇ ਨਸ਼ੇ ਵਿੱਚ ਕਈ ਭੂਤਰੇ ਲੋਕ, ਇਸ ਵਿਗੜੇ ਹੋਏ ਵਾਤਾਵਰਣ ਦਾ, ਆਪਣੇ ਢੰਗ ਨਾਲ ਪੂਰਾ ਲਾਭ ਉਠਾਉਂਦੇ ਅਤੇ ਅਪਣੀਆਂ ਦੁਸ਼ਮਣੀਆਂ ਕਢਦੇ ਹਨ। ਜਵਾਨ ਬੱਚੀਆਂ ਅਤੇ ਇਸਤਰੀਆਂ ਨਾਲ ਸ਼ਰਮਨਾਕ ਮਜ਼ਾਕ ਕਰਨੇ ਇਸ ਤਿਉਹਾਰ ਦੀ ਹੀ ਦੇਣ ਹਨ। ਭਾਰਤ ਵਿੱਚ, ਉਪ੍ਰੋਕਤ ਕ੍ਰਿਸ਼ਨ ਜੀ ਵਾਲੀ ਘਟਨਾਂ ਨੂੰ ਆਧਾਰ ਬਣਾ ਕੇ, ਸਭ ਤੋਂ ਵੱਧ ਹੋਲੀ ਮਥਰਾ, ਗੋਕਲ ਅਤੇ ਬਿੰਦਰਾਬਨ ਵਿੱਚ ਹੀ ਖੇਡੀ ਜਾਂਦੀ ਹੈ। ਧਾਰਮਿਕ-ਤਿਉਹਾਰ ਦੇ ਬਹਾਨੇ ਅਨੇਕਾਂ ਕਾਮ-ਉਕਸਾਊ ਅਤੇ ਅਸ਼ਲੀਲ ਹਰਕਤਾਂ ਕੀਤੀਆਂ ਜਾਂਦੀਆਂ ਹਨ। ਸਿੱਖਾਂ ਵਿੱਚ ਹੋਲੀ ਦਾ ਤਿਉਹਾਰ ਪੱਕੇ ਰੰਗਾਂ, ਨਸ਼ਿਆਂ ਅਤੇ ਗੰਦ-ਮੰਦ ਸੁੱਟਣ ਆਦਿ ਦੇ ਢੰਗ ਨਾਲ ਮਨਾਉਣਾ ਪੂਰੀ ਤਰ੍ਹਾਂ ਵਰਜਿਤ ਹੈ। ਅਕਾਲ-ਪੁਰਖ ਦੇ ਬਖਸ਼ੇ ਸੁੰਦਰ ਕੇਸਾਧਾਰੀ ਸਰੂਪ ਦੀ ਬੇਅਦਬੀ ਕਰਨ ਜਾਂ ਕਰਾਉਣ ਦਾ ਸਾਨੂੰ ਕੋਈ ਅਧਿਕਾਰ ਨਹੀਂ।

ਹੋਲੇ-ਮਹੱਲੇ ਦਾ ਮਹੱਤਵ ਓਦੋਂ ਹੋਰ ਵੀ ਸਪਸ਼ਟ ਹੋ ਜਾਂਦੈ ਜਦੋਂ ਅਸੀਂ ਸਿੱਖੀ ਦੇ ਮੂਲ ਸਿਧਾਂਤ ਦੇਗ-ਤੇਗ ਫਤਹਿ ਵਾਲੇ ਸ਼ਬਦਾਂ ਵੱਲ ਧਿਆਨ ਕਰੀਏ। ਗੁਰੂ ਕੀਆਂ ਸੰਗਤਾਂ ਨੂੰ ਗੁਰਦੇਵ ਨੇ, ਜਿੱਥੇ ਕੜਾਹ-ਪ੍ਰਸ਼ਾਦ ਅਤੇ ਗੁਰੂ ਕੇ ਲੰਗਰ ਆਦਿ ਨੂੰ "ਦੇਗ਼" ਕਿਹੈ ਉਥੇ ਨਾਲ ਹੀ ਨੇਮ ਹੈ ਕਿ ਬਿਨਾਂ "ਕ੍ਰਿਪਾਨ ਭੇਟ" ਕੜਾਹ-ਪ੍ਰਸ਼ਾਦ ਦੀ ਦੇਗ਼ ਵੀ ਨਹੀਂ ਵਰਤਾਉਣੀ। ਕੁਝ ਸੱਜਣ ਕੜਾਹ-ਪ੍ਰਸ਼ਾਦ ਦੀ ਦੇਗ਼ ਦੇ ਕ੍ਰਿਪਾਨ ਭੇਟ ਕਰਨ ਨੂੰ "ਭੋਗ ਲੁਵਾਉਣਾ" ਸਮਝਦੇ ਹਨ। ਗੁਰਮਤਿ ਵਿੱਚ ਭੋਗ ਲੌਣ ਜਾਂ ਲਵੌਣ ਦਾ ਕੋਈ ਵਿਧਾਨ ਹੀ ਨਹੀਂ, ਇਹ ਪ੍ਰਥਾ ਤਾਂ ਦੇਵੀ-ਦੇਵਤਿਆਂ ਅਥਵਾ ਮੂਰਤੀਆਂ ਦੇ ਪੁਜਾਰੀਆਂ ਦੀ ਹੈ। ਗੁਰੂ ਦਰ ਤੇ ਤਾਂ, ਸਿੱਖ ਧਰਮ ਦੇ ਮੂਲ ਸਿਧਾਂਤ "ਦੇਗ਼-ਤੇਗ਼ ਫਤਹਿ" ਦੇ ਆਧਾਰ ਤੇ ਜੋ ਕ੍ਰਿਪਾਨ ਭੇਟ ਕਰਨ ਦਾ ਨਿਯਮੈ, ਉਸ ਦਾ ਸਿੱਧਾ ਅਰਥੈ ਕਿ ਗੁਰਸਿਖ ਨੇ, ਸ਼ਸਤਰਾਂ ਨੂੰ ਭੁਲਾ ਕੇ, ਦੇਗ਼ਾਂ ਵਾਸਤੇ ਹੀ ਨਹੀਂ ਰਹਿ ਜਾਣਾ। ਰਹਿਤਨਾਮਾ, ਪ੍ਰਸ਼ਨ-ਉੱਤਰ ਭਾਈ ਨੰਦ ਲਾਲ ਸਿੰਘ ਜੀ-ਸ਼ਸਤ੍ਰਹੀਨ ਇਹ ਕਬਹੁ ਨ ਹੋਈ॥ ਰਹਤਵੰਤ ਖਾਲਿਸ ਹੈ ਸੋਈ॥ ਰਹਿਤਨਾਮਾ ਭਾਈ ਦੇਸਾ ਸਿੰਘ ਜੀ-ਕਛ ਕ੍ਰਿਪਾਨ ਨ ਕਬਹੂੰ ਤਿਆਗੈ॥ ਸਨਮੁਖ ਲਰੈ ਨ ਰਣ ਤੇ ਭਾਗੈ॥ ਦਸਮੇਸ਼ ਜੀ ਦਾ ਖ਼ਾਲਸੇ ਨੂੰ ਹੁਕਮ ਕਿ ਜਦ ਵੀ ਐਸੇ ਨਾਜ਼ਕ ਹਲਾਤਾਂ ਵਿੱਚ ਮੇਰੇ ਕੋਲ ਆਓ-ਜਬ ਹਮਰੇ ਦਰਸ਼ਨ ਕੋ ਆਵਹੁ॥ ਬਨ ਸੁਚੇਤ ਤਨ ਸ਼ਸਤ੍ਰ ਸਜਾਵਹੁ॥ ਕਮਰਕਸਾ ਕਰ ਦੇਹੁ ਦਿਖਾਈ॥ ਹਮਰੀ ਖੁਸ਼ੀ ਹੋਇ ਅਧਿਕਾਈ॥ ਨੋਟ-ਇੱਥੇ ਗੁਰੂ ਜੀ ਨੇ ਸ਼ਸ਼ਤ੍ਰ ਪੂਜਾ ਦੀ ਨਹੀਂ ਸਗੋਂ ਸੁਚੇਤ ਹੋ, ਲੋੜ ਅਨੁਸਾਰ ਸ਼ਸ਼ਤ੍ਰ-ਵਿਦਿਆ ਦਾ ਯੋਗ ਅਭਿਆਸ ਅਤੇ ਵਰਤੋਂ ਕਰਨ ਦੀ ਸਿਖਿਆ ਦਿੱਤੀ ਹੈ।

ਹੋਲੇ-ਮਹੱਲੇ ਦੇ ਤਿਉਹਾਰ ਦੀ ਇੱਕ ਅਪਣੀ ਹੀ ਵਿਸ਼ੇਸ਼ਤੈ ਜਿਵੇਂ ਕਿ ਸਾਰੇ ਸਮਕਾਲੀ ਲਿਖਾਰੀ ਅਤੇ ਸਿੱਖ ਇਤਿਹਾਸਕਾਰ ਇਸ ਬਾਰੇ ਸਹਿਮਤ ਹਨ ਕਿ ਗੁਰੂ ਸਾਹਿਬਾਨਾਂ ਵਲੋਂ, ਸਿਖਾਂ ਵਾਸਤੇ "ਗੁਰੂ ਗਿਆਨ ਦੇ ਨਾਲ ਕੇਸਾਧਾਰੀ ਅਤੇ ਸ਼ਸਤ੍ਰਧਾਰੀ" ਹੋਣਾ ਸਭ ਤੋਂ ਜਰੂਰੀ ਦਸਿਆ ਗਿਆ ਹੈ। ਇਸੇ ਤਰ੍ਹਾਂ ਸਿਖਾਂ ਵਿੱਚ, ਸ਼ਸਤਰ ਅਭਿਆਸ ਨੂੰ ਪੱਕਾ ਕਰਨ ਵਾਸਤੇ ਗੁਰੂ ਸਾਹਿਬਾਨ ਨੇ "ਹੋਲੇ-ਮਹੱਲੇ" ਦਾ ਤਿਉਹਾਰ ਵੀ ਆਪ ਹੀ ਸਿਰਜਿਆ। ਜਿਸ ਤਰ੍ਹਾਂ ਗੁਰਸਿਖ ਨੇ ਕੜਾਹ ਪ੍ਰਸ਼ਾਦ ਸਮੇਂ ਨਿਤਾ ਪ੍ਰਤੀ ਕ੍ਰਿਪਾਨ ਭੇਟ ਕਰਨੀ ਹੈ, ਠੀਕ ਉਸੇ ਤਰ੍ਹਾਂ ਉਸ ਦੀ ਸ਼ਸਤਰਾਂ ਨਾਲ ਸਾਂਝ ਵੀ ਨਿਤਾ ਪ੍ਰਤੀ ਹੈ। "ਹੋਲਾ-ਮਹੱਲਾ" ਨਿਰਾਪੁਰਾ ਇੱਕ ਤਿਉਹਾਰ ਹੀ ਨਹੀਂ ਬਲਕਿ ਸਿੱਖ ਨੂੰ ਸ਼ਸਤ੍ਰ ਅਭਿਆਸੀ ਬਣੇ ਰਹਿਣ ਦੀ ਤਾਗੀਦ ਵੀ ਹੈ। ਫੌਜੀ ਨੇਮ ਹੈ ਕਿ ਕਿਸੇ ਵੀ ਦੇਸ਼ ਦੀਆਂ ਫੌਜਾਂ ਸਦਾ ਜੰਗਾਂ ਯੁੱਧਾਂ ਤੇ ਨਹੀਂ ਚੜ੍ਹੀਆਂ ਰਹਿੰਦੀਆਂ ਪਰ ਉਨ੍ਹਾਂ ਦੇ ਸ਼ਸਤ੍ਰ ਅਭਿਆਸ ਨਿੱਤ ਹੀ ਚਲਦੇ ਰਹਿੰਦੇ ਹਨ। ਨਿਰਾਪੁਰਾ ਸ਼ਸਤ੍ਰਧਾਰੀ ਹੋਣਾ ਵੀ ਕਿਸੇ ਵਕਤ ਮਨੁੱਖ ਨੂੰ ਜ਼ਾਲਮ ਬਣਾ ਸਕਦੈ ਪਰ ਜਦੋਂ ਉਸ ਦੇ ਜੀਵਨ ਨੂੰ ਗੁੜ੍ਹਤੀ ਹੀ ਗੁਰਬਾਣੀ ਦੀ ਹੋਵੇ, ਜਿਸਦੇ ਸ਼ਸਤ੍ਰ ਵਰਤੋਂ ਦਾ ਭਾਵ ਹੀ ਮਜ਼ਲੂਮ ਦੀ ਰਾਖੀ, ਅਣਖ ਅਤੇ ਗ਼ੈਰਤ ਦਾ ਜੀਵਨ ਹੋਵੇ ਤਾਂ ਅਜੇਹੇ ਮਨੁੱਖ ਦੇ ਜ਼ਾਲਮ ਹੋਣ ਦੀ ਗੱਲ ਹੀ ਮੁੱਕ ਜਾਂਦੀ ਹੈ।

ਦੇਖੋ! ਗੁਰੂ ਨਾਨਕ ਸਾਹਿਬ ਉੱਚੇਚੇ ਤੌਰ ਤੇ ਹੋਲੀ ਦੇ ਦਿਨਾਂ ਵਿੱਚ ਮਥਰਾ ਪੁੱਜੇ। ਭਾਰਤ ਵਿੱਚ ਮਥਰਾ ਹੋਲੀਆਂ ਦੇ ਤਿਉਹਾਰ ਦਾ ਕੇਂਦਰ ਮੰਨਿਆਂ ਜਾਂਦਾ ਹੈ। ਗੁਰੂ ਜੀ ਨੇ ਉੱਥੇ ਧਰਮ-ਤਿਉਹਾਰ ਵਿੱਚ ਪਹੁੰਚ ਕੇ ਲੋਕਾਈ ਵਿੱਚ ਖੇਡੀਆਂ ਜਾ ਰਹੀਆਂ ਅਸਭਿਅਕ ਖੇਡਾਂ ਤੋਂ, ਲੋਕਾਂ ਨੂੰ ਮਨ੍ਹਾ ਕੀਤਾ ਪਰ ਪਾਂਡਿਆਂ ਨੇ ਇਸ ਨੂੰ ਕਲਜੁਗ ਦਾ ਪ੍ਰਭਾਵ ਦੱਸਿਆ। ਗੁਰੂ ਜੀ ਨੇ ਉੱਥੇ-ਸੋਈ ਚੰਦੁ ਚੜਹਿ ਸੇ ਤਾਰੇ ਸੋਈ ਦਿਨੀਅਰੁ ਤਪਤ ਰਹੈ॥ ਸਾ ਧਰਤੀ ਸੋ ਪਉਣੁ ਝੁਲਾਰੇ ਜੁਗ ਜੀਅ ਖੇਲੇ ਥਾਵ ਕੈਸੇ॥(੯੦੨) ਵਾਲੇ ਸ਼ਬਦ ਰਾਹੀਂ ਸਮਝਾਇਆ ਕਿ ਅਖੌਤੀ ਕਲਜੁਗ ਦਾ ਪੜ੍ਹਦਾ ਪਾ ਕੇ ਧਾਰਮਿਕ ਆਗੂ ਜਾਂ ਆਮ ਲੋਕਾਈ ਆਪਣੇ ਦੋਸ਼ਾਂ ਤੋਂ ਮੁਕਤ ਨਹੀਂ ਹੋ ਸਕਦੀ ਸਗੋਂ ਮਨੁੱਖ ਇੱਕ ਨੇਕ-ਪ੍ਰਉਪਕਾਰੀ ਇਨਸਾਨ ਬਣੇ ਅਤੇ ਆਪਣੇ ਜੀਵਨ ਨੂੰ ਸਫਲ ਕਰੇ। ਹਰੇਕ ਗੁਰਸਿੱਖ ਵਾਸਤੇ ਇਸ ਪੱਖੋਂ ਇਹ ਸ਼ਬਦ ਸਮਝਣਾ ਅਤੀ ਜ਼ਰੂਰੀ ਕਿ ਜੋ ਹੋਲੀ ਦੇ ਬਹਾਨੇ, ਆਪਣੇ ਮੂੰਹ-ਸਿਰ, ਲਾਲ-ਨੀਲੇ, ਕਾਲੇ-ਪੀਲੇ ਕਰਦੇ ਹਨ-ਗੁਰੁ ਸੇਵਉ ਕਰਿ ਨਮਸਕਾਰ॥ ਆਜੁ ਹਮਾਰੈ ਮੰਗਲਚਾਰ॥ ਆਜੁ ਹਮਾਰੈ ਮਹਾ ਅਨੰਦ॥ ਚਿੰਤ ਲਥੀ ਭੇਟੇ



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਭਗਵੰਤ ਮਾਨ ਨੇ ਮੁੱਖ ਮੰਤਰੀ ਵਜੋਂ ਅਹੁਦਾ ਸੰਭਾਲਿਆ





(ਸਫਾ 1 ਦੀ ਬਾਕੀ)

ਅਸੀਂ ਸ਼ਹੀਦਾਂ, ਆਜ਼ਾਦੀ ਘੁਲਾਟੀਆਂ ਅਤੇ ਬਜ਼ੁਰਗਾਂ ਤੋਂ ਅਸ਼ੀਰਵਾਦ ਲੈਂਦੇ ਹਾਂ ਅਤੇ ਪੰਜਾਬ ਦੇ ਲੋਕਾਂ ਦੇ ਸਮਰਥਨ ਲਈ ਧੰਨਵਾਦ ਕਰਦੇ ਹਾਂ।

ਭਗਤ ਸਿੰਘ ਦੇ ਪਿੰਡ ਜਾ ਕੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰਨਾ ਅਤੇ ਪੰਜਾਬ ਦੇ ਲੋਕਾਂ ਲਈ ਕੰਮ ਕਰਨਾ ਮੇਰਾ ਇੱਕ ਬਹੁਤ ਵੱਡਾ ਸੁਪਨਾ ਸੀ। ਸੱਚੇ ਸ਼ਾਸਕ ਸਿਰਫ ਉਹ ਹੁੰਦੇ ਹਨ ਜੋ ਲੋਕਾਂ ਦੇ ਦਿਲਾਂ 'ਤੇ ਰਾਜ ਕਰਦੇ ਹਨ।"

ਅਸੀਂ ਹੌਲੀ-ਹੌਲੀ ਕੰਮ ਸ਼ੁਰੂ ਕਰਾਂਗੇ। ਮੈਂ ਤੁਹਾਨੂੰ ਸਾਰਿਆਂ ਨੂੰ ਅਪੀਲ ਕਰਦਾ ਹਾਂ ਕਿ ਸੋਸ਼ਲ ਮੀਡੀਆ'ਤੇ ਬਹਿਸ ਜਾਂ ਅਪਮਾਨਜਨਕ ਸ਼ਬਦਾਂ ਦੀ ਵਰਤੋਂ ਨਹੀਂ ਕਰਨੀ ਕਿਉਂਕਿ ਲੋਕਾਂ ਨੂੰ ਇਹ ਮਹਿਸੂਸ ਕਰਨਾ ਚਾਹੀਦਾ ਹੈ ਕਿ ਇੱਕ ਪਰਿਪੱਕ ਸਰਕਾਰ ਸੱਤਾ ਵਿੱਚ ਹੈ।"

### ਮੁੱਖ ਮੰਤਰੀ ਦਫ਼ਤਰ 'ਚ ਲੱਗੀ ਸ਼ਹੀਦ ਭਗਤ ਸਿੰਘ ਤੇ ਡਾ ਅੰਬੇਡਕਰ ਦੀ ਤਸਵੀਰ

ਆਮ ਆਦਮੀ ਪਾਰਟੀ ਪੰਜਾਬ ਦੇ ਪ੍ਰਧਾਨ ਅਤੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਸਰਕਾਰੀ ਦਫ਼ਤਰਾਂ 'ਚ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਅਤੇ ਬਾਬਾ ਸਾਹਿਬ ਡਾ। ਭੀਮ ਰਾਓ ਅੰਬੇਡਕਰ ਜੀ ਦੀਆਂ ਤਸਵੀਰਾਂ ਲਗਾਉਣ ਸਬੰਧੀ ਹਦਾਇਤ ਕੀਤੀ ਗਈ ਸੀ। ਇਨ੍ਹਾਂ ਹੁਕਮਾਂ ਦੀ ਪਾਲਣਾ ਖ਼ੁਦ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਵੀ ਕੀਤੀ ਗਈ ਹੈ। ਮੁੱਖ ਮੰਤਰੀ ਅਹੁਦੇ ਦੀ ਸਹੁੰ ਚੁੱਕਣ ਉਪਰੰਤ ਜਦੋਂ ਉਨ੍ਹਾਂ ਆਪਣੇ ਦਫ਼ਤਰ ਵਿੱਚ ਕਾਰਜਭਾਰ ਸੰਭਾਲਿਆ ਤਾਂ ਉਸ ਤੋਂ ਪਹਿਲਾਂ ਹੀ ਸ਼ਹੀਦ ਭਗਤ ਸਿੰਘ ਅਤੇ ਬਾਬਾ ਸਾਹਿਬ ਡਾ। ਅੰਬੇਡਕਰ ਦੀਆਂ ਤਸਵੀਰਾਂ ਲੱਗੀਆਂ ਦਿਖਾਈ ਦਿੱਤੀਆਂ। ਭਗਵੰਤ ਮਾਨ ਵੱਲੋਂ ਪੰਜਾਬ ਦੇ ਲੋਕਾਂ ਨੂੰ ਅਪੀਲ ਕੀਤੀ ਗਈ ਸੀ ਕਿ ਉਨ੍ਹਾਂ ਨੂੰ ਹਰੇ ਰੰਗ ਦਾ ਪੈਨ ਦਿੱਤਾ ਜਾਵੇ ਤਾਂ ਜੋ ਉਹ ਪੰਜਾਬ ਦੇ ਲੋਕਾਂ ਲਈ ਭਲਾਈ ਦੇ ਕੰਮ ਕਰ ਸਕਣ। ਪੰਜਾਬ ਦੇ ਲੋਕਾਂ ਨੇ ਹੂੰਝਾ ਫੇਰ ਜਿੱਤ ਦਿਵਾ ਕੇ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਈ ਹੈ। ਭਗਵੰਤ ਮਾਨ ਨੇ ਦਫ਼ਤਰ 'ਚ ਹਰੇ ਪੈਨ ਨਾਲ ਦਸਤਖ਼ਤ ਕਰਕੇ ਆਪਣਾ ਅਹੁਦਾ ਸੰਭਾਲਿਆ ਅਤੇ ਸ਼ਹੀਦ ਭਗਤ ਸਿੰਘ ਤੇ ਡਾ। ਅੰਬੇਡਕਰ ਦੇ ਸੁਪਨਿਆਂ ਦਾ ਪੰਜਾਬ ਬਣਾਉਣ ਲਈ ਕੰਮ ਸ਼ੁਰੂ ਕੀਤਾ।

### ਪੰਜਾਬੀਆਂ ਨੂੰ ਗੁੰਮਰਾਹ ਕਰਨ ਵਾਲਾ ਜੁਮਲਾ-ਚੁੱਘ

ਭਾਜਪਾ ਦੇ ਕੌਮੀ ਜਨਰਲ ਸਕੱਤਰ ਤਰੁਣ ਚੁੱਘ ਨੇ ਕਿਹਾ ਹੈ ਕਿ ਸੂਬੇ 'ਚ ਬਣੀ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਮੁਖੀ ਭਗਵੰਤ ਮਾਨ ਦਾ ਸਹੁੰ ਚੁੱਕ ਸਮਾਗਮ ਸੂਬੇ ਦੇ 3 ਕਰੋੜ ਲੋਕਾਂ ਦੇ ਮੁੱਖ ਮੰਤਰੀ ਦਾ ਸਹੁੰ ਚੁੱਕ ਸਮਾਗਮ ਪੰਜਾਬੀਆਂ ਨੂੰ ਗੁੰਮਰਾਹ ਕਰਨ ਵਾਲਾ ਜੁਮਲਾ ਹੈ। ਅਸਲ 'ਚ ਭਗਵੰਤ ਮਾਨ ਨੇ ਰਾਜਿਆਂ-ਮਹਾਰਾਜਿਆਂ ਦੀ ਤਰ੍ਹਾਂ ਆਪਣੀ ਤਾਜਪੋਸ਼ੀ ਦਾ ਪ੍ਰੋਗਰਾਮ ਰੱਖਿਆ ਹੋਇਆ ਸੀ, ਜਿਸ ਵਿੱਚ ਸੂਬੇ ਦੇ ਲੋਕਾਂ ਦੇ ਖ਼ੂਨ-ਪਸੀਨੇ ਦੀ ਕਮਾਈ ਦੇ ਕਰੋੜਾਂ ਰੁਪਏ ਫੂਕ ਦਿੱਤੇ ਗਏ ਤੇ ਉਹ ਇਹ ਵੀ ਦੱਸਣ ਕਿ ਜੋ 150 ਏਕੜ ਫਸਲ ਨੁਕਸਾਨੀ ਗਈ, ਕਿੰਨੇ ਲੋਕਾਂ ਦਾ ਪੇਟ ਭਰਦੀ। ਉਸ ਦਾ ਮੁਆਵਜ਼ਾ ਕੌਣ ਦੇਵੇਗਾ। ਤਰੁਣ ਚੁੱਘ ਨੇ ਇਕ ਬਿਆਨ 'ਚ ਕਿਹਾ ਕਿ ਪੰਜਾਬ ਦੇ ਲੋਕਾਂ ਨੂੰ ਉਮੀਦ ਸੀ ਕਿ ਅੱਜ ਪੂਰੀ ਕੈਬਨਿਟ ਨੂੰ ਸਹੁੰ ਚੁਕਾਈ ਜਾਵੇਗੀ ਪਰ 'ਆਪ' ਲੀਡਰਸ਼ਿਪ ਨੇ ਭਗਵੰਤ ਮਾਨ ਦੇ ਮੁੱਖ ਮੰਤਰੀ ਵਜੋਂ ਸਹੁੰ ਚੁੱਕ ਸਮਾਗਮ ਦਾ ਆਯੋਜਨ ਕੀਤਾ। ਚੁੱਘ ਨੇ ਇਸ ਗੱਲ 'ਤੇ ਇਤਰਾਜ਼ ਜਤਾਇਆ ਕਿ 'ਆਪ' ਦੇ ਕਈ ਵਿਧਾਇਕ ਸਹੁੰ ਚੁੱਕਣ ਤੋਂ ਪਹਿਲਾਂ ਹੀ ਹਸਪਤਾਲਾਂ ਅਤੇ ਸਕੂਲਾਂ ਦੇ ਕੰਮਕਾਜ 'ਚ ਰੁਕਾਵਟ ਪਾ ਰਹੇ ਹਨ। 'ਆਪ' ਨੂੰ ਜੋ ਭਾਰੀ ਬਹੁਮਤ ਮਿਲਿਆ ਹੈ, ਉਸ ਨੂੰ ਸੂਬੇ 'ਚ ਵਿਘਨ ਪਾਉਣ ਵਾਲੀ ਭੂਮਿਕਾ ਨਹੀਂ ਨਿਭਾਉਣੀ ਚਾਹੀਦੀ। ਪੰਜਾਬ ਇਕ ਸੰਵੇਦਨਸ਼ੀਲ ਸੂਬਾ ਹੈ।

### ਮਨੀਸ਼ ਤਿਵਾੜੀ ਤੇ ਰਾਜਾ ਵੜਿੰਗ ਵਲੋਂ ਵਧਾਈ

ਪੰਜਾਬ ਵਿਧਾਨ ਸਭਾ ਚੋਣਾਂ 'ਚ ਕਰਾਰੀ ਹਾਰ ਤੋਂ ਬਾਅਦ ਕਾਂਗਰਸ ਵਿੱਚ ਪੈਦਾ ਹੋਏ ਘਮਾਸਾਨ ਦਰਮਿਆਨ ਅਨੰਦਪੁਰ ਸਾਹਿਬ ਸੀਟ ਤੋਂ ਪਾਰਟੀ ਦੇ ਸੰਸਦ ਮੈਂਬਰ ਮਨੀਸ਼ ਤਿਵਾੜੀ ਨੇ ਨਵੇਂ ਬਣੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਵਧਾਈ ਦਿੱਤੀ ਤੇ ਕਿਹਾ ਕਿ ਵਿਡੰਬਨਾ ਇਹ ਹੈ ਕਿ ਉਨ੍ਹਾਂ ਨੂੰ ਕਾਂਗਰਸੀ ਆਗੂ ਚਰਨਜੀਤ ਸਿੰਘ ਚੰਨੀ ਦੇ ਮੁੱਖ ਮੰਤਰੀ ਵਜੋਂ ਸਹੁੰ ਚੁੱਕ ਸਮਾਗਮ ਵਿੱਚ ਨਹੀਂ ਬੁਲਾਇਆ ਗਿਆ ਸੀ। ਤਿਵਾੜੀ ਨੇ ਆਪਣੇ ਟਵਿੱਟਰ ਹੈਂਡਲ 'ਤੇ ਭਗਵੰਤ ਮਾਨ ਦੇ ਸਹੁੰ ਚੁੱਕ ਸਮਾਗਮ ਦੇ ਸੱਦੇ ਦਾ ਹਵਾਲਾ ਦਿੰਦਿਆਂ ਟਵੀਟ ਕੀਤਾ ਕਿ ਉਹ ਮਾਨ ਨੂੰ ਵਧਾਈ ਦਿੰਦੇ ਹਨ ਅਤੇ ਉਨ੍ਹਾਂ ਦੇ ਸਹੁੰ ਚੁੱਕ ਸਮਾਗਮ ਵਿੱਚ ਸੱਦਾ ਦੇਣ ਲਈ ਧੰਨਵਾਦ ਕਰਦੇ ਹਨ।

ਕਾਂਗਰਸ ਦੇ ਸਾਬਕਾ ਟਰਾਂਸਪੋਰਟ ਮੰਤਰੀ ਅਤੇ ਗਿੱਦੜਬਾਹਾ ਤੋਂ ਵਿਧਾਇਕ ਬਣੇ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਭਗਵੰਤ ਮਾਨ ਨੂੰ ਵਧਾਈ ਦਿੱਤੀ। ਉਨ੍ਹਾਂ ਭਗਵੰਤ ਮਾਨ ਨੂੰ ਵਧਾਈ ਦਿੰਦਿਆਂ ਆਖਿਆ ਕਿ ਮੈਂ ਆਸ ਕਰਦਾ ਹਾਂ ਕਿ ਤੁਸੀਂ ਪੰਜਾਬ ਦੇ ਲੋਕਾਂ ਦੀਆਂ ਉਮੀਦਾਂ 'ਤੇ ਖਰਾ ਉਤਰੋਗੇ।

### ਗੁਰਦਾਸ ਮਾਨ ਤੇ ਮੁਹੰਮਦ ਸਦੀਕ ਨੇ ਕੀਤੀ ਸ਼ਿਰਕਤ

ਭਗਵੰਤ ਮਾਨ ਦੇ ਸਹੁੰ ਚੁੱਕ ਸਮਾਗਮ 'ਚ ਕਈ ਸਿਤਾਰੇ ਵੀ ਸ਼ਮੂਲੀਅਤ ਕਰ ਰਹੇ ਹਨ। ਇਸੇ ਸਿਲਸਿਲੇ 'ਚ ਗੁਰਦਾਸ ਮਾਨ ਵੀ ਭਗਵੰਤ ਮਾਨ ਦੇ ਸਹੁੰ ਚੁੱਕ ਸਮਾਗਮ 'ਚ ਪੁੱਜੇ ਹਨ।ਗੁਰਦਾਸ ਮਾਨ ਨੇ ਕਿਹਾ, 'ਮੈਂ ਭਗੰਵਤ ਤੇ ਉਨ੍ਹਾਂ ਦੀ ਸਰਕਾਰ ਤੋਂ ਉਮੀਦ ਰੱਖਦਾ ਕਿ ਉਹ ਪੰਜਾਬ ਦਾ ਬੇੜਾ ਪਾਰ ਕਰਨਗੇ। ਪੰਜਾਬ ਨੂੰ ਨਸ਼ਿਆਂ ਤੋਂ ਮੁਕਤ ਕਰਨਗੇ, ਡਰ, ਭੈਅ, ਵਹਿਮ-ਭਰਮ ਤੋਂ ਮੁਕਤ ਕਰਨਗੇ। ਜਾਤਾਂ-ਪਾਤਾਂ ਤੋਂ ਉੱਪਰ ਉੱਠ ਕੇ ਗੱਲ ਕਰਨਗੇ, ਸਭ ਦੀ ਗੱਲ ਕਰਨਗੇ ਕਿਉਂਕਿ ਉਹ ਆਮ ਆਦਮੀ ਪਾਰਟੀ ਹੈ।'

ਗੁਰਦਾਸ ਮਾਨ ਨੇ ਅਖੀਰ 'ਚ ਕਿਹਾ, 'ਮੈਂ ਦੇਖਿਆ ਹੈ, ਉਨ੍ਹਾਂ ਦੇ ਲੀਡਰਾਂ ਨੂੰ, ਜੋ ਜਿੱਤ ਕੇ ਆਏ ਹਨ। ਇੰਨੇ ਸਾਦਗੀ ਤੇ ਨਿਮਰਤਾ ਵਾਲੇ ਲੋਕ ਹਨ। ਆਪਣੇ ਵੋਟਰਾਂ ਦਾ ਇੰਨਾ ਹੱਥ ਜੋੜ ਕੇ ਤੇ ਪ੍ਰਣਾਮ ਕਰਕੇ ਉਨ੍ਹਾਂ ਦਾ ਧੰਨਵਾਦ ਕਰ ਰਹੇ ਹਨ। ਉਮੀਦ ਹੈ ਕਿ ਲੋਕਾਂ ਦੇ ਮਸਲੇ ਵੀ ਉਹ ਇੰਝ ਹੀ ਹੱਲ ਕਰਨ।'

ਭਗਵੰਤ ਮਾਨ ਦੇ ਦੋਸਤ ਤੇ ਕਾਂਗਰਸੀ ਐਮ ਪੀ ਮੁਹੰਮਦ ਸਦੀਕ ਵੀ ਭਗਵੰਤ ਮਾਨ ਦੇ ਸਹੁੰ ਚੁੱਕ ਸਮਾਗਮ ਦੌਰਾਨ ਕਿਹਾ, 'ਮੈਨੂੰ ਸੱਦਾ ਪੱਤਰ ਮਿਲਿਆ, ਇਸ ਕਰਕੇ ਮੇਰਾ ਆਉਣਾ ਜ਼ਰੂਰੀ ਸੀ ਕਿਉਂਕਿ ਕੋਈ ਬੰਦਾ ਸੱਦਾ ਪੱਤਰ ਭੇਜੇ ਤੇ ਅਦਬ ਕਰੇ ਤਾਂ ਉਥੇ ਪਹੁੰਚਣਾ ਬਹੁਤ ਜ਼ਰੂਰੀ ਹੈ। ਦੂਜੀ ਗੱਲ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਦੀ ਭੂਮੀ 'ਤੇ ਪੰਜਾਬ ਦੇ ਮੁੱਖ ਮੰਤਰੀ ਸਹੁੰ ਚੁੱਕ ਰਹੇ ਹਨ, ਇਹ ਪਹਿਲੀ ਵਾਰ ਹੋ ਰਿਹਾ ਹੈ।'

ਉਨ੍ਹਾਂ ਅੱਗੇ ਕਿਹਾ, 'ਭਗਵੰਤ ਮਾਨ ਜਦੋਂ ਕਾਲਜ 'ਚ ਪੜ੍ਹਦੇ ਸਨ ਤਾਂ ਉਦੋਂ ਉਨ੍ਹਾਂ ਨੇ ਸਟੇਜ ਮੇਰੇ ਨਾਲ ਸ਼ੁਰੂ ਕੀਤੀ ਸੀ। ਆਪਣੇ ਪ੍ਰੋਗਰਾਮ ਤੋਂ ਬਾਅਦ ਗੱਡੀ 'ਚ ਬੈਠ ਕੇ ਅਸੀਂ ਦੋਵੇਂ ਇਹੀ ਗੱਲਬਾਤ ਕਰਦੇ ਸੀ ਕਿ ਮੁਲਕ ਦੀ ਗਰੀਬੀ ਕਿਵੇਂ ਦੂਰ ਹੋ ਸਕਦੀ ਹੈ। ਭਗਵੰਤ ਮਾਨ ਦੀ ਸੋਚ ਬਹੁਤ ਵਧੀਆ ਹੈ। ਉਹ ਹਮੇਸ਼ਾ ਆਮ ਗੱਲਾਂ ਕਰਦਾ ਹੈ ਤੇ ਆਮ ਲੋਕਾਂ ਬਾਰੇ ਗੱਲਾਂ ਕਰਦਾ ਹੈ।'

### ਭਗਵੰਤ ਮਾਨ ਦੇ ਧੀ-ਪੁੱਤ ਪਹੁੰਚੇ ਸਹੁੰ ਚੁੱਕ ਸਮਾਗਮ 'ਚ

ਮੁੱਖ ਮੰਤਰੀ ਦੇ ਸਹੁੰ ਚੁੱਕ ਸਮਾਗਮ ਵਿੱਚ ਸੀਐੱਮ ਭਗਵੰਤ ਮਾਨ ਦੇ ਧੀ ਸੀਰਤ ਅਤੇ ਪੁੱਤ ਦਿਲਸ਼ਾਨ ਮਾਨ ਵੀ ਸ਼ਰੀਕ ਹੋਏ। ਦੋਹਾਂ ਨੇ ਕਿਹਾ ਕਿ ਉਨ੍ਹਾਂ ਨੂੰ ਆਪਣੇ ਪਿਤਾ ਤੇ ਮਾਣ ਹੈ। ਸੀਐੱਮ ਮਾਨ ਦੇ ਧੀ-ਪੁੱਤ ਆਪਣੀ ਮਾਂ ਨਾਲ ਅਮਰੀਕਾ ਰਹਿੰਦੇ ਹਨ ਤੇ ਉਹ ਆਪਣੇ ਪਿਤਾ ਦੀ ਸਹੁੰ ਚੁੱਕ ਸਮਾਗਮ ਲਈ ਸਪੈਸ਼ਲ ਅਮਰੀਕਾ ਤੋਂ ਆਏ। ਭਗਵੰਤ ਮਾਨ ਅਤੇ ਉਨ੍ਹਾਂ ਦੀ ਪਤਨੀ ਇੰਦਰਪ੍ਰੀਤ ਕੌਰ 2015 'ਚ ਅਲੱਗ ਹੋ ਗਏ ਸਨ ਅਤੇ ਤਲਾਕ਼ ਲੈਣ ਲਈ ਅਰਜ਼ੀ ਦਿੱਤੀ ਸੀ। ਇਸ ਤੋਂ ਬਾਅਦ ਦੋਨੋ ਬੱਚੇ ਇੰਦਰਪ੍ਰੀਤ ਨਾਲ ਅਮਰੀਕਾ ਰਹਿਣ ਲੱਗ ਪਏ ਸਨ। 2014 ਵਿੱਚ ਭਗਵੰਤ ਮਾਨ ਲਈ ਲੋਕ ਸਭਾ ਚੋਣਾਂ ਚ ਇੰਦਰਪ੍ਰੀਤ ਕੌਰ ਨੇ ਸਾਥ ਦਿੱਤਾ ਸੀ ਅਤੇ ਸੰਗਰੂਰ ਵਿੱਚ ਪੂਰੇ ਜ਼ੋਰ ਸ਼ੋਰ ਨਾਲ ਪ੍ਰਚਾਰ ਕੀਤਾ ਸੀ। ਮਾਨ 2014 'ਚ ਪਹਿਲੀ ਵਾਰ ਲੋਕ ਸਭਾ ਲਈ ਚੋਣ ਲੜੇ ਸਨ।

# ਭਗਵੰਤ ਮਾਨ ਦਾ ਕਲਾਕਾਰ ਤੋਂ ਮੁੱਖ ਮੰਤਰੀ ਅਹੁਦੇ ਤਕ ਦਾ ਸਫ਼ਰ

**ਚੰਡੀਗੜ੍ਹ-** ਭਗਵੰਤ ਮਾਨ ਨੇ ਪੰਜਾਬ ਦੇ ਮੁੱਖ ਮੰਤਰੀ ਵਜੋਂ ਸਹੁੰ ਚੁੱਕੀ ਹੈ। ਭਗਵੰਤ ਮਾਨ ਨੇ ਆਪਣੀ ਕਾਮੇਡੀ ਨਾਲ ਲੋਕਾਂ ਦੇ ਦਿਲਾਂ ਵਿੱਚ ਥਾਂ ਬਣਾਈ ਤੇ 2011 ਵਿੱਚ ਸਿਆਸਤ ਵਿੱਚ ਕਦਮ ਰੱਖਿਆ। ਉਨ੍ਹਾਂ ਨੇ ਸਭ ਤੋਂ ਪਹਿਲਾਂ ਮਨਪ੍ਰੀਤ ਬਾਦਲ ਦੀ ਪਾਰਟੀ ਪੰਜਾਬ ਪੀਪਲਜ਼ ਪਾਰਟੀ ਨਾਲ ਆਪਣਾ ਸਿਆਸੀ ਕਰੀਅਰ ਸ਼ੁਰੂ ਕੀਤਾ। ਭਗਵੰਤ ਮਾਨ ਨੇ ਪਹਿਲੀ ਵਾਰ ਪੀਪੀਪੀ ਦੀ ਟਿਕਟ 'ਤੇ ਚੋਣ ਲੜੀ ਸੀ, ਪਰ ਉਨ੍ਹਾਂ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ ਸੀ। ਬਾਅਦ ਵਿੱਚ ਉਹ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ। ਉਸ ਸਮੇਂ ਆਮ ਆਦਮੀ ਪਾਰਟੀ ਨੇ ਸਿਆਸਤ ਸ਼ੁਰੂ ਕਰ ਦਿੱਤੀ ਸੀ। 2014 ਵਿੱਚ ਭਗਵੰਤ ਮਾਨ ਨੇ ਸੰਗਰੂਰ ਤੋਂ ਲੋਕ ਸਭਾ ਚੋਣ ਲੜੀ ਅਤੇ ਸ਼ਾਨਦਾਰ ਜਿੱਤ ਦਰਜ ਕੀਤੀ।

2014 ਦੀਆਂ ਲੋਕ ਸਭਾ ਚੋਣਾਂ ਜਿੱਤਣ ਤੋਂ ਬਾਅਦ ਭਗਵੰਤ ਮਾਨ ਨੇ ਕਦੇ ਪਿੱਛੇ ਮੁੜ ਕੇ ਨਹੀਂ ਦੇਖਿਆ। ਉਸ ਸਮੇਂ ਪੰਜਾਬ ਵਿੱਚ 'ਆਪ' ਦੇ ਚਾਰ ਸੰਸਦ ਮੈਂਬਰ ਜਿੱਤੇ ਸਨ। ਸਾਲ 2019 'ਚ ਭਗਵੰਤ ਮਾਨ ਨੇ ਮੁੜ ਲੋਕ ਸਭਾ ਚੋਣ ਲੜੀ ਅਤੇ ਜਿੱਤ ਹਾਸਲ ਕੀਤੀ।

ਇਸ ਵਾਰ ਭਗਵੰਤ ਮਾਨ ਵਿਧਾਨ ਸਭਾ ਚੋਣ ਲੜੇ ਅਤੇ ਜਿੱਤੇ। ਚੋਣਾਂ ਤੋਂ ਪਹਿਲਾਂ ਪਾਰਟੀ ਨੇ ਭਗਵੰਤ ਮਾਨ ਨੂੰ ਸੀਐਮ ਚਿਹਰਾ ਬਣਾਇਆ ਸੀ। ਪਾਰਟੀ ਨੇ ਭਗਵੰਤ ਮਾਨ ਦੀ ਅਗਵਾਈ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ। ਪਾਰਟੀ ਨੇ ਕੁੱਲ 117 ਵਿਧਾਨ ਸਭਾ ਸੀਟਾਂ ਵਿੱਚੋਂ 92 ਸੀਟਾਂ ਜਿੱਤੀਆਂ ਹਨ। ਸੱਤਾਧਾਰੀ ਕਾਂਗਰਸ ਨੂੰ ਬੁਰੀ ਤਰ੍ਹਾਂ ਹਾਰ ਦਾ ਸਾਹਮਣਾ ਕਰਨਾ ਪਿਆ। ਕਾਂਗਰਸ 18 ਸੀਟਾਂ 'ਤੇ ਸਿਮਟ ਗਈ, ਜਦਕਿ ਅਕਾਲੀ ਦਲ 3 ਸੀਟਾਂ 'ਤੇ ਸਿਮਟ ਗਿਆ।



ਭਗਵੰਤ ਮਾਨ ਦਾ ਜਨਮ ਸੰਗਰੂਰ ਦੇ ਪਿੰਡ ਸਤੁਜ ਵਿੱਚ ਹੋਇਆ ਸੀ। ਉਸ ਦੇ ਪਿਤਾ ਨੇ ਆਪ ਮਹਿੰਦਰ ਸਿੰਘ ਸਾਇੰਸ ਅਧਿਆਪਕ ਸਨ, ਜਦਕਿ ਮਾਤਾ ਹਰਪਾਲ ਕੌਰ ਘਰੇਲੂ ਔਰਤ ਹੈ। ਭਗਵੰਤ ਮਾਨ ਦਾ ਜਨਮ 17 ਅਕਤੂਬਰ 1973 ਨੂੰ ਹੋਇਆ ਸੀ। ਉਸ ਨੇ ਮੁੱਢਲੀ ਵਿੱਦਿਆ ਆਪਣੇ ਪਿੰਡ ਦੇ ਸਕੂਲ ਵਿੱਚ ਪ੍ਰਾਪਤ ਕੀਤੀ। ਭਗਵੰਤ ਮਾਨ ਨੇ ਅੱਠਵੀਂ ਦੀ ਪੜ੍ਹਾਈ ਸਰਕਾਰੀ ਸਕੂਲ ਤੋਲਾਵਾਲ ਤੋਂ ਕੀਤੀ, ਜਦਕਿ ਨੌਵੀਂ ਤੇ ਦਸਵੀਂ ਚੀਮਾ ਤੋਂ ਕੀਤੀ। ਉਨ੍ਹਾਂ ਨੇ ਆਪਣੀ ਗ੍ਰੈਜੂਏਸ਼ਨ ਸ਼ਹੀਦ ਊਧਮ ਸਿੰਘ ਸੁਨਾਮ ਤੋਂ ਪ੍ਰਾਪਤ ਕੀਤੀ।

ਇੱਥੋਂ ਹੀ ਭਗਵੰਤ ਮਾਨ ਦੀ ਹਾਸਰਸ ਵਿਅੰਗ ਵਿੱਚ ਰੁਚੀ ਪੈਦਾ ਹੋਈ। ਉਹ ਆਪਣੇ ਚੁਟਕਲਿਆਂ ਨਾਲ ਲੋਕਾਂ ਨੂੰ ਹਸਾਉਣ ਲੱਗਾ। ਦੋ ਵਾਰ ਉਸ ਨੇ ਪੰਜਾਬੀ ਯੂਨੀਵਰਸਿਟੀ ਵਿੱਚ ਗੋਲਡ ਮੈਡਲ ਵੀ ਹਾਸਲ ਕੀਤਾ।

ਇਸ ਤੋਂ ਬਾਅਦ 1992 ਵਿੱਚ ਭਗਵੰਤ ਮਾਨ ਨੇ ਆਪਣੀ ਪਹਿਲੀ ਕੈਸੇਟ ਗੋਭੀ ਦੀਆ, ਕੱਚੇ ਵਪਾਰੀਆਂ ਕੱਢੀ। ਇਸ ਤੋਂ ਬਾਅਦ ਦੋ ਦਰਜਨ ਦੇ ਕਰੀਬ ਕੈਸੇਟਾਂ ਬਾਜ਼ਾਰ ਵਿੱਚ ਆਈਆਂ, ਜਿਨ੍ਹਾਂ ਦੀ ਲੋਕਾਂ ਵੱਲੋਂ ਭਰਪੂਰ ਸ਼ਲਾਘਾ ਕੀਤੀ ਗਈ। ਸਾਲ 2008 ਵਿੱਚ, ਭਗਵੰਤ ਮਾਨ ਨੇ ਟੀਵੀ ਸ਼ੋਅ ਦ ਗ੍ਰੇਟ ਇੰਡੀਆ ਲਾਫਟਰ ਚੈਲੇਂਜ ਵਿੱਚ ਹਿੱਸਾ ਲਿਆ ਅਤੇ ਆਪਣੀ ਕਾਮੇਡੀ ਰਾਹੀਂ ਦੁਨੀਆ ਭਰ ਦੇ ਲੋਕਾਂ ਦੇ ਦਿਲਾਂ 'ਤੇ ਰਾਜ ਕੀਤਾ।

### ਚੋਣ ਯਾਤਰਾ

ਸਾਲ 2012 ਦੌਰਾਨ ਭਗਵੰਤ ਮਾਨ ਨੇ ਪੀਪੀਪੀ ਤੋਂ ਹਲਕਾ ਲਹਿਰਾ ਕੇ ਵਿਧਾਨ ਸਭਾ ਚੋਣ ਲੜੀ ਸੀ।

ਪਹਿਲੀ ਚੋਣ ਵਿਚ ਭਗਵੰਤ ਰਜਿੰਦਰ ਕੌਰ ਭੱਠਲ ਤੋਂ ਹਾਰ ਗਏ ਸਨ।

2014 'ਚ ਸੰਗਰੂਰ ਤੋਂ 'ਆਪ' ਦੀ ਟਿਕਟ 'ਤੇ ਲੋਕ ਸਭਾ ਚੋਣ ਲੜੀ ਅਤੇ ਜਿੱਤੇ।

ਸਾਲ 2019 ਵਿੱਚ ਉਹ ਲਗਾਤਾਰ ਦੂਜੀ ਜਿੱਤ ਦਰਜ ਕਰਕੇ ਸੰਸਦ ਵਿੱਚ ਪਹੁੰਚੇ ਸਨ।

ਸਾਲ 2022 ਵਿੱਚ ਧੂਰੀ ਤੋਂ ਵਿਧਾਨ ਸਭਾ ਚੋਣ ਲੜੀ ਅਤੇ 50 ਹਜ਼ਾਰ ਤੋਂ ਵੱਧ ਦੇ ਫਰਕ ਨਾਲ ਜਿੱਤੇ।

# ਹੋਲਾ-ਮਹੱਲਾ ਸ਼ਸ਼ਤ੍ਰ ਵਿਦਿਆ, ਅਣਖ, ਗੈਰਤ, ਅਜ਼ਾਦੀ ਅਤੇ ਚੜ੍ਹਦੀ ਕਲਾ ਦਾ ਪ੍ਰਤੀਕ

(ਸਫਾ 6 ਦੀ ਬਾਕੀ)

ਗੋਬਿੰਦ॥੧॥ ਆਜੁ ਹਮਾਰੈ ਗ੍ਰਿਹਿ ਬਸੰਤ॥ ਗੁਨ ਗਾਏ ਪ੍ਰਭ ਤੁਮ ਬੇਅੰਤ॥੧॥ਰਹਾਉ॥ ਆਜੁ ਹਮਾਰੈ ਬਨੇ ਫਾਗ॥ ਪ੍ਰਭ ਸੰਗੀ ਮਿਲਿ ਖੇਲਨ ਲਾਗ॥ ਹੋਲੀ ਕੀਨੀ ਸੰਤ ਸੇਵ॥ ਰੰਗੁ ਲਾਗਾ ਅਤਿ ਲਾਲ ਦੇਵ॥(੧੧੮੦) ਭਾਵ ਇਹ ਮਨੁਖਾ ਜੀਵਨ ਹੀ, ਪ੍ਰਭੂ ਪਿਆਰਿਆਂ ਨਾਲ ਮਿਲਕੇ, ਪ੍ਰਭੂ ਰੰਗ ਵਿੱਚ ਰੰਗੇ ਜਾਨ ਵਾਸਤੇ ਤੇ ਉਨ੍ਹਾਂ ਦੇ ਹਿਰਦੇ ਘਰ ਵਿੱਚ, ਸਦਾ ਖੇੜਾ ਤੇ ਬਸੰਤ ਹੀ ਬਨੀ ਰਹਿੰਦੀ ਹੈ। ਇਸ ਵਾਸਤੇ ਦੁਨੀਆਂ ਦੇ ਲੋਕੋ!

ਜੇਕਰ ਤੁਸੀਂ ਫੱਗਣ ਅਤੇ ਬਸੰਤ ਦਾ ਸਹੀ ਅਨੰਦ ਮਾਨਣੈ ਤਾਂ ਪ੍ਰਭੂ ਪਿਆਰਿਆਂ ਦੀ ਸੰਗਤ ਵਿੱਚ ਮਾਣੋ, ਇਵੇਂ ਖਲਕਤ ਅਤੇ ਪ੍ਰਭੂ ਪਿਆਰ ਦੀ ਮਸਤੀ ਵਾਲਾ ਪੱਕਾ ਲਾਲ ਰੰਗ, ਤੁਹਾਡੇ ਮਨ 'ਤੇ ਚੜ੍ਹੇਗਾ। ਮਨੁੱਖਾ ਜਨਮ ਵਾਸਤੇ ਇਹੀ ਉੱਤਮ ਹੋਲੀ ਹੈ। ਦੇਖੋ! ਗੁਰੂ ਸਾਹਿਬ ਨੇ ਹੋਲੀ ਦੇ ਨਾਮ ਦਾ ਵਿਰੋਧ ਨਹੀਂ ਕੀਤਾ ਸਗੋਂ ਉਸ ਦਾ ਰੰਗ-ਢੰਗ ਹੀ ਬਦਲ ਦਿੱਤਾ, ਗੁਰੂ ਆਸ਼ੇ 'ਤੇ ਚੱਲਣ ਵਾਲਿਆਂ ਨੂੰ ਰੰਗ-ਗੁਲਾਲਾਂ-ਚਿੱਕੜਾਂ ਵਾਲੀ ਹੋਲੀ ਤੋਂ ਵਰਜ ਕੇ, ਬਾਣੀ ਵਿਚਾਰ ਵਾਲੇ ਪਾਸੇ ਜੀਵਨ ਨੂੰ ਮੋੜਣ ਦੀ ਪ੍ਰੇਰਨਾ ਕੀਤੀ।

ਭਾਈ ਨੰਦ ਲਾਲ ਸਿੰਘ ਜੀ ਨੇ, ਗੁਰੂ ਜੀ ਦੇ ਉਪ੍ਰੋਕਤ ਸ਼ਬਦ ਦੇ ਆਧਾਰ ਤੇ ਹੀ, ਇੱਕ ਗਜ਼ਲ ਰਚੀ, ਜਿਸ ਰਾਹੀਂ, ਪ੍ਰਭੂ ਰੰਗ ਵਿੱਚ ਰੰਗੀਆਂ, ਉਸ ਸਮੇਂ ਦੀਆਂ ਸੰਗਤਾਂ ਦਾ ਨਜ਼ਾਰਾ ਪੇਸ਼ ਕੀਤਾ ਹੈ-ਗੁਲੋਂ ਹੋਈ ਬਾਬਾਗੇ ਦਹਰਬੁ ਕੁਰਦ॥ ਜਹੇ ਪਿਚਕਾਰੀਏ, ਪਰ ਜਾਫਰਾਨੀ॥ਕਿ ਹਰ ਬੇਰੰਗਰਾ, ਖੁਸੁ ਰੰਗੇ ਬੇ ਕਰਦ॥ਦਸ਼ਮੇਸ਼ ਜੀ ਦੇ ਦਰਬਾਰ ਵਿੱਚ, ਬੇਰੰਗ ਹੋਏ ਲੋਕਾਂ ਭਾਵ ਪ੍ਰਭੂ ਤੋਂ ਟੁੱਟੀ ਹੋਈ ਲੋਕਾਈ ਨੂੰ ਪ੍ਰਭੂ ਪਿਆਰ ਦੇ ਕੇਸਰ ਦੀਆਂ ਭਰੀਆਂ ਪਿਚਕਾਰੀਆਂ ਨਾਲ, ਨਾਮ ਰੰਗ ਦੀ ਸੋਹਣੀ ਮਸਤੀ ਤੇ ਖੁਸ਼ੀਆਂ ਦੇ ਰੰਗ ਚੜ੍ਹਾਏ ਹਨ। ਦੁੱਖ ਤਾਂ ਇਸ ਗੱਲ ਦਾ ਹੈ ਕਿ ਅੱਜ ਸਾਡੇ ਹੀ ਅਨੇਕਾਂ ਪ੍ਰਚਾਰਕ ਗ੍ਰੰਥੀ ਅਤੇ ਜਥੇਦਾਰ ਵੀ ਇਸ ਗਜ਼ਲ ਦੇ ਅਰਥਾਂ ਨੂੰ ਸਮਝੇ ਬਿਨਾਂ, ਸੰਗਤਾਂ ਉੱਪਰ ਰੰਗ-ਗੁਲਾਲ ਉਡਾਂਦੇ ਦੇਖੀਦੇ ਹਨ।

ਇਸੇ ਦਾ ਨਤੀਜਾ ਕਿ "ਹੋਲੇ-ਮਹੱਲੇ" ਵਾਲੇ ਸ਼ਸਤਰ ਅਭਿਆਸ ਦੇ ਤਿਉਹਾਰ ਦੇ ਦਿਨ, ਸ੍ਰੀ ਅਨੰਦਪੁਰ ਸਾਹਿਬ ਵਿੱਚ ਹੀ ਰੰਗ ਗੁਲਾਲ ਉਡਾਏ, ਸੁੱਖਾ ਆਦਿਕ ਨਸ਼ੇ ਪੀਤੇ ਜਾਂਦੇ ਹਨ। ਇਸ ਤਰ੍ਹਾਂ ਸਾਡੇ ਹੀ ਕੇਂਦਰੀ ਸਥਾਨ ਉੱਤੇ, ਗੁਰਬਾਣੀ ਦੇ ਯੋਗ ਪ੍ਰਚਾਰ ਦੀ ਘਾਟ ਕਾਰਨ, ਸਭ ਕੁਝ ਬਾਣੀ ਦੇ ਉਲਟ ਹੋ ਰਿਹਾ ਹੈ। ਇਸ ਤੋਂ ਬਾਦ ਅਸੀਂ ਇਹ ਉਮੀਦ ਵੀ ਰੱਖਦੇ ਹਾਂ ਕਿ ਸਾਡੀ ਸਿੱਖ-ਪਨੀਰੀ ਪਤਿਤਪੁਣੇ ਵੱਲ ਨਾ ਵਧੇ ਅਤੇ ਗੁਰਬਾਣੀ ਅਨੁਸਾਰ ਚੱਲੇ। "ਹੋਲੇ-ਮਹੱਲੇ" ਦੇ ਸਮੇਂ ਅਨੰਦਪੁਰ ਸਾਹਿਬ ਵਿਖੇ ਜੋ ਭੰਗ ਆਦਿਕ ਨਸ਼ੇ ਪੀਤੇ ਅਤੇ ਰੰਗ-ਗੁਲਾਲ ਸੁੱਟੇ ਜਾਂਦੇ ਨੇ ਸਾਨੂੰ ਇਸ ਪੱਖੋਂ ਵੀ ਸੰਭਲਣ ਦੀ ਲੋੜ ਹੈ।


ਗੁਰੂ ਨਾਨਕ ਸਾਹਿਬ ਤੋਂ ਗੁਰੂ ਗੋਬਿੰਦ ਸਿੰਘ ਜੀ ਤੱਕ, ਇੱਕ ਵੀ ਅਜਿਹੀ ਮਿਸਾਲ ਨਹੀਂ ਮਿਲਦੀ ਜਦੋਂ ਸਤਿਗੁਰਾਂ ਨੇ ਆਪ ਜਾਂ ਉਨ੍ਹਾਂ ਦੇ ਸਿੱਖਾਂ ਨੇ ਕਦੇ ਰਵਾਇਤੀ-ਹੋਲੀ ਖੇਡੀ ਹੋਵੇ। ਜਿਹੜੇ ਗੁਰੂ ਕੇ ਲਾਲ, ਆਪਣੀ ਹੂੜਮੱਤ ਜਾਂ ਅਗਿਆਨਤਾ ਕਾਰਨ, ਹੋਲੀਆਂ ਦੇ ਖਾਰੂਦੀ ਕਰਮਕਾਂਡਾਂ ਵਿੱਚ ਸ਼ਾਮਲ ਹੋ ਕੇ, ਸਿੰਘ-ਸਰੂਪ ਦੀ ਬੇਅਦਬੀ ਕਰਦੇ ਅਤੇ ਸੁੱਖਾ ਆਦਿਕ ਨਸ਼ੇ ਪੀਂਦੇ ਨੇ ਉਨ੍ਹਾਂ ਨੂੰ ਆਪਣੀ ਇਸ ਕਰਨੀ ਵੱਲ ਧਿਆਨ ਦੇਣ ਦੀ ਅਤਿਅੰਤ ਲੋੜ ਹੈ।

## ਕੈਲੀਫੋਰਨੀਆ ਖਬਰਨਾਮਾ (ਹੁਸਨ ਲੜੋਆ ਬੰਗਾ)

# ਫਲੋਰਿਡਾ ਵਿਚ ਪਤੀ ਪਤਨੀ ਦੀ ਹੱਤਿਆ ਦੇ ਮਾਮਲੇ ਵਿਚ ਇਕ ਗ੍ਰਿਫਤਾਰ, ਮੰਨਿਆ ਗੁਨਾਹ

**ਸੈਕਰਾਮੈਂਟੋ 13 ਮਾਰਚ–** ਪਿਛਲੇ ਹਫਤੇ ਦੇ ਅੰਤ ਵਿਚ ਡੇਟੋਨਾ ਬੀਚ, ਫਲੋਰਿਡਾ ਵਿਚ ਹੋਈ ਪਤੀ-ਪਤਨੀ ਦੀ ਹੱਤਿਆ ਦੇ ਮਾਮਲੇ ਵਿਚ ਪੁਲਿਸ ਨੇ ਇਕ 32 ਸਾਲਾ ਵਿਅਕਤੀ ਨੂੰ ਗ੍ਰਿ-ਫਤਾਰ ਕੀਤਾ ਹੈ। ਉਸ ਵਿਰੁੱਧ ਦੋ ਹੱਤਿਆਵਾਂ ਕਰਨ ਦੇ ਦੋਸ਼ ਆਇਦ ਕੀਤੇ ਗਏ ਹਨ। ਦੋਸ਼ੀ ਦੀ ਪਛਾਣ ਜੀਨ ਆਰ ਮੇਸੀਨ ਵਜੋਂ ਹੋਈ ਹੈ। ਲੰਘੇ ਐਤਵਾਰ ਟੈਰੀ ਔਲਟਮੈਨ 48 ਸਾਲ ਤੇ ਬਰੇਂਡਾ ਔਲਟਮੈਨ 55 ਸਾਲ ਦੀਆਂ ਲਾਸ਼ਾਂ ਬਰਾਮਦ ਕੀਤੀਆਂ ਗਈਆਂ ਸਨ।

ਉਨਾਂ ਦੇ ਸਰੀਰ ਉਪਰ ਚਾਕੂਆਂ ਦੇ ਕਈ ਜਖਮ ਸਨ। ਡੇਟੋਨਾ ਬੀਚ ਦੇ ਪੁਲਿਸ ਮੁੱਖੀ ਜਾਕਰੀ ਯੰਗ ਨੇ ਕਿਹਾ ਹੈ ਕਿ ਮੇਸੀਨ ਨੇ ਆਪਣਾ ਗੁਨਾਹ ਕਬੂਲ ਕਰ ਲਿਆ ਹੈ। ਮੇਸੀਨ



ਨੂੰ ਓਰਲੈਂਟੋ ਪੁਲਿਸ ਦੇ ਫਿਊਗੀਟਿਵ ਇਨਵੈਸਟੀਗੇਸ਼ਨ ਯੁਨਿਟ ਨੇ ਉਸ ਦੇ ਘਰ ਵਿਚੋਂ ਗ੍ਰਿਫਤਾਰ ਕੀਤਾ ਹੈ।

ਯੰਗ ਨੇ ਕਿਹਾ ਹੈ ਕਿ ਸ਼ੱਕੀ ਦੋਸ਼ੀ ਵਿਰੁੱਧ ਸਬੂਤ ਇਕੱਠੇ ਕਰ ਲਏ ਗਏ ਹਨ ਪਰੰਤੂ ਇਨਾਂ ਹੱਤਿਆਵਾਂ ਪਿਛੇ ਉਸ ਦੇ ਮਕਸਦ ਦਾ ਪਤਾ ਨਹੀਂ ਲੱਗਾ। ਪੁਲਿਸ ਅਨੁਸਾਰ ਪਤੀ-ਪਤਨੀ ਉਪਰ ਉਸ ਵੇਲੇ ਹਮਲਾ ਕੀਤਾ ਗਿਆ ਜਦੋਂ ਉਹ ਇਕ ਬਾਈਕ ਦੌੜ ਵਿਚ ਹਿੱਸਾ ਲੈਣ ਉਪਰੰਤ ਵਾਪਿਸ ਘਰ ਪਰਤ ਰਹੇ ਸਨ। ਲਾਸ਼ਾਂ ਦੇ ਨੇੜਿਉਂ ਦੋ ਬਾਈ ਸਾਈਕਲ ਵੀ ਬਰਾਮਦ ਹੋਏ ਸਨ। ਬਰੇਂਡਾ ਔਲਟਮੈਨ ਦੀ ਧੀ ਨੇ ਗੱਲਬਾਤ ਕਰਦਿਆਂ ਕਿਹਾ ਕਿ ਦੋਨੋਂ ਖੁਸ਼ ਸਨ ਤੇ ਉਹ ਪਿਆਰ ਭਰਿਆ ਜੀਵਨ ਜੀਅ ਰਹੇ ਸਨ। ਉਹ ਇਸ ਤਰਾਂ ਦੀ ਮੌਤ ਦੇ ਹੱਕਦਾਰ

# ਅਣਪਛਾਤੇ ਹਮਲਾਵਰ ਨੇ ਬੇਘਰੇ ਸੁੱਤੇ ਪਏ ਲੋਕਾਂ 'ਤੇ ਚਲਾਈਆਂ ਗੋਲੀਆਂ-ਇਕ ਦੀ ਮੌਤ ਇਕ ਜ਼ਖਮੀ



**ਸੈਕਰਾਮੈਂਟੋ 14 ਮਾਰਚ–** ਨਿਊਯਾਰਕ ਦੀ ਸੜਕ ਉਪਰ ਸੁੱਤੇ ਪਏ ਬੇਘਰੇ ਦੋ ਵਿਅਕਤੀਆਂ ਉਪਰ ਅਣਪਛਾਤੇ ਹਮਲਾਵਰ ਨੇ ਗੋਲੀਆਂ ਚਲਾ ਕੇ ਇਕ ਦੀ ਹੱਤਿਆ ਕਰ ਦਿੱਤੀ ਤੇ ਇਕ ਹੋਰ ਨੂੰ ਜ਼ਖਮੀ ਕਰ ਦਿੱਤਾ। ਪੁਲਿਸ ਅਨੁਸਾਰ ਹਮਲਾਵਰ ਨੇ 90 ਮਿਟਾਂ ਦੇ ਵਕਫੇ ਨਾਲ ਮੈਨਹਟਨ ਦੇ ਹੇਠਲੇ ਖੇਤਰ ਵਿਚ ਦੋ ਥਾਵਾਂ 'ਤੇ ਸੁੱਤੇ ਪਏ ਬੇਘਰੇ ਵਿਅਕਤੀਆਂ ਨੂੰ ਨਿਸ਼ਾਨਾ ਬਣਾਇਆ। ਪਹਿਲੀ ਘਟਨਾ ਵਿਚ ਕਿੰਗ ਸਟਰੀਟ ਦੀ ਨੁਕਰ ਨੇੜੇ ਇਕ ਸੁੱਤੇ ਪਏ ਵਿਅਕਤੀ ਦੇ ਗੋਲੀਆਂ ਮਾਰੀਆਂ। ਨਿਊਯਾਰਕ ਪੁਲਿਸ ਵਿਭਾਗ ਦੇ ਡਿਪਟੀ ਚੀਫ ਕਮਾਂਡਿੰਗ ਅਫਸਰ ਹੈਨਰੀ ਸੌਟਨਰ ਨੇ ਦੱਸਿਆ ਕਿ ਪੁਲਿਸ ਨੇ ਮੌਕੇ ਉਪਰ ਜਾ ਕੇ ਜ਼ਖਮੀ ਵਿਅਕਤੀ ਨੂੰ ਹਸਪਤਾਲ ਦਾਖਲ ਕਰਵਾਇਆ। ਦੂਸਰੀ ਘਟਨਾ 148 ਲਫਾਯੈਟ ਸਟਰੀਟ ਦੇ ਬਾਹਰਵਾਰ ਵਾਪਰੀ ਜਿਥੇ 'ਸਲੀਪਿੰਗ ਬੈਗ' ਵਿਚ ਸੁੱਤੇ ਪਏ ਵਿਅਕਤੀ ਦੇ ਸਿਰ ਤੇ ਧੌਣ ਉਪਰ ਗੋਲੀਆਂ ਵੱਜੀਆਂ। ਉਸ ਦੀ ਮੌਕੇ ਉਪਰ ਹੀ ਮੌਤ ਹੋ ਗਈ। ਪੁਲਿਸ ਨੇ ਸੀ ਸੀ ਟੀ ਵੀ ਕੈਮਰੇ ਵਿਚ ਕੈਦ ਹੋਈਆਂ ਹਮਲਾਵਰ ਦੀਆਂ ਤਸਵੀਰਾਂ ਜਾਰੀ ਕੀਤੀਆਂ ਹਨ ਤੇ ਇਸ ਵਿਅਕਤੀ ਦੀ ਗ੍ਰਿਫਤਾਰੀ ਲਈ ਲੋਕਾਂ ਕੋਲੋਂ ਮੱਦਦ ਮੰਗੀ ਹੈ।

# ਨਿਊਯਾਰਕ ਤੇ ਵਾਸ਼ਿੰਗਟਨ ਵਿਚ ਇਕੋ ਹਮਲਾਵਰ ਨੇ ਬੇਘਰੇ ਲੋਕਾਂ ਨੂੰ ਨਿਸ਼ਾਨਾ ਬਣਾਇਆ


**ਸੈਕਰਾਮੈਂਟੋ 14 ਮਾਰਚ–** ਪਿਛਲੇ ਦੋ ਹਫਤਿਆਂ ਦੌਰਾਨ ਨਿਊਯਾਰਕ ਤੇ ਵਾਸ਼ਿੰਗਟਨ , ਡੀ ਸੀ ਵਿਚ ਬੇਘਰੇ ਲੋਕਾਂ ਨੂੰ ਨਿਸ਼ਾਨਾ ਬਣਾ ਕੇ ਗੋਲੀ ਚਲਾਉਣ ਦੀਆਂ 5 ਘਟਨਾਵਾਂ ਵਾਪਰੀਆਂ। ਇਨਾਂ ਸਾਰੀਆਂ ਘਟਨਾਵਾਂ ਨੂੰ ਅੰਜਾਮ ਦੇਣ ਵਾਲਾ ਇਕ ਹੀ ਵਿਅਕਤੀ ਹੈ ਜਿਸ ਦੀ ਪੁਲਿਸ ਵੱਡੀ ਪੱਧਰ ਉਪਰ ਭਾਲ ਕਰ ਰਹੀ ਹੈ। ਇਹ ਪ੍ਰਗਟਾਵਾ ਪੁਲਿਸ ਅਧਿਕਾਰੀਆਂ ਨੇ ਕੀਤਾ ਹੈ। ਨਿਊਯਾਰਕ ਪੁਲਿਸ ਵਿਭਾਗ ਤੇ ਵਾਸ਼ਿੰਗਟਨ ਦੇ ਮੈਟਰੋਪੋਲੀਟਨ ਪੁਲਿਸ ਵਿਭਾਗ ਨੇ ਜਾਰੀ ਇਕ ਸਾਂਝੇ ਬਿਆਨ ਵਿਚ ਕਿਹਾ ਹੈ ਕਿ ਬੇਘਰਿਆਂ ਉਪਰ ਗੋਲੀ ਚਲਾਉਣ ਦੀਆਂ ਘਨਟਾਵਾਂ 3 ਮਾਰਚ ਤੋਂ 12 ਮਾਰਚ ਦਰਮਿਆਨ ਵਾਪਰੀਆਂ ਜਿਨਾਂ ਵਿਚ ਦੋ ਵਿਅਕਤੀਆਂ ਦੀ ਮੌਤ ਹੋਈ। ਗੋਲੀ ਚੱਲਣ ਦੀ ਹਰ ਇਕ ਘਟਨਾ ਅੱਧੀ ਰਾਤ ਨੂੰ ਵਾਪਰੀ ਜਿਸ ਵਿਚ ਸੁੱਤੇ ਪਏ ਬੇਘਰੇ ਲੋਕਾਂ ਨੂੰ ਨਿਸ਼ਾਨਾ ਬਣਾਇਆ ਗਿਆ। ਬਿਆਨ ਅਨੁਸਾਰ ਪਿਛਲੇ ਹਫਤੇ ਵਾਸ਼ਿੰਗਟਨ ਵਿਚ ਗੋਲੀ ਚੱਲਣ ਦੀਆਂ 3 ਘਟਨਾਵਾਂ ਵਾਪਰੀਆਂ ਤੇ ਇਸ ਉਪਰੰਤ ਇਸ ਹਫਤੇ ਨਿਊਯਾਰਕ ਵਿਚ ਗੋਲੀ ਚੱਲਣ ਦੀਆਂ 2 ਘਟਨਾਵਾਂ ਵਾਪਰੀਆਂ। ਬਿਆਨ ਵਿਚ ਕਿਹਾ ਗਿਆ ਹੈ ਕਿ ਹਰੇਕ ਹਮਲੇ ਵਿਚ ਹਾਲਾਤ ਇਕੋ ਜਿਹੇ ਹਨ ਤੇ ਹਮਲਾ ਕਰਨ ਦਾ ਢੰਗ ਤਰੀਕਾ ਵੀ ਇਕੋ ਜਿਹਾ ਹੀ ਹੈ। ਪੁਲਿਸ ਨੇ ਇਸ ਸਬੰਧ ਵਿਚ ਹੋਰ ਵੇਰਵਾ ਜਾਰੀ ਨਹੀਂ ਕੀਤਾ ਹੈ। ਏਜੰਸੀਆਂ ਦੋਸ਼ੀ ਦੀ ਗ੍ਰਿਫਤਾਰੀ ਲਈ ਅਲਕੋਹਲ, ਤੰਬਾਕੂ , ਅਗਨ ਸ਼ਸ਼ਤਰ ਤੇ ਧਮਾਕਾਖੇਜ ਸਮਗਰੀ ਬਿਊਰੋ ਨਾਲ ਮਿਲ ਕੇ ਕੰਮ ਕਰ ਰਹੀਆਂ ਹਨ ਤੇ ਸ਼ੱਕੀ ਦੋਸ਼ੀ ਦੀ ਗ੍ਰਿਫਤਾਰੀ ਲਈ ਸੂਹ ਦੇਣ ਵਾਲੇ ਨੂੰ 55000 ਡਾਲਰ ਇਨਾਮ ਦੇਣ ਦੀ ਪੇਸ਼ਕਸ਼ ਕੀਤੀ ਹੈ। ਨਿਊਯਾਰਕ ਤੇ ਵਾਸ਼ਿੰਗਟਨ, ਡੀ ਸੀ ਦੇ ਮੇਅਰਾਂ ਨੇ ਇਕ ਸਾਂਝੇ ਬਿਆਨ ਵਿਚ ਕਿਹਾ ਹੈ ਕਿ ਬੇਗੁਨਾਹਾਂ ਦੀ ਜਾਨ ਲੈਣ ਵਾਲਾ ਹੱਤਿਆਰਾ ਅਜੇ ਵੀ ਖੁਲਾ ਫਿਰ ਰਿਹਾ ਹੈ। ਏਜੰਸੀਆਂ ਨੇ ਸ਼ੱਕੀ ਹਮਲਾਵਰ ਦੀ ਨਵੀਂ ਵੀਡੀਓ ਫੋਟੋ ਵੀ ਜਾਰੀ ਕੀਤੀਆਂ ਹਨ ਤੇ ਲੋਕਾਂ ਨੂੰ ਸ਼ੱਕੀ ਦੀ ਭਾਲ ਵਿਚ ਮੱਦਦ ਕਰਨ ਦੀ ਅਪੀਲ ਕੀਤੀ ਹੈ।



# ਆਸਕਰ ਪੁਰਸਕਾਰ ਵਿਜੇਤਾ ਅਦਾਕਾਰ ਵਿਲੀਅਮ ਹਰਟ ਦੀ ਮੌਤ

**ਸੈਕਰਾਮੈਂਟੋ 14 ਮਾਰਚ–** 'ਕਿਸ ਆਫ ਦ ਸਪਾਈਡਰ ਵੋਮੈਨ', ਫਿਲਮ ਵਿਚ ਬਰਾਜੀਲ ਦੀ ਜੇਲ ਵਿਚ ਕੈਦੀ ਵਜੋਂ ਨਿਭਾਈ ਯਾਦਗਾਰੀ ਭੂਮਿਕਾ ਲਈ ਆਸਕਰ ਪੁਰਸਕਾਰ ਵਿਜੇਤਾ ਵਿਲੀਅਮ ਹਰਟ ਦੀ 71 ਸਾਲ ਦੀ ਉਮਰ ਵਿਚ ਮੌਤ ਹੋ ਗਈ।

ਉਸ ਨੇ 'ਬਰਾਡਕਾਸਟ ਨਿਊਜ਼' ਵਿਚ ਐਂਕਰ ਵਜੋਂ ਤੇ 'ਚਾਈਲਡਰਨ ਆਫ ਏ ਲੈਸਰ ਗੌਡ' ਨਾਟਕ ਵਿਚ ਯਾਦਗਾਰੀ ਭਮਿਕਾਵਾਂ ਨਿਭਾਈਆਂ। ਅਦਾਕਾਰ ਦੇ ਪੁੱਤਰ ਵਿਲ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਹਰਟ ਦੀ ਮੌਤ ਐਤਵਾਰ ਨੂੰ ਕੁੱਦਰਤੀ ਕਾਰਨਾਂ ਕਾਰਨ ਹੋਈ। ਉਹ ਪੋਰਟਲੈਂਡ,ਓਰਗੌਨ ਵਿਚ



ਆਪਣੇ ਘਰ ਵਿੱਚ ਪਰਿਵਾਰ ਦੀ ਮੌਜੂਦਗੀ ਵਿਚ ਸਦਾ ਲਈ ਵਿਛੜ ਗਿਆ। 2018 ਵਿਚ ਹਰਟ ਨੂੰ ਟਰਮੀਨਲ ਪਰੌਸਟੇਟ ਕੈਂਸਰ ਹੋਇਆ ਸੀ ਜੋ ਹੱਡੀ ਵਿਚ ਫੈਲ ਗਿਆ ਸੀ।

ਹਰਟ ਲੋਕਾਂ ਦਾ ਚਹੇਤਾ ਕਲਾਕਾਰ ਸੀ ਤੇ ਉਹ 1986,1987 ਤੇ 1988 ਵਿਚ ਲਗਾਤਾਰ 3 ਸਾਲ ਆਸਕਰ ਪੁਰਸਕਾਰ ਲਈ ਨਾਮਜ਼ਦ ਹੋਇਆ।

ਉਹ 2005 ਵਿਚ ' ਏ ਹਿਸਟਰੀ ਆਫ ਵਾਇਲੈਂਸ' ਫਿਲਮ ਵਿਚ ਨਿਭਾਈ ਸਹਾਇਕ ਕਲਾਕਾਰ ਦੀ ਭੂਮਿਕਾ ਲਈ ਵੀ ਆਸਕਰ ਪੁਰਸਕਾਰ ਵਾਸਤੇ ਨਾਮਜ਼ਦ ਹੋਇਆ ਸੀ।

# ਆਸਰਾ ਫਾਊਂਡੇਸ਼ਨ ਅਮਰੀਕਾ ਵਲੋਂ ਈਸ਼ਰਵਾਲ ਪਿੰਡ ਵਿਖੇ ਲਗਾਇਆ ਅੱਖਾਂ ਦਾ ਮੁਫ਼ਤ ਜਾਂਚ ਕੈਂਪ

## ਡਾ ਪਰਮਿੰਦਰ ਸਿੰਘ ਨੇ ਆਪਣੀ ਟੀਮ ਸਮੇਤ 250 ਦੇ ਕਰੀਬ ਲੋਕਾਂ ਦੀ ਕੀਤੀ ਅੱਖਾ ਦੇ ਰੋਗਾ ਦੀ ਜਾਂਚ






**ਸੈਕਰਾਮੈਂਟੋ 14 ਮਾਰਚ–** ਮਾਨਵਤਾ ਦੀ ਸੇਵਾ ਲਈ ਵਿਸ਼ੇਸ਼ ਯੋਗਦਾਨ ਦੇ ਰਹੀ ਸਮਾਜਸੇਵੀ ਘੋ ਆਸਰਾ ਫਾਊਂਡੇਸ਼ਨ ਅਮਰੀਕਾ ਵਲੋ ਈਸ਼ਰਵਾਲ ਪਿੰਡ ਵਿਖੇ ਅੱਖਾਂ ਦਾ ਮੁਫ਼ਤ ਜਾਂਚ ਕੈਂਪ ਲਗਾਇਆ ਗਿਆ। ਇਸ ਦੌਰਾਨ ਕਰੀਬ 200 - 250 ਲੋਕਾਂ ਨੇ ਕੈਂਪ ਦਾ ਲਾਭ ਲਿਆ । ਇਸ ਸੰਬੰਧ ਵਿਚ ਜਾਣਕਾਰੀ ਦਿੰਦੇ ਹੋਏ ਸੰਸਥਾ ਦੇ ਸੰਸਥਾਪਕ ਅਰਵਿੰਦਰ ਸਿੰਘ ਨੇ ਦੱਸਿਆ ਕਿ ਥਿੰਦ ਅੱਖਾਂ ਦੇ ਹਸਪਤਾਲ ਅਤੇ ਆਸਰਾ ਸੰਸਥਾ ਵਲੋਂ ਪਿੰਡ ਈਸ਼ਰਵਾਲ ਵਿਖੇ ਅੱਖਾਂ ਦਾ ਮੁਫ਼ਤ ਜਾਂਚ ਕੈਂਪ ਲਗਾਇਆ ਗਿਆ। ਇਸ ਮੌਕੇ ਤੇ ਪ੍ਰਵਾਸੀ ਪੰਜਾਬੀਆਂ ਅਤੇ ਸਮੂਹ ਨਗਰ ਨਿਵਾਸੀ (ਸੰਸਥਾ) ਅਤੇ ਪਿੰਡ ਦੀ ਸਰਪੰਚ ਆਸ਼ਾ ਕੁਮਾਰੀ ਵਲੋਂ ਆਸਰਾ ਫਾਊਂਡੇਸ਼ਨ ਇੰਟਰਨੈਸ਼ਨਲ ਸੰਸਥਾ ਦੀ ਸਮੂਹ ਕਾਰਜਕਾਰਣੀ ਦਾ ਨਿੱਘਾ ਸਵਾਗਤ ਕੀਤਾ ਗਿਆ ਅਤੇ ਸੰਸਥਾ ਦੇ ਨਿਰਦੇਸ਼ਕ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨ-ਮਾਨਿਤ ਕੀਤਾ। ਇਸ ਕੈਂਪ ਵਿਚ ਥਿੰਦ ਅੱਖਾਂ ਦੇ ਹਸਪਤਾਲ ਤੋਂ ਅੱਖਾਂ ਦੇ ਮਾਹਿਰ ਡਾ ਪਰਮਿੰਦਰ ਸਿੰਘ ਨੇ ਆਪਣੀ ਟੀਮ ਨਾਲ ਲੋੜਵੰਦਾਂ ਦੀ ਜਾਂਚ ਕੀਤੀ । ਸੰਸਥਾ ਵਲੋਂ ਲੋੜਵੰਦਾਂ ਨੂੰ ਮੁਫ਼ਤ ਦਵਾਈਆ ਵੀ ਦਿਤੀਆਂ । ਕੈਂਪ ਦੇ ਮੋਕੇ ਤੇ ਡਾ। ਪਰਮਿੰਦਰ ਸਿੰਘ ਨੇ ਸਾਰਿਆਂ ਨੂੰ ਅੱਖਾ ਦੇ ਵੱਖ-ਵੱਖ ਰੋਗਾਂ ਬਾਰੇ ਸਾਵਧਾਨੀ ਵਰਤਣ ਲਈ ਪ੍ਰੇਰਿਤ ਕੀਤਾ ਲ ਡਾ। ਸਿੰਘ ਨੇ ਬਚਿਆ ਨੂੰ ਉਚੇਚੇ ਤੌਰ ਤੇ ਮੋਬਾਈਲ ਅਤੇ ਕੰਪਿਊਟਰ ਚਲਾਉਣ ਸਮੇ ਸਾਵਧਾਨੀਆਂ ਵਰਤਣ ਅਤੇ ਕੋਰੋਨਾ ਮਹਾਮਾਰੀ ਨੂੰ ਦੇਖਦੇ ਹੋਏ ਮਾਸਕ ਲਗਾਉਣ, ਦੋ ਗੱਜ ਦੀ ਦੂਰੀ ਅਤੇ ਸੈਨੀਟਾਇਜ਼ਰ ਦੀ ਵਰਤੋਂ ਕਰਨ ਦੀ ਵੀ ਅਪੀਲ ਕੀਤੀ। ਇਸ ਮੌਕੇ ਤੇ ਸੰਸਥਾ ਦੇ ਅਮਰੀਕਾ ਦੇ ਮੁੱਖ ਪ੍ਰਬ-ਧਕ ਤੇ ਮੁੱਖ ਸੇਵਾਦਾਰ ਅਰਵਿੰਦਰ ਸਿੰਘ ਲਾਖਨ ਅਤੇ ਪ੍ਰਬੰਧਕ ਨਿਰਦੇਸ਼ਕ ਜੋਗਿੰਦਰ ਸਿੰਘ, ਸੁਰਿੰਦਰ ਖੁਰਾਣਾ, ਰਵਿੰਦਰ ਕੌਰ, ਜਤਿੰਦਰ ਸਿੰਘ, ਰਸ਼ਮਿੰਦਰ ਸਿੰਘ, ਵਰਿੰਦਰ ਸਿੰਘ ਨਰਵਾਲ, ਸ਼ਵਿੰਦਰ ਕੌਰ ਪਰਮਾਰ ਆਦਿ ਮੁੱਖ ਤੌਰ ਤੇ ਹਾਜਰ ਹੋਏ।




# ਨਿਊਯਾਰਕ ਤੇ ਵਾਸ਼ਿੰਗਟਨ ਵਿਚ 5 ਬੇਘਰੇ ਲੋਕਾਂ ਨੂੰ ਗੋਲੀਆਂ ਮਾਰਨ ਵਾਲਾ ਗ੍ਰਿਫਤਾਰ

**ਸੈਕਰਾਮੈਂਟੋ 16 ਮਾਰਚ–** ਬੀਤੇ ਦੋ ਹਫਤਿਆਂ ਦੌਰਾਨ ਨਿਊਯਾਰਕ ਤੇ ਵਾਸ਼ਿੰਗਟਨ ਡੀ ਸੀ ਵਿਚ ਵੱਖ ਵੱਖ ਥਾਵਾਂ 'ਤੇ ਸੁੱਤੇ ਪਏ ਬੇਘਰੇ ਵਿਅਕਤੀਆਂ ਉਪਰ ਗੋਲੀਆਂ ਚਲਾਉਣ ਵਾਲੇ ਸ਼ੱਕੀ ਦੋਸ਼ੀ ਨੂੰ ਪੁਲਿਸ ਨੇ ਗ੍ਰਿਫਤਾਰ ਕਰ ਲਿਆ ਹੈ ਜਿਸ ਦੀ ਪਛਾਣ ਗਰਾਲਡ ਬਰੀਵਰਡ ਵਜੋਂ ਹੋਈ ਹੈ। ਮੈਟਰੋਪੋਲੀਟਨ ਪੁਲਿਸ ਮੁੱਖੀ ਰਾਬਰਟ ਕੋਨਟੀ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਡੀ ਸੀ ਵਾਸੀ 30 ਸਾਲਾ ਬਰੀਵਰਡ ਵਿਰੁੱਧ ਫਸਟ ਡਿਗਰੀ ਹੱਤਿਆ, ਹੱਤਿਆ ਦੀ ਕੋਸ਼ਿਸ ਤੇ ਖਤਰਨਾਕ ਹਥਿਆਰ ਰਖਣ ਸਮੇਤ ਹੋਰ ਕਈ ਧਾਰਾਵਾਂ ਤਹਿਤ ਦੋਸ਼ ਆਇਦ ਕੀਤੇ ਗਏ ਹਨ। ਉਨਾਂ ਕਿਹਾ ਕਿ ਸ਼ੱਕੀ ਦੋਸ਼ੀ ਵੱਲੋਂ ਵਰਤਿਆ ਗਿਆ ਅਗਨ ਸ਼ਸ਼ਤਰ ਅਜੇ ਬਰਾਮਦ ਨਹੀਂ ਹੋਇਆ ਹੈ। ਉਨਾਂ ਦੱਸਿਆ ਕਿ ਏ ਟੀ ਐਫ ਦੀ ਟੀਮ ਨੇ ਸ਼ੱਕੀ ਦੋਸ਼ੀ ਨੂੰ ਪੈਨਸਿਲਵਾਨੀਆ ਐਵਨਿਊ ਪੁਲ ਨੂੰ ਪੈਦਲ ਪਾਰ ਕਰਦਿਆਂ ਵੇਖਿਆ ਜਿਥੋਂ ਉਹ ਨਾਲ ਲੱਗਦੇ ਗੈਸ ਸਟੇਸ਼ਨ ਵੱਲ ਨੂੰ ਗਿਆ ਜਿਥੇ ਪੁਲਿਸ ਨੇ ਉਸ ਨੂੰ ਹਿਰਾਸਤ ਵਿਚ ਲੈ ਲਿਆ। ਪੁਲਿਸ ਅਨੁਸਾਰ ਸ਼ੱਕੀ ਦੋਸ਼ੀ ਦਾ ਬੇਘਰੇ ਲੋਕਾਂ ਨੂੰ ਨਿਸ਼ਾਨਾ ਬਣਾਉਣ ਪਿੱਛੇ ਮਕਸਦ ਸਪੱਸ਼ਟ ਨਹੀਂ ਹੋ ਸਕਿਆ। ਇਨਾਂ ਹਮਲਿਆਂ ਵਿਚ ਦੋ ਵਿਅਕਤੀ ਮਾਰੇ ਗਏ ਸਨ ਤੇ 3 ਹੋਰ ਜੇਰੇ ਇਲਾਜ ਹਨ। ਮਾਰੇ ਗਏ ਵਿਅਕਤੀਆਂ ਵਿਚੋਂ ਇਕ ਦਾ ਨਾਂ ਮੋਰਗਨ ਹੋਲਮਸ ਹੈ ਜਿਸ ਦੀ ਉਮਰ 54 ਸਾਲ ਦੇ ਕਰੀਬ ਸੀ ਜਦ ਕਿ ਮਾਰੇ ਗਏ ਦੂਸਰੇ ਵਿਅਕਤੀ ਦਾ ਨਾਂ ਪੁਲਿਸ ਨੇ ਜਨਤਿਕ ਨਹੀਂ ਕੀਤਾ ਹੈ।

ਜਾਂਚ ਵਿਚ ਇਹ ਗੱਲ ਸਾਹਮਣੇ ਆਈ ਹੈ ਕਿ ਗੋਲੀ ਚੱਲਣ ਦੀਆਂ ਸਾਰੀਆਂ 5 ਘਟਨਾਵਾਂ ਵਿਚ ਇਕੋ ਗੰਨ ਵਰਤੀ ਗਈ ਹੈ। ਇਥੇ ਜਿਕਰਯੋਗ ਹੈ ਕਿ ਪੁਲਿਸ ਨੇ ਸ਼ੱਕੀ ਦੋਸ਼ੀ ਦੀ ਗ੍ਰਿਫਤਾਰੀ ਲਈ ਸੂਹ ਦੇਣ ਵਾਲੇ ਨੂੰ 55000 ਡਾਲਰ ਇਨਾਮ ਦੇਣ ਦਾ ਐਲਾਨ ਵੀ ਕੀਤਾ ਸੀ।

# ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ ਵਿਖੇ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ 645ਵੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਮਹਾਨ ਨਗਰ ਕੀਰਤਨ ਸਜਾਇਆ ਗਿਆ

ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ (ਸੈਕਰਾਮੈਂਟੋ) ਵਿਖੇ ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ 645ਵੇ ਪ੍ਰਕਾਸ਼ ਪੁਰਬ ਨੂੰ ਸਮਰਪਿਤ 22ਵਾਂ ਮਹਾਨ ਨਗਰ ਕੀਰਤਨ ਐਤਵਾਰ 13 ਮਾਰਚ 2022 ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਬਹੁਤ ਹੀ ਸ਼ਰਧਾ ਅਤੇ ਧੂਮਧਾਮ ਨਾਲ ਸਜਾਏ ਗਏ। ਸਟੇਜ ਸਕੱਤਰ ਸ੍ਰੀ ਬਲਜੀਤ ਸਿੰਘ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਹਰ ਸਾਲ ਦੀ ਤਰਾਂ ਨਗਰ ਕੀਰਤਨ ਦੀ ਸ਼ੁਰੂਆਤ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਲਕੀ ਵਾਲੇ ਫਲੋਟ ਉਤੇ ਹੈਲੀਕਾਪਟਰ ਰਾਹੀਂ ਫੁੱਲਾਂ ਦੀ ਵਰਖਾ ਕੀਤੀ ਗਈ ਜਿਨ੍ਹਾਂ ਦੀ ਸੇਵਾ ਹਮੇਸ਼ਾ ਦੀ ਤਰਾਂ ਸ਼੍ਰੀ ਹਰਦਿਆਲ ਬੰਗਾ ਜੀ ਵਲੋਂ ਹੋਈ। ਸੁਹਾਵਣੇ ਮੌਸਮ ਅਤੇ ਸੂਰਜ ਦੀਆਂ ਸੁਨਹਿਰੀ ਕਿਰਨਾਂ ਦੇ ਨਿੱਘ ਵਿੱਚ ਸੰਗਤਾਂ ਦਾ ਠਾਠਾਂ ਮਾਰਦਾ ਸਮੁੰਦਰ ਗੁਰਬਾਣੀ ਕੀਰਤਨ ਦੁਆਰਾ ਗੁਰੂਸਾਹਿਬ ਦਾ ਜੱਸ ਗਾਇਨ ਕਰ ਰਿਹਾ ਸੀ। ਪ੍ਰਾਈਵੇਟ ਸਕਿਉਰਿਟੀ ਅਤੇ ਪੁਲਿਸ ਵਿਭਾਗ ਵਲੋਂ ਮੁਕੰਮਲ ਸੁਰੱਖਿਆ ਦੇ ਇੰਤਜਾਮ ਕੀਤੇ ਗਏ ਸਨ। ਕਈ ਤਰ੍ਹਾਂ ਦੇ ਲੰਗਰਾਂ ਦੀਆਂ, ਗੰਨੇ ਦੇ ਰਸ ਦੀਆਂ, ਬੱਚਿਆ ਦੇ ਸਮਾਨ ਦੀਆਂ, ਧਾਰਮਿਕ ਕਿਤਾਬਾਂ, ਕੱਪੜੇ ਅਤੇ ਹੋਰ ਬੇਅੰਤ ਤਰਾਂ ਦੀਆਂ ਸਟਾਲਾਂ ਦੀ ਸੇਵਾ ਹੋਈ। ਸੰਗਤਾਂ ਦੇ ਚੇਹਰਿਆਂ ਤੇ ਗੁਰਪੁਰਬ ਦੀ ਖੁਸ਼ੀ ਆਪਮੁਹਾਰੇ ਝਲਕਾ ਮਾਰ ਰਹੀ ਸੀ।

ਇਨ੍ਹਾਂ ਮਹਾਨ ਨਗਰ ਕੀਰਤਨਾਂ ਵਿੱਚ ਦੇਸ਼ਾਂ ਵਿਦੇਸ਼ਾਂ ਵਿੱਚੋਂ ਬੇਅੰਤ ਸੰਗਤਾਂ ਨੇ ਹਾਜ਼ਰੀ ਭਰੀ ਅਤੇ ਸਤਿਗੁਰਾਂ ਦਾ ਗੁਣ ਗਾਇਨ ਕੀਤਾ। ਸੈਕਰਾਮੈਂਟੋ ਕਾਉਂਟੀ ਸੁਪਰਵਾਈਜ਼ਰ ਬੀਬੀ ਸੂ ਫਰੋਸਟ ਵੀ ਇਨ੍ਹਾਂ ਸਮਾਗਮਾਂ ਵਿੱਚ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ ਅਤੇ ਸੰਗਤਾਂ ਨੂੰ ਗੁਰੂਪੁਰਬ ਦੀਆਂ ਵਧਾਈਆਂ ਦਿੱਤੀਆਂ ਉਪਰੰਤ ਗੁਰੂਘਰ ਵਲੋਂ ਬੀਬੀ ਸੂ ਫਰੋਸਟ ਨੂੰ ਸ੍ਰੀ ਸਿਰੋਪਾਓ ਸਾਹਿਬ ਅਤੇ ਸਨਮਾਨ ਚਿੰਨ੍ਹ ਨਾਲ ਨਿਹਾਲ ਕੀਤਾ ਗਿਆ। ਇਸ ਮੌਕੇ ਰਿਓ ਲਿੰਡਾ ਮੈਸਿੰਜਰ ਦੇ ਜੌਹਨ ਟੋਡ ਵੀ ਹਾਜ਼ਰ ਹੋਏ, ਗੁਰੂਘਰ ਵਲੋਂ ਉਨ੍ਹਾਂ ਨੂੰ ਸ੍ਰੀ ਸਿਰੋਪਾਓ ਸਾਹਿਬ ਅਤੇ ਸਨਮਾਨ ਚਿੰਨ੍ਹ ਨਾਲ ਨਿਹਾਲ ਕੀਤਾ ਗਿਆ।

ਕੈਲੀਫੋਰਨੀਆ ਦੇ ਵੱਖ ਵੱਖ ਸ਼ਹਿਰਾਂ ਵਿੱਚ ਸਸ਼ੋਭਿਤ ਗੁਰੂਘਰਾਂ ਅਤੇ ਹੋਰ ਸਮਾਜਿਕ ਅਤੇ ਧਾਰਮਿਕ ਸੰਸਥਾਵਾਂ ਵੱਲੋਂ ਇਸ ਮਹਾਨ ਨਗਰ ਕੀਰਤਨ ਵਿੱਚ ਹਾਜਰੀ ਭਰੀ ਗਈ ਅਤੇ ਗੁਰੂਘਰ ਵਲੋਂ ਇਨ੍ਹਾਂ ਸਭਨਾਂ ਗੁਰੂਘਰਾਂ ਅਤੇ ਸੰਸਥਾਵਾਂ ਨੂੰ ਸ੍ਰੀ ਸਿਰੋਪਾਓ ਸਾਹਿਬ ਅਤੇ ਸਨਮਾਨ ਚਿੰਨ੍ਹ ਨਾਲ ਨਿਹਾਲ ਕੀਤਾ ਗਿਆ। ਸਿੱਖ ਜਗਤ ਦੇ ਮਹਾਨ ਕੀਰਤਨੀ ਜਥਿਆਂ ਨੇ ਸ਼ੁਕਰਵਾਰ, ਸ਼ਨੀਵਾਰ ਅਤੇ ਐਤਵਾਰ ਨੂੰ ਨਗਰ ਕੀਰਤਨ ਵਿੱਚ ਗੁਰਬਾਣੀ ਕੀਰਤਨ ਨਾਲ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ ਜਿਨ੍ਹਾਂ ਵਿੱਚ ਗੁਰੂਘਰ ਦਾ ਹਜ਼ੂਰੀ ਰਾਗੀ ਜੱਥਾ (ਭਾਈ ਗੁਰਦੀਪ ਸਿੰਘ ਜੀ, ਭਾਈ ਅਮਰਜੀਤ ਸਿੰਘ ਜੀ, ਕਾਕਾ ਗੁਰਕੀਰਤ ਸਿੰਘ), ਭਾਈ ਆਤਮਜੋਤ ਸਿੰਘ ਯੂਬਾ ਸਿਟੀ ਵਾਲੇ ਦਾ ਜਥਾ, ਭਾਈ ਮਨਜੀਤ ਸਿੰਘ ਫਿਲੌਰ ਵਾਲੇ ਦਾ ਜਥਾ, ਭਾਈ ਅਮ੍ਰਿਤਪਾਲ ਸਿੰਘ ਜੀ ਦਾ ਜਥਾ, ਭਾਈ ਜਸਪਾਲ ਸਿੰਘ ਸਾਰੰਗ ਜੀ ਦਾ ਜੱਥਾ ਅਤੇ ਭਾਈ ਜਗਜੀਤ ਸਿੰਘ ਯੋਗੀ ਜੀ ਦਾ ਜਥਾ, ਭਾਈ ਸੁਖਵਿੰਦਰ ਸਿੰਘ ਗਰੇਵਾਲ ਦਾ ਢਾਡੀ ਜਥਾ, ਭਾਈ ਰਾਜਿੰਦਰ ਸਿੰਘ ਰਾਜਾ ਦਾ ਜਥਾ ਅਤੇ ਹੋਰ ਅਨੇਕਾਂ ਕੀਰਤਨੀ ਜਥੇ ਸ਼ਾਮਿਲ ਹੋਏ।

ਇਸ ਤੋਂ ਪਹਿਲਾਂ 11 ਮਾਰਚ 2022 ਦਿਨ ਸ਼ੁੱਕਰਵਾਰ ਸਵੇਰੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਏ ਅਤੇ ਮਾਰਚ 13 ਦਿਨ ਐਤਵਾਰ ਨੂੰ ਸਵੇਰੇ ਭੋਗ ਪਾਏ ਗਏ।

ਸ਼ਨੀਵਾਰ ਬਾਅਦ ਦੁਪਹਿਰ 3 ਵਜੇ ਸ੍ਰੀ ਨਿਸ਼ਾਨ ਸਾਹਿਬ ਦੀ ਸੇਵਾ ਸ਼੍ਰੀ ਪਿਰਥੀਪਾਲ ਸਿੰਘ, ਬੀਬੀ ਜਸਵੰਤ ਕੌਰ, ਸ਼੍ਰੀ ਗੁਰਦੀਪ ਸੇਪਲਾ, ਬੀਬੀ ਮਹਿੰਦੋ ਸੇਪਲਾ, ਸ਼੍ਰੀ ਸਤਵਿੰਦਰ ਦੁੱਗਲ, ਬੀਬੀ ਪ੍ਰਵੀਨਾਂ ਦੁੱਗਲ ਸ਼੍ਰੀ ਬਲਿਹਾਰ ਢੰਡਾ ਬੀਬੀ ਬਲਵੀਰ ਕੌਰ ਢੰਡਾ, ਸ੍ਰੀ ਸੋਹਣ ਬੱਧਣ, ਬੀਬੀ ਦਰਸ਼ਨਾਂ ਬੱਧਣ ਅਤੇ ਸਮੂਹ ਸਾਧਸੰਗਤਿ ਜੀਓ ਮਾਰਚ 12 ਦਿਨ ਸ਼ਨੀਵਾਰ ਨੂੰ ਬਾਅਦ ਦੁਪਹਿਰ 2 ਵਜੇ ਤੋਂ ਰਾਤ 11 ਵਜੇ ਤੱਕ ਕੀਰਤਨ ਦੀਵਾਨ ਸਜਾਏ ਗਏ ਜਿਸ ਵਿਚ ਕੀਰਤਨੀ ਜਥਿਆਂ ਨੇ ਗੁਰਬਾਣੀ ਕੀਰਤਨ ਨਾਲ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ ਗਿਆ। ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸੰਗਤਾਂ, ਸੇਵਾਦਾਰਾਂ ਅਤੇ ਵੱਖ ਵੱਖ ਜਿੰਮੇਵਾਰੀਆਂ ਨਿਭਾਉਣ ਵਾਲੇ ਸਹਿਯੋਗੀਆਂ ਦਾ ਕੋਟਿ ਕੋਟਿ ਧੰਨਵਾਦ ਕੀਤਾ ਗਿਆ।

ਇਹ ਸਾਰੇ ਸਮਾਗਮ Punjaib Meida USA (ਸ਼੍ਰੀ ਜਗਦੇਵ ਸਿੰਘ ਭੰਡਾਲ), ਧਇਸਹ ਧੋਅਬਅ (ਸ਼੍ਰੀ ਪ੍ਰੇਮ ਚੁੰਬਰ ), Shir Guru Raivdass Temple Sacramento (ਸ਼੍ਰੀ ਅਜੈ ਪੜਵੱਗਾ) ਵਲੋਂ 'ਅਚਇਬੋਕ ਅਤੇ਼ ੁਠਬਇ ਚੈਨਲ ਉਤੇ ਲਾਈਵ ਪ੍ਰਸਾਰਿਤ ਕੀਤੇ ਗਏ।

ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ (ਸੈਕਰਾਮੈਂਟੋ) ਗੁਰੂਘਰ ਦੀਆਂ ਨਵੀਆਂ ਇਮਾਰਤਾਂ ਦੀ ਉਸਾਰੀ ਵਿੱਚ ਤਨ ਮਨ ਅਤੇ ਧੰਨ ਨਾਲ ਸੇਵਾਵਾਂ ਪ੍ਰਾਪਤ ਕਰਨ ਲਈ ਸੰਪਰਕ ਕਰੋ ਜੀ: ਸ਼੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ ਪ੍ਰਬੰਧਕ ਕਮੇਟੀ, ਸ਼੍ਰੀ ਰਾਜ ਬੱਧਣ ਜੀ (916) 601-3842, ਸ਼੍ਰੀ ਤੇਜਪਾਲ ਵਿਰਕ ਜੀ (916) 912-5678, ਸ਼੍ਰੀ ਇੰਦਰਜੀਤ ਪੜਵੱਗਾ ਜੀ (916) 276-2538

ਅਦਾਰਾ 'ਦੇਸ਼ ਦੁਆਬਾ' ਵੱਲੋਂ ਲੱਖ-ਲੱਖ ਵਧਾਈਆਂ





















ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ "ਦੇਸ਼ ਦੁਆਬਾ"



ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮ ਤੁਮ੍ਹਾਰੇ ਲੇਖੇ । ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨ ਦੇਖੇ ॥

# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ)

**31252 Veasy Street, Union City, California 94587**




## ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ 645ਵੇਂ ਪ੍ਰਕਾਸ਼ ਦਿਹਾੜਾ 27 ਮਾਰਚ 2022 ਨੂੰ ਮਨਾਇਆ ਜਾਵੇਗਾ

*ਗੁਰੂ ਪਿਆਰੀ ਸਾਧ ਸੰਗਤ ਨੂੰ ਇਹ ਜਾਣ ਕੇ ਬੜੀ ਖੁਸ਼ੀ ਹੋਵੇਗੀ ਕਿ ਗੁਰੂ ਘਰ ਦੀ ਬਿਲਡਿੰਗ ਬਣਾਉਣ ਲਈ ਕਾਉਂਟੀ ਵਲੋਂ ਮਨਜ਼ੂਰੀ ਮਿਲ ਗਈ ਹੈ*

*ਗੁਰੂ ਪਿਆਰੀ ਸਾਧ ਸੰਗਤ ਨੂੰ ਸਨਿਮਰ ਬੇਨਤੀ ਹੈ ਕਿ ਗੁਰੂ ਘਰ ਦੀ ਬਿਲਡਿੰਗ ਲਈ ਵੱਧ ਤੋਂ ਵੱਧ ਮਾਇਆ ਦਾ ਸਹਿਯੋਗ ਦਿਓ ਜੀ।*

ਨੋਟ- ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਕੋਵਿਡ-19 ਸਬੰਧੀ ਕਾਉਂਟੀ ਦੀਆਂ ਹਦਾਇਤਾਂ ਦਾ ਪੂਰਨ ਪਾਲਣ ਕੀਤਾ ਜਾਵੇ ਜੀ

ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਵਲੋਂ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ 645ਵਾਂ ਪ੍ਰਕਾਸ਼ ਦਿਹਾੜਾ 27 ਮਾਰਚ 2022 ਦਿਨ ਐਤਵਾਰ ਨੂੰ ਮਨਾਇਆ ਜਾਵੇਗਾ

| ਵਿਨੋਦ ਕੁਮਾਰ ਚੁੰਬਰ (ਚੇਅਰਮੈਨ) | ਰਾਮ ਲੁਭਾਇਆ (ਪ੍ਰਧਾਨ) | ਨਰੇਸ਼ ਕੁਮਾਰ (ਜਨਰਲ ਸਕੱਤਰ) | ਸੋਹਨ ਲਾਲ (ਖਜਾਨਚੀ) |
|---|---|---|---|

# ਸਮੂਹ ਸੰਗਤ ਨੂੰ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 645ਵੇਂ ਗੁਰਪੁਰਬ ਦੀ ਲੱਖ-ਲੱਖ ਵਧਾਈ

ਸਮੂਹ ਸੰਗਤ ਨੂੰ ਬੇਨਤੀ ਹੈ ਕਿ ਸ਼੍ਰੀ ਗੁਰੂ ਰਵਿਦਾਸ ਟੈਂਪਲ ਰੀਓਲਿੰਡਾ, ਸੈਕਰਾਮੈਂਟੋ, ਕੈਲੇਫੌਰਨੀਆ ਵਿਖੇ ਚੱਲ ਰਹੀ ਨਵੀਂ ਗੁਰੂ ਘਰ ਦੀ ਉਸਾਰੀ ਵਿੱਚ ਆਪਣਾ ਵੱਡਮੁੱਲਾ ਯੋਗਦਾਨ ਪਾਓ ਜੀ।






**ਵੱਲੋਂ :- ਗੀਤਕਾਰ ਪਵਨ ਮਾਹੀ, ਰਜਨੀ ਰਾਜ, ਸੁਰਿੰਦਰ ਮਾਹੀ, ਗੁਰਬਖਸ਼ ਕੌਰ, ਜੋਧਵੀਰ ਮਾਹੀ ਅਤੇ ਭਾਵਿਕਾ ਮਾਹੀ।**

# ਨਨਕਾਣਾ ਸਾਹਿਬ 'ਚ ਨਵੇਂ ਵਰ੍ਹੇ ਮੂਲ ਨਾਨਕਸ਼ਾਹੀ ਸੰਮਤ ੫੫੪ ਸਬੰਧੀ ਕੈਲੰਡਰ ਜਾਰੀ
















**ਨਨਕਾਣਾ ਸਾਹਿਬ–** ਨਨਕਾਣਾ ਸਾਹਿਬ ਵਿੱਚ ਮੂਲ ਨਾਨਕਸ਼ਾਹੀ ਕੈਲੰਡਰਸੰਮਤ ੫੫੪ਵਾਂ ਸਾਲ ੨੦੨੨-੨੩ ਦਾ ਕੈਲੰਡਰ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜਾਰੀ ਕਰ ਦਿੱਤਾ ਗਿਆ। ਗੁਰਦੁਆਰਾ ਜਨਮ ਅਸਥਾਨ ਦੇ ਗ੍ਰੰਥੀ ਭਾਈ ਪ੍ਰੇਮ ਸਿੰਘ, ਗਿਆਨੀ ਜਨਮ ਸਿੰਘ, ਸ। ਤਰਨ ਸਿੰਘ ਸਾਬਕਾ ਮੈਂਬਰ (ਪੀ।ਐਸ।ਜੀ।ਪੀ।ਸੀ) ਅਤੇ ਸ੍ਰੀ ਨਨਕਾਣਾ ਸਾਹਿਬ ਦੀਆਂ ਸੰਗਤਾਂ ਵੱਲੋਂ ਜੈਕਾਰਿਆਂ ਦੀ ਗੂੰਜ 'ਚ ਨਾਨਕਸ਼ਾਹੀ ਕੈਲੰਡਰ ਜਾਰੀ ਕੀਤਾ। ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨਾਨਕਸ਼ਾਹੀ ਸੰਮਤ ੫੫੪ ਦੀ ਆਮਦ ਦੀ ਖ਼ੁਸ਼ੀ ਵਿੱਚ ਗੁਰੂ ਨਾਨਕ ਸਾਹਿਬ ਜੀ ਦੇ ਜਨਮ ਅਸਥਾਨ ਗੁਰਦੁਆਰਾ ਜਨਮ ਅਸਥਾਨ, ਨਨਕਾਣਾ ਸਾਹਿਬ ਵਿਖੇ ਗੁਰਮਤਿ ਸਮਾਗਮ ਕਰਵਾਏ ਗਏ।

ਦੇਸ਼-ਵਿਦੇਸ਼ਾਂ ਤੋਂ ਸੰਗਤਾਂ ਨੇ ਹਾਜ਼ਰੀਆਂ ਭਰੀਆਂ। ਪ੍ਰਸਿੱਧ ਕਥਾਵਾਚਕ ਗਿਆਨੀ ਤਰਬੇਦੀ ਸਿੰਘ ਯੂ,ਕੇ ਵਾਲਿਆਂ ਨਾਲ ਪਾਕਿਸਤਾਨ ਦੇ ਗੁਰਦੁਆਰਿਆਂ ਦੀ ਯਾਤਰਾ ਲਈ ਆਈਆਂ ਹੋਈਆਂ ਸੰਗਤਾਂ ਨੇ ਵੀ ਕਥਾ-ਕੀਰਤਨ ਰਾਹੀਂ ਹਾਜ਼ਰੀ ਭਰੀ। ਭਾਈ ਤਰਬੇਦੀ ਸਿੰਘ ਜੀ ਨੇ ਸੰਗਤਾਂ ਨੂੰ ਗੁਰਬਾਣੀ ਅਤੇ ਇਤਿਹਾਸ ਨਾਲ ਜੋੜਿਆ। ਨਨਕਾਣਾ ਸਾਹਿਬ ਦੀਆਂ ਸਿੱਖ ਬੀਬੀਆਂ ਅਤੇ ਯੂ।ਕੇ ਤੋਂ ਆਈਆਂ ਬੀਬੀਆਂ ਦੇ ਜੱਥਿਆਂ ਨੇ ਵੀ ਕੀਰਤਨ ਦੀ ਹਾਜ਼ਰੀ ਭਰੀ। ਯੂ।ਕੇ ਤੋਂ ਆਈਆਂ ਸੰਗਤਾਂ ਨੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ, ਪਾਕਿਸਤਾਨ ਓਕਾਫ਼ ਬੋਰਡ ਦੇ ਚੇਅਰਮੈਨ ਡਾ।ਆਮਿਰ ਅਹਿਮਦ, ਪਾਕਿਸਤਾਨ ਸਿੱਖ ਗੁ: ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਮੀਰ ਸਿੰਘ, ਰਾਣਾ ਸ਼ਾਹਿਦ ਸਲੀਮ ਐਡੀਸ਼ਨਲ ਸੈਕਟਰੀ ਅਤੇ ਇਮਰਾਨ ਗੋਂਦਲ ਡਿਪਟੀ ਸੈਕਟਰੀ ਦਾ ਪਾਕਿਸਤਾਨ ਸਥਿਤ ਗੁਰਦੁਆਰਾ ਸਾਹਿਬਾਨ ਦੀ ਪੁਰਾਤਨ ਦਿੱਖ ਨੂੰ ਛੇੜੇ ਬਿਨਾਂ ਬਹੁਤ ਖ਼ੂਬਸੂਰਤ ਬਨਾਉਣ ਅਤੇ ਵਿਦੇਸ਼ਾਂ ਤੋਂ ਆਉਣ ਵਾਲੀਆਂ ਸੰਗਤਾਂ ਲਈ ਪਾਕਿਸਤਾਨ ਦੀ ਧਰਤੀ ਵੱਲੋਂ ਹਮੇਸ਼ਾਂ ੨੪ ਘੰਟੇ ਦਰਵਾਜੇ ਖੁੱਲ੍ਹੇ ਰੱਖਣ ਲਈ ਬਹੁਤ ਧੰਨਵਾਦ ਕੀਤਾ।

ਗਿਆਨੀ ਜਨਮ ਸਿੰਘ ਨੇ ਨਵੇਂ ਸਿੱਖ ਮੂਲ ਨਾਨਕਸ਼ਾਹੀ ਵਰ੍ਹੇ ਦੀ ਵਧਾਈ ਦਿੱਤੀ ਅਤੇ ਸੰਗਤਾਂ ਨਾਲ ਆਪਣੇ ਵੀਚਾਰ ਸਾਂਝੇ ਕਰਦਿਆਂ ਦੱਸਿਆ ਕਿ ਸਾਨੂੰ ਭਾਈ ਗੁਰਦਾਸ ਜੀ ਦੇ ਬਚਨ ਯਾਦ ਹੋਣੇ ਚਾਹੀਦੇ ਹਨ।

ਮਾਰਿਆ ਸਿੱਕਾ ਜਗਤ ਵਿੱਚ ਨਾਨਕ ਨਿਰਮਲ ਪੰਥ ਚਲਾਇਆ। (ਭਾ।ਗੁ) ਇਸ ਨਿਰਮਲ ਪੰਥ ਨੂੰ ਬਿੱਪਰਵਾਦ ਵੱਲੋਂ ਢਾਹ ਲਾਉਣ ਲਈ ਉਹ ਮਹਾਨ ਕੂਟਨੀਤਕ ਆਚਾਰੀਆ ਚਾਣੱਕਯ ਦੇ ੪ ਅਸਤਰ-ਸਾਮ, ਦਾਮ, ਦੰਡ ਤੇ 'ਭੇਦ' ਵਰਤ ਕੇ ਗੁਰਮਤਿ ਅਤੇ ਪੰਥ ਦਾ ਵੱਡਾ ਨੁਕਸਾਨ ਕਰ ਰਹੇ ਹਨ। ਜਦੋਂ ਪੰਥ ਦੇ ਕੁਝ ਸੁਚੇਤ ਸਿੱਖਾਂ ਨੇ ਸਖਤ ਮਿਹਨਤ ਅਤੇ ਲਗਨ ਨਾਲ ਨਾਨਕਸ਼ਾਹੀ ਕੈਲੰਡਰ ਤਿਆਰ ਕੀਤਾ, ਫੇਰ ਨਾਨਕਸ਼ਾਹੀ ਕੈਲੰਡਰ (ਮੂਲ) ਜਿਸ ਨੂੰ ਸ਼੍ਰੋਮਣੀ ਕਮੇਟੀ ਅਤੇ ਅਕਾਲ ਤਖ਼ਤ ਦੀ ਸਰਪ੍ਰਸਤੀ ਹੇਠ, ਪੰਥਕ ਵਿਦਵਾਨਾਂ ਦੀ ਸਹਿਮਤੀ ਅਤੇ ਕੌਮ ਦੀ ਪ੍ਰਵਾਨਗੀ ਲੈ ਕੇ ੨੦੦੩ ਵਿੱਚ ਜਾਰੀ ਕੀਤਾ ਗਿਆ। ਉਨ੍ਹਾਂ ਕਿਹਾ ਕਿ ਸਾਧਸੰਗਤ ਜੀ ਉਸ ਸਮੇਂ ਕਿਸੀ ਵੀ ਪੰਥਕ ਮੀਟਿੰਗ 'ਚ ਪਾਕਿਸਤਾਨ ਸਿੱਖ ਗੁ: ਪ੍ਰਬੰਧਕ ਕਮੇਟੀ ਨੂੰ ਸੱਦਾ ਪੱਤਰ ਨਹੀਂ ਭੇਜਿਆ ਗਿਆ ਅਤੇ ਨਾ ਹੀ ਕੋਈ ਸਲਾਹ-ਮਸ਼ਵਰਾ ਦੇਣ ਲਈ ਕਿਹਾ ਗਿਆ।

ਇੰਨ੍ਹਾਂ ਵਿਤਕਰੇ ਭਰੇ ਵਤੀਰੇ ਦੇ ਬਾਵਜੂਦ ਪਾਕਿਸਤਾਨ ਸਿੱਖ ਗੁ: ਪ੍ਰਬੰਧਕ ਕਮੇਟੀ ਨੇ ਇਸ ਤੇ ਪਹਿਰਾ ਦਿੱਤਾ ਅਤੇ ਇਸ ਮੂਲ ਨਾਨਕਸ਼ਾਹੀ ਕੈਲੰਡਰ ਨੂੰ ਪੰਥਕ ਹਿੱਤਾ ਨੂੰ ਸਾਹਮਣੇ ਰੱਖ ਕੇ ਖਿੜ੍ਹੇ ਮੱਥੇ ਪ੍ਰਵਾਨ ਕੀਤਾ ਤੇ ਅੱਗੇ ਤੋਂ ਵੀ ਪਾਕਿਸਤਾਨ ਦੀ ਸਿੱਖ ਸੰਗਤ ਸਿੱਖ ਮੂਲ ਨਾਨਕਸ਼ਾਹੀ ਕੈਲੰਡਰ ਨੂੰ ਮਾਨਤਾ ਦੇਣਗੇ ਅਤੇ ਇਸ ਦੇ ਮੁਤਾਬਕ ਹੀ ਦਿਨ ਤਿਉਹਾਰ ਮਨਾਉਣਗੇ ਕਿਉਂਕਿ ਇਹ ਕੈਲੰਡਰ ਸਿੱਖ ਕੌਮ ਦੀ ਵਿਲੱਖਣਤਾ ਦਾ ਪ੍ਰਤੀਕ ਹੈ ਕਿਉਂਕਿ ਹਰੇਕ ਜਿਉਂਦੀ-ਜਾਗਦੀ ਕੌਮ ਦਾ ਆਪਣਾ ਧਰਮ, ਗ੍ਰੰਥ, ਰਾਜ, ਵਿਧਾਨ, ਨਿਸ਼ਾਨ ਅਤੇ ਕੈਲੰਡਰ ਹੁੰਦਾ ਹੈ।

ਸਿੱਖ ਕੌਮ ਵੀ ਇਹ ਸਾਰੀਆਂ ਸ਼ਰਤਾਂ ਪੂਰੀਆਂ ਕਰਦੀ ਹੈ। ਸਿੱਖ ਬਾਬਾ ਬੰਦਾ ਸਿੰਘ ਜੀ ਬਹਾਦਰ ਦੀ ਲੀਡਰਸ਼ਿਪ ਵਿੱਚ ੮ ਸਾਲ ਅਤੇ ਮਹਾਰਾਜਾ ਰਣਜੀਤ ਸਿੰਘ ਜੀ ਦੀ ਕਮਾਂਡ ਹੇਠ ੫੦ ਸਾਲ ਰਾਜ ਕਰ ਚੁੱਕੇ ਹਨ। ਇਹ ਗੱਲ ਮੈਂ ਨਹੀਂ ਕਹਿ ਰਿਹਾ ਬਲਕਿ ਪ੍ਰਸਿੱਧ ਕਵੀ ਤੇ ਇਤਿਹਾਸਕਾਰ ਸ਼ਾਹ ਮੁਹੰਮਦ ਵੀ ਲਿਖ ਗਿਆ ਹੈ-

ਸ਼ਾਹ ਮੁਹੰਮਦਾ ਪੂਰੇ ਪਚਾਸ ਬਰਸਾਂ, ਅੱਛਾ ਰੱਜ ਕੇ ਰਾਜ ਕਮਾਇ ਗਇਆ।

ਉਨ੍ਹਾਂ ਕਿਹਾ ਅੱਜ ਦੇ ਸਰਕਾਰੀ ਪਿੱਠੂ ਸੰਪ੍ਰਦਾਈ ਲੋਕ, ਅਖੌਤੀ ਰਾਜਸੀ ਅਤੇ ਡੇਰੇਦਾਰ ਸਾਧ ਇਸ ਮੂਲ ਨਾਨਕਸ਼ਾਹੀ ਕੈਲੰਡਰ ਦੀ ਵਿਰੋਧਤਾ ਕਰ ਰਹੇ ਹਨ। ਇੰਨ੍ਹਾਂ ਦੇ ਪਿੱਛੇ ਸੰਘ ਪ੍ਰਵਾਰ, ਆਰਐਸਐਸ (ਰਾਸ਼ਟਰੀ ਸਿੱਖ ਸੰਗਤ) ਅਤੇ ਸਿੱਖ ਪੰਥ ਵਿੱਚ ਘੁਸਪੈਠ ਕਰ ਚੁੱਕੇ ਰਾਜਸੀ ਲੀਡਰ, ਅਖੌਤੀ ਪ੍ਰਚਾਰਕ, ਲਿਖਾਰੀ ਅਤੇ ਉੱਚੇ-ਉੱਚੇ ਅਹੁਦਿਆਂ ਤੇ ਬੈਠੇ ਉਹ ਲੋਕ ਹਨ ਜੋ ਅੰਦਰ ਖਾਤੇ ਸਿੱਖੀ ਦਾ ਘਾਣ ਆਪਣੀਆਂ ਕਲਮਾਂ ਅਤੇ ਪ੍ਰਚਾਰ ਰਾਹੀਂ ਕਰ ਰਹੇ ਹਨ। ਕਿਸੇ ਤਖ਼ਤ ਦਾ ਜੱਥੇਦਾਰ ਸਿੰਘ ਸਾਹਿਬ ਸਾਨੂੰ ਲਵ-ਕੁਛ ਦੀ ਔਲਾਦ ਦੱਸਦਾ ਹੈ ਤੇ ਕਈ ਅੱਡੀ-ਚੋਟੀ ਦਾ ਜੋਰ ਲਾ ਰਹੇ ਨੇ ਸਾਡੇ ਬੱਚਿਆਂ ਦੀਆਂ ਸਕੂਲੀ ਇਤਿਹਾਸ ਦੀਆਂ ਕਿਤਾਬਾਂ ਵਿੱਚ ਮਿਲਾਵਟਾਂ ਕਰਨ ਲਈ।

ਸਿੱਖ ਕੌਮ ਨੇ ਆਪਣੇ ਰਾਜ ਵੇਲੇ ਨਾਨਕਸ਼ਾਹੀ ਸਿੱਕੇ ਚਲਾਏ ? ਕੀ ਹੁਣ ਸਾਨੂੰ ਤਕੜੇ ਹੋ ਕੇ ਇਸ ਤੇ ਪਹਿਰਾ ਨਹੀਂ ਦੇਣਾ ਚਾਹੀਦਾ ? ਉਹ ਤਾਂ ਸਾਨੂੰ ਕੇਸਧਾਰੀ ਹਿੰਦੂ ਕਹਿ ਕੇ ਹੀ ਪ੍ਰਚਾਰਣਾ ਚਾਹੁੰਦੇ ਹਨ ਪਰ ਅਸੀਂ ਦੁਨੀਆਂ ਨੂੰ ਦੱਸਣਾ ਹੈ ਕਿ ਗੁਰੂ ਗ੍ਰੰਥ ਸਾਹਿਬ, ਮੂਲ ਨਾਨਕਸ਼ਾਹੀ ਕੈਲੰਡਰ ਅਤੇ ਸਿੱਖ ਰਹਿਤ ਮਰਯਾਦਾ ਮੁਕੰਮਲ ਤੌਰ ਤੇ ਸਿੱਖਾਂ ਦੀ ਵਿਲੱਖਣ ਹੋਂਦ ਦੇ ਪ੍ਰਤੀਕ ਹਨ।

ਸਟੇਜ ਸੈਕਟਰੀ ਅਤੇ ਅਰਦਾਸ ਦੀ ਸੇਵਾ ਗ੍ਰੰਥੀ ਪ੍ਰੇਮ ਸਿੰਘ ਜੀ ਨੇ ਨਿਭਾਈ। ਖਾਲਸਾ ਜੀ ਕੇ ਬੋਲ-ਬਾਲੇ, ਖਾਲਸਾ ਪੰਥ ਦੀ ਚੜ੍ਹਦੀ ਕਲਾ ਅਤੇ ਹਰ ਮੈਦਾਨ ਫ਼ਤਹਿਯਾਬੀ ਲਈ ਅਰਦਾਸ ਤੋਂ ਉਪਰੰਤ ਆਪ ਜੀ ਵੱਲੋਂ ਸੰਗਤਾਂ ਨੂੰ ਅਪੀਲ ਕੀਤੀ ਕਿ ਹਰ ਸਿੱਖ ਆਪਣੇ ਘਰ ਵਿੱਚ ਮੂਲ ਨਾਨਕਸ਼ਾਹੀ ਕੈਲੰਡਰ ਜ਼ਰੂਰ ਲਗਾਏ ਤਾਂ ਜੋ ਸਾਡੇ ਬੱਚੇ ਇਤਿਹਾਸਕ ਦਿਹਾੜਿਆਂ ਤੋਂ ਜਾਣੂ ਹੋ ਸਕਣ।

ਉਨ੍ਹਾਂ ਨੇ ਪਾਕਿਸਤਾਨ ਸਿੱਖ ਗੁ: ਪ੍ਰਬੰਧਕ ਕਮੇਟੀ, ਪੰਜਾਬੀ ਸਿੱਖ ਸੰਗਤ ਦੇ ਚੇਅਰਮੈਨ ਗੋਪਾਲ ਸਿੰਘ ਚਾਵਲਾ, ਨਨਕਾਣਾ ਸਾਹਿਬ ਦੀਆਂ ਸਮੂਹ ਸੰਗਤਾਂ ਅਤੇ ਸਮੂਹ ਗੁਰਦੁਆਰਾ ਸਾਹਿਬਾਨ ਦੇ ਗ੍ਰੰਥੀ/ ਕੀਰਤਨੀ ਸਿੰਘਾਂ ਵੱਲੋਂ ਸਿੱਖ ਮੂਲ ਨਾਨਕਸ਼ਾਹੀ ਵਰ੍ਹੇ ੫੫੪ ਦੀਆਂ ਬਹੁਤ-ਬਹੁਤ ਵਧਾਈਆਂ ਦਿੱਤੀ।

ਇਸ ਮੌਕੇ ਗੁਰਦੁਆਰਾ ਸ੍ਰੀ ਜਨਮ ਅਸਥਾਨ ਦੇ ਕੇਅਰਟੇਕਰ ਅਤੀਕ ਗਿਲਾਨੀ, ਸ੍ਰ। ਤਰਨ ਸਿੰਘ ਸਾਬਕਾ ਮੈਂਬਰ (ਪੀਐਸਜੀਪੀਸੀ), ਗ੍ਰੰਥੀ ਭਾਈ ਹੀਰਾ ਸਿੰਘ ਗੁਰਦੁਆਰਾ ਤੰਬੂ ਸਾਹਿਬ, ਸ੍ਰ। ਮਸਤਾਨ ਸਿੰਘ, ਬਾਬਾ ਰਵੇਲ ਸਿੰਘ (ਨਿਸ਼ਕਾਮ ਸੇਵਾਦਾਰ) ਗੁਰਦੁਆਰਾ ਮਾਲ ਜੀ ਸਾਹਿਬ, ਮੈਨੇਜਰ ਕਪਿਲਰਾਜ ਸਿੰਘ (ਪੰਜਾਬੀ ਸਿੱਖ ਸੰਗਤ), ਸ੍ਰ। ਸਰੂਪ ਸਿੰਘ ਮੁੱਖ ਸੇਵਾਦਾਰ ਜਲਘਰ, ਭਾਈ ਗਿਆਨ ਸਿੰਘ ਅਤੇ ਬੇਅੰਤ ਸੰਗਤਾਂ ਨੇ ਹਾਜ਼ਰੀਆਂ ਭਰੀਆਂ।

ਨਿਰਵੈਰ ਖਾਲਸਾ ਗੱਤਕਾ ਦਲ ਦੇ ਨੌਜਵਾਨਾਂ ਅਤੇ ਬੱਚਿਆਂ ਵੱਲੋਂ ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ, ਰਾਜ ਕਰੇਗਾ ਖਾਲਸਾ ਦੇ ਜੈਕਾਰਿਆਂ ਦੀ ਗੂੰਜ 'ਚ 'ਗੁਰਮਤਿ ਦੀ ਸੋਚ 'ਤੇ, ਪਹਿਰਾ ਦਿਆਂਗੇ ਠੋਕ ਕੇ'... 'ਗੁਰਮਤਿ ਦੀ ਸੋਚ 'ਤੇ, ਪਹਿਰਾ ਦਿਆਂਗੇ ਠੋਕ ਕੇ' ਨਾਲ ਨਵੇਂ ਸਾਲ ਨਾਨਕਸ਼ਾਹੀ ਸੰਮਤ ੫੫੪ ਦੀ ਆਮਦ ਦੀ ਖ਼ੁਸ਼ੀ ਮਨਾਈ ਗਈ ਅਤੇ ਸਮੁੱਚੀ ਸਿੱਖ ਕੌਮ ਨੂੰ ਪਾਕਿਸਤਾਨ ਓਕਾਫ਼ ਬੋਰਡ ਦੇ ਚੇਅਰਮੈਨ ਡਾ।ਆਮਿਰ ਅਹਿਮਦ ਸਾਹਿਬ, ਰਾਣਾ ਸ਼ਾਹਿਦ ਸਲੀਮ ਸਾਹਿਬ ਐਡੀਸ਼ਨਲ ਸੈਕਟਰੀ, ਇਮਰਾਨ ਗੋਂਦਲ ਡਿਪਟੀ ਸੈਕਟਰੀ ਅਤੇ ਪਾਕਿਸਤਾਨ ਸਿੱਖ ਗੁ: ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਅਮੀਰ ਸਿੰਘ ਵੱਲੋਂ ਲੱਖ-ਲੱਖ ਵਧਾਈ ਦਿੱਤੀ ਗਈ।

# ਡਾ ਅਨਮੋਲ ਰਤਨ ਸਿੰਘ ਸਿੱਧੂ ਬਣੇ ਪੰਜਾਬ ਦੇ ਨਵੇਂ ਐਡਵੋਕੇਟ ਜਨਰਲ

**ਚੰਡੀਗੜ੍ਹ** – ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਨੇ ਸੋਮਵਾਰ ਨੂੰ ਅਨਮੋਲ ਰਤਨ ਸਿੰਘ ਸਿੱਧੂ ਦੀ ਪੰਜਾਬ ਦੇ ਸਭ ਤੋਂ ਵੱਡੇ ਕਾਨੂੰਨ ਅਧਿਕਾਰੀ ਐਡਵੋਕੇਟ ਜਨਰਲ ਦੇ ਅਹੁਦੇ 'ਤੇ ਨਿਯੁਕਤੀ ਕਰ ਦਿੱਤੀ ਹੈ। ਉਮੀਦ ਪ੍ਰਗਟਾਈ ਜਾ ਰਹੀ ਹੈ ਕਿ ਜਲਦ ਹੀ ਨਿਯੁਕਤੀ ਦਾ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਜਾਵੇਗਾ। ਪੰਜਾਬ ਵਿਧਾਨ ਸਭਾ ਵਿਚ ਕਾਂਗਰਸ ਦੀ ਹਾਰ ਪਿੱਛੋਂ ਸ਼ੁੱਕਰਵਾਰ ਨੂੰ ਪੰਜਾਬ ਦੇ ਐਡਵੋਕੇਟ ਜਨਰਲ ਡੀਐਸ ਪਟਵਾਲੀਆ ਨੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਸੀ। ਪਟਵਾਲੀਆ ਨੂੰ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧ ਦੇ ਦਬਾਅ ਤੋਂ ਬਾਅਦ ਇਸ ਅਹੁਦੇ 'ਤੇ ਨਿਯੁਕਤ ਕੀਤਾ ਗਿਆ ਸੀ। ਸ਼ੁੱਕਰਵਾਰ ਨੂੰ ਡੀਐਸ ਪਟਵਾਲੀਆ ਨੇ ਪੰਜਾਬ ਦੇ ਰਾਜਪਾਲ ਨੂੰ ਆਪਣਾ



ਅਸਤੀਫ਼ਾ ਭੇਜ ਦਿੱਤਾ ਸੀ।

ਹੈਰਾਨੀ ਦੀ ਗੱਲ ਇਹ ਹੈ ਕਿ ਸਿੱਧੂ ਕਾਂਗਰਸ ਨਾਲ ਜੁੜੇ ਰਹੇ ਹਨ ਅਤੇ ਚੰਨੀ ਸਰਕਾਰ ਨੇ ਵੀ ਇਕ ਵਾਰ ਐਡਵੋਕੇਟ ਜਨਰਲ ਵੱਜੋਂ ਉਨ੍ਹਾਂ ਦੇ ਨਾਂ ਦਾ ਐਲਾਨ ਕਰ ਦਿੱਤਾ ਸੀ ਪਰ ਨਵਜੋਤ ਸਿੰਘ ਸਿੱਧੂ ਦੇ ਦਬਾਅ ਕਾਰਨ ਪਟਵਾਲੀਆ ਨੂੰ ਇਸ ਅਹੁਦੇ 'ਤੇ ਨਿਯੁਕਤ ਕਰ ਦਿੱਤਾ ਗਿਆ ਸੀ। ਡਾ ਮਨਮੋਹਨ ਸਿੰਘ ਦੀ ਕੇਂਦਰ ਵਿਚ ਸਰਕਾਰ ਦੇ ਕਾਰਜਕਾਲ ਵੇਲੇ ਸਿੱਧੂ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਅਸਿਸਟੈਂਟ ਸਾਲਿਸਟਰ ਜਨਰਲ ਆਫ ਇੰਡੀਆ ਵੀ ਰਹੇ ਹਨ। ਉਹ ਬਾਰ ਕੌਂਸਲ ਦੇ ਚੇਅਰਮੈਨ ਅਤੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਬਾਰ ਐਸੋਸੀਏਸ਼ਨ ਦੇ ਅੱਠ ਵਾਰ ਪ੍ਰਧਾਨ ਰਹੇ ਹਨ। ਉਹ ਪੰਜਾਬ ਦੇ ਅਡੀਸ਼ਨਲ ਐਡਵੋਕੇਟ ਜਨਰਲ ਵੀ ਰਹਿ ਚੁੱਕੇ ਹਨ।

# ਅੰਬੇਡਕਰ ਭਵਨ ਵਿਖੇ ਸਮਤਾ ਸੈਨਿਕ ਦਲ ਦਾ 95ਵਾਂ ਸਥਾਪਨਾ ਦਿਵਸ ਮਨਾਇਆ ਗਿਆ

## ਡਾ: ਅੰਬੇਡਕਰ ਨੇ ਔਰਤਾਂ ਨੂੰ ਸੰਵਿਧਾਨ ਵਿੱਚ ਬਰਾਬਰੀ ਦੇ ਅਧਿਕਾਰ ਦੇ ਕੇ ਸਸ਼ਕਤੀਕਰਨ ਕੀਤਾ - ਡਾ: ਚੰਦਰਕਾਂਤਾ

**ਜਲੰਧਰ–** ਆਲ ਇੰਡੀਆ ਸਮਤਾ ਸੈਨਿਕ ਦਲ ਦਾ 95ਵਾਂ ਸਥਾਪਨਾ ਦਿਵਸ ਜੋ ਕਿ "ਔਰਤਾਂ ਦੇ ਸਸ਼ਕਤੀਕਰਨ" ਨੂੰ ਸਮਰਪਿਤ ਸੀ, ਦਲ ਦੀ ਪੰਜਾਬ ਇਕਾਈ ਵੱਲੋਂ 13 ਮਾਰਚ, 2022 ਨੂੰ ਅੰਬੇਡਕਰ ਭਵਨ, ਜਲੰਧਰ ਵਿਖੇ ਮਨਾਇਆ ਗਿਆ। ਸਮਾਗਮ ਦੀ ਸ਼ੁਰੂਆਤ ਦਲ ਦਾ ਝੰਡਾ ਲਹਿਰਾਉਣ ਨਾਲ ਹੋਈ। ਪ੍ਰੋਗਰਾਮ ਸ਼ੁਰੂ ਹੋਣ ਤੋਂ ਪਹਿਲਾਂ ਸ੍ਰੀ ਹਰਮੇਸ਼ ਜੱਸਲ ਨੇ ਤ੍ਰਿਸ਼ਰਨ ਪੰਚਸ਼ੀਲ ਗ੍ਰਹਿਣ ਕਰਵਾਇਆ। ਪ੍ਰੋਗਰਾਮ ਦੇ ਮੁੱਖ ਮਹਿਮਾਨ ਪ੍ਰੋਫੈਸਰ ਡਾ: ਚੰਦਰਕਾਂਤਾ ਸਨ। ਪ੍ਰੋਫੈਸਰ ਡਾ: ਚੰਦਰਕਾਂਤਾ ਨੇ ਕਿਹਾ ਕਿ ਬਾਬਾ ਸਾਹਿਬ ਡਾ: ਭੀਮ ਰਾਓ ਅੰਬੇਡਕਰ ਨੇ ਔਰਤਾਂ ਨੂੰ ਸੰਵਿਧਾਨ ਵਿਚ ਸਮਾਜਿਕ ਅਤੇ ਆਰਥਿਕ ਬਰਾਬਰੀ ਦੇ ਕੇ ਉਨ੍ਹਾਂ ਦਾ ਸਸ਼ਕਤੀਕਰਨ ਕੀਤਾ। ਬਾਬਾ ਸਾਹਿਬ ਨੇ ਕਿਹਾ ਕਿ ਉਹ ਕਿਸੇ ਦੇਸ਼ ਦੀ ਖੁਸ਼ਹਾਲੀ ਦੀ ਜਾਂਚ ਉੱਥੋਂ ਦੀਆਂ ਔਰਤਾਂ ਦੀ ਹਾਲਤ ਦੇਖ ਕੇ ਕਰਦੇ ਹਨ। ਹਿੰਦੂ ਔਰਤਾਂ ਨੂੰ ਰਵਾਇਤੀ ਗੁਲਾਮੀ ਤੋਂ ਮੁਕਤ ਕਰਨ ਲਈ ਹਿੰਦੂ ਕੋਡ ਬਿੱਲ ਪਾਸ ਨਾ ਹੋਣ ਤੋਂ ਬਾਅਦ ਉਨ੍ਹਾਂ ਨੇ ਕਾਨੂੰਨ ਮੰਤਰੀ ਪਦ ਤੋਂ ਅਸਤੀਫਾ ਦੇ ਦਿੱਤਾ। ਇਹ ਔਰਤਾਂ ਦੀ ਬਹੁਪੱਖੀ ਆਜ਼ਾਦੀ ਲਈ ਕੁਰਬਾਨੀ ਹੈ। ਬਾਬਾ ਸਾਹਿਬ ਦੇ ਅਸਤੀਫੇ ਤੋਂ ਬਾਅਦ ਸਰਕਾਰ ਨੂੰ ਹਿੰਦੂ ਕੋਡ ਬਿੱਲ ਨੂੰ ਵੱਖ-ਵੱਖ ਕਾਨੂੰਨਾਂ ਵਿੱਚ ਵੰਡ ਕੇ ਪਾਸ ਕਰਨਾ ਪਿਆ। ਸਰਕਾਰ ਨੂੰ ਉਨ੍ਹਾਂ ਵੱਲੋਂ ਰੱਖੀ ਨੀਂਹ 'ਤੇ ਅੱਗੇ ਵਧਣਾ ਪਿਆ। ਡਾ: ਚੰਦਰਕਾਂਤਾ ਨੇ ਅੱਗੇ ਕਿਹਾ ਕਿ ਔਰਤ ਨੂੰ ਆਪਣੀ ਤਰੱਕੀ ਲਈ ਖ਼ੁਦ ਕੋਸ਼ਿਸ਼ ਕਰਨੀ ਚਾਹੀਦੀ ਹੈ। ਉਸ ਨੂੰ ਪਰਦੇ ਅਤੇ ਅਜਿਹੀਆਂ ਹੋਰ ਬੁਰਾਈਆਂ ਤੋਂ ਮੁਕਤ ਹੋਣਾ ਚਾਹੀਦਾ ਹੈ। ਉਸਨੂੰ ਆਪਣੇ ਅਧਿਕਾਰਾਂ ਪ੍ਰਤੀ ਸੁਚੇਤ ਹੋਣਾ ਚਾਹੀਦਾ ਹੈ ਅਤੇ ਉਹਨਾਂ ਨੂੰ ਪ੍ਰਾਪਤ ਕਰਨ ਲਈ ਪ੍ਰੇਰਿਤ ਹੋਣਾ ਚਾਹੀਦਾ ਹੈ। ਸਮਾਗਮ ਵਿੱਚ 'ਧੰਮਾ ਵੇਵਜ਼' ਦੇ ਸੰਸਥਾਪਕ ਮੈਂਬਰ ਸ੍ਰੀ ਪਰਮਜੀਤ ਕੈਂਥ ਕੈਨੇਡਾ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਸ੍ਰੀ ਕੈਂਥ ਨੇ ਆਪਣੇ ਭਾਸ਼ਣ ਵਿੱਚ ਕਿਹਾ ਕਿ ਅੰਬੇਡਕਰਵਾਦੀਆਂ ਨੂੰ ਦੂਜਿਆਂ ਦੇ ਹੱਥਾਂ ਦੀ ਕਠਪੁਤਲੀ ਨਹੀਂ ਬਣਨਾ ਚਾਹੀਦਾ। ਸ੍ਰੀ ਪਰਮ ਕੈਂਥ ਅਤੇ ਡਾ: ਚੰਦਰਕਾਂਤਾ ਨੇ ਸ੍ਰੀ ਐਲ ਆਰ ਬਾਲੀ ਦੁਆਰਾ ਲਿਖੀ ਕਿਤਾਬ "ਅੰਬੇਡਕਰ ਮਿਸ਼ਨ ਪ੍ਰਤੀ ਸਾਡਾ ਫਰਜ਼" ਵੀ ਰਿਲੀਜ਼ ਕੀਤੀ। ਸਮਾਗਮ ਦੇ ਮੁੱਖ ਬੁਲਾਰੇ ਅੰਬੇਡਕਰ ਭਵਨ ਟਰੱਸਟ ਦੇ ਚੇਅਰਮੈਨ ਅਤੇ ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ ਦੇ ਪ੍ਰਧਾਨ ਸੋਹਨ ਲਾਲ ਅਤੇ ਅੰਬੇਡਕਰ ਭਵਨ ਟਰੱਸਟ ਦੇ ਜਨਰਲ ਸਕੱਤਰ ਡਾ ਜੀਸੀ ਕੌਲ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਸਮਾਗਮ ਦੀ ਪ੍ਰਧਾਨਗੀ ਦਲ ਦੀ ਸੂਬਾ ਇਕਾਈ ਦੇ ਪ੍ਰਧਾਨ ਜਸਵਿੰਦਰ ਵਰਿਆਣਾ ਨੇ ਕੀਤੀ। ਅੰਬੇਡਕਰ ਭਵਨ, ਜਲੰਧਰ ਵਿਖੇ ਸ੍ਰੀ ਸ਼ਸ਼ੀਕਾਂਤ ਪਾਲ ਨੂੰ ਉਨ੍ਹਾਂ ਦੀਆਂ ਸੇਵਾਵਾਂ ਨੂੰ ਮੁਖ ਰੱਖਦੇ ਹੋਏ ਸਨਮਾਨਿਤ ਕੀਤਾ ਗਿਆ। ਸ੍ਰੀ ਐਲ।ਆਰ।ਬਾਲੀ ਨੇ ਸਮਤਾ ਸੈਨਿਕ ਦਲ ਦੀ ਲੋੜ ਅਤੇ ਮਹੱਤਵ ਬਾਰੇ ਆਪਣੇ ਵਿਚਾਰ ਪੇਸ਼ ਕੀਤੇ ਅਤੇ ਧੰਨਵਾਦ ਦਾ ਮਤਾ ਪਾਸ ਕੀਤਾ। ਸ੍ਰੀ ਬਲਦੇਵ ਰਾਜ ਭਾਰਦਵਾਜ (ਜਨਰਲ ਸਕੱਤਰ) ਨੇ ਪ੍ਰੋਗਰਾਮ ਦਾ ਸੰਚਾਲਨ ਸੁਚਾਰੂ ਢੰਗ ਨਾਲ ਕੀਤਾ। ਡਾ: ਰਵੀ ਕਾਂਤ ਪਾਲ, ਤਿਲਕ ਰਾਜ, ਕੁਲਦੀਪ ਭੱਟੀ ਐਡਵੋਕੇਟ, ਹਰਭਜਨ ਨਿਮਤਾ , ਚਰਨ ਦਾਸ ਸੰਧੂ, ਡਾ: ਮਹਿੰਦਰ ਸੰਧੂ, ਚਮਨ ਲਾਲ, ਸੁਖਰਾਜ, ਰਾਮ ਲਾਲ ਦਾਸ, ਗੌਤਮ (ਹੁਸ਼ਿਆਰਪੁਰ), ਰਮੇਸ਼ ਚੰਦਰ ਅੰਬੈਸਡਰ, ਪ੍ਰੋ: ਤੀਰਥ ਬਸਰਾ, ਡਾ। ਚਰਨਜੀਤ ਸਿੰਘ, ਪ੍ਰੋ: ਅਸ਼ਵਨੀ ਜੱਸਲ, ਜੀਵਨ ਮਹਿਮੀ, ਸਤਵਿੰਦਰ ਮਦਾਰਾ, ਮੈਡਮ ਸੁਦੇਸ਼ ਕਲਿਆਣ, ਸਤਿਅਮ ਬੋਧ, ਸੁਖਵਿੰਦਰ ਕੌਰ, ਬੁੱਧ ਪ੍ਰਿਯਾ, ਪ੍ਰੀਤੀ ਕੌਲਧਰ, ਬੁੱਧ ਪ੍ਰਿਆ, ਬਿੰਦੂ ਬੰਗੜ ਅਤੇ ਹੋਰ ਵੀ ਕਈ ਸ਼ਖਸੀਅਤਾਂ ਨੇ ਸ਼ਿਰਕਤ ਕੀਤੀ । ਇਹ ਜਾਣਕਾਰੀ ਆਲ ਇੰਡੀਆ ਸਮਤਾ ਸੈਨਿਕ ਦਲ (ਰਜਿਸਟਰਡ) ਪੰਜਾਬ ਇਕਾਈ ਦੇ ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਪ੍ਰੈਸ ਬਿਆਨ ਰਾਹੀਂ ਦਿੱਤੀ।




ਜੋ ਦਿਨ ਆਵਹਿ ਸੋ ਦਿਨ ਜਾਹੀ ॥ ਕਰਨਾ ਕੂਚੁ ਰਹਨੁ ਥਿਰੁ ਨਾਹੀ ॥



ਸਮੂਹ ਸਾਧਸੰਗਤਿ ਜੀਓ ਜਿਵੇਂ ਕਿ ਆਪ ਜੀ ਜਾਣਦੇ ਹੋ ਕਿ

ਸ੍ਰੀ ਸੰਜੇ ਨਰੇਸ਼ ਕੁਮਾਰ ਉਜਾਗਰ

(ਸ੍ਰੀ ਗੁਰੂ ਰਵਿਦਾਸ ਟੈਪਲ ਰਿਓ ਲਿੰਡਾ ਦੇ ਸੰਸਥਾਪਕ ਮੈਂਬਰ
ਮਰਹੂਮ ਸ੍ਰੀ ਜੋਗਿੰਦਰ ਉਜਾਗਰ ਅਤੇ ਬੀਬੀ ਹਰਬੰਸ ਉਜਾਗਰ ਦਾ ਪੋਤਰਾ
ਅਤੇ ਸ੍ਰੀ ਸੁਰਿੰਦਰ ਪਾਲ ਉਜਾਗਰ ਅਤੇ ਬੀਬੀ ਅਮਨਦੀਪ ਉਜਾਗਰ ਦਾ ਪੁੱਤਰ)

ਆਪਣੀ ਸੰਸਾਰਿਕ ਯਾਤਰਾ ਪੂਰੀ ਕਰਕੇ 22 ਫ਼ਰਵਰੀ 2022 ਨੂੰ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਸਨ।

ਸ੍ਰੀ ਸਹਿਜ ਪਾਠ ਦੇ ਭੋਗ ਅਤੇ ਅੰਤਿਮ ਅਰਦਾਸ
ਸ਼ਨੀਵਾਰ 19 ਮਾਰਚ 2022
ਸਵੇਰੇ 11 ਵਜੇ ਤੋਂ ਬਾਅਦ ਦੁਪਹਿਰ 1 ਵਜੇ ਤੱਕ
ਸਥਾਂਨ: ਸ੍ਰੀ ਗੁਰੂ ਰਵਿਦਾਸ ਟੈਪਲ ਰਿਓ ਲਿੰਡਾ
6221 16th Street, Rio Linda, CA 95673

ਪਰਿਵਾਰ ਨਾਲ ਸੰਪਰਕ: ਸ੍ਰੀ ਗੁਰਮੇਲ ਉਜਾਗਰ (916) 704-5487
ਸ੍ਰੀ ਤੇਜਾ ਵਿਰਕ (916) 912-5678 ਸ੍ਰੀ ਪਰਮਜੀਤ ਭੁੱਟਾ (916) 798-9144

ਗੁਰੂਘਰ ਦੀ ਪ੍ਰਬੰਧਕ ਕਮੇਟੀ ਅਤੇ ਸੰਗਤਾਂ ਵਲੋਂ ਅਰਦਾਸ ਹੈ ਕਿ ਅਕਾਲਪੁਰਖ ਉਨ੍ਹਾਂ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ੇ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬੱਲ ਬਖਸ਼ੇ।


# ਕੈਪਟਨ ਅਮਰਿੰਦਰ ਦਾ ਕਾਂਗਰਸ ਹਾਈਕਮਾਂਡ 'ਤੇ ਹਮਲਾ

**ਚੰਡੀਗੜ੍ਹ –** ਪੰਜਾਬ ਲੋਕ ਕਾਂਗਰਸ ਦੇ ਪ੍ਰਧਾਨ ਅਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪੰਜ ਸੂਬਿਆਂ ਵਿੱਚ ਹਾਲ ਹੀ ਵਿੱਚ ਹੋਈਆਂ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਦੇ ਮਾੜੇ ਪ੍ਰਦਰਸ਼ਨ ਲਈ ਗਾਂਧੀ ਪਰਿਵਾਰ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਹਾਈਕਮਾਂਡ ਨੇ ਅਸਥਿਰ ਨਵਜੋਤ ਸਿੰਘ ਸਿੱਧੂ ਅਤੇ ਭ੍ਰਿਸ਼ਟ ਚਰਨਜੀਤ ਸਿੰਘ ਚੰਨੀ ਦੀ ਹਮਾਇਤ ਕਰਦਿਆਂ ਪੰਜਾਬ ਵਿੱਚ ਆਪਣੀ ਕਬਰ ਖੁਦ ਪੁੱਟ ਲਈ ਹੈ।

ਕੈਪਟਨ ਨੇ ਕਿਹਾ ਕਿ ਕਾਂਗਰਸ ਵਰਕਿੰਗ ਕਮੇਟੀ ਆਪਣੀ ਗਲਤੀ ਮੰਨਣ ਦੀ ਬਜਾਏ ਉਨ੍ਹਾਂ ਦੀ ਪਾਰਟੀ 'ਤੇ ਦੋਸ਼ ਲਗਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਕਾਂਗਰਸ ਸਿਰਫ਼ ਪੰਜਾਬ ਵਿੱਚ ਹੀ ਨਹੀਂ ਸਗੋਂ ਉੱਤਰ ਪ੍ਰਦੇਸ਼, ਉੱਤਰਾਖੰਡ, ਗੋਆ ਅਤੇ ਮਨੀਪੁਰ ਵਿੱਚ ਵੀ ਚੋਣਾਂ ਹਾਰ ਗਈ ਹੈ। ਕੈਪਟਨ ਨੇ ਕਿਹਾ ਕਿ ਗਾਂਧੀ ਪਰਿਵਾਰ ਆਪਣੀ ਲੀਡਰਸ਼ਿਪ ਸਮਰੱਥਾ ਪੂਰੀ ਤਰ੍ਹਾਂ ਗੁਆ ਚੁੱਕਾ ਹੈ।

ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਅੱਜ ਕਾਂਗਰਸ ਦੇ ਕਈ ਸੀਨੀਅਰ ਆਗੂ ਨਵਜੋਤ ਸਿੰਘ ਸਿੱਧੂ 'ਤੇ ਕਾਂਗਰਸ ਦੀ ਅੰਦਰੂਨੀ ਕਲੇਸ਼ ਅਤੇ ਮਾੜੀ ਕਾਰਗੁਜ਼ਾਰੀ ਲਈ ਦੋਸ਼ ਲਗਾ ਰਹੇ ਹਨ। ਅਸਲੀਅਤ ਇਹ ਹੈ ਕਿ ਸਰਹੱਦੀ ਸੂਬੇ ਵਿੱਚ ਕਾਂਗਰਸ ਨੇ ਆਪਣੀ ਕਬਰ ਉਦੋਂ ਪੁੱਟੀ ਜਦੋਂ ਕਾਂਗਰਸ ਨੇ 'ਅਸਥਿਰ ਤੇ ਹੰਕਾਰੀ' ਸਿੱਧੂ ਅਤੇ 'ਭ੍ਰਿਸ਼ਟ' ਚੰਨੀ ਨੂੰ ਮੁੱਖ ਮੰਤਰੀ ਬਣਾਇਆ।

ਕੈਪਟਨ ਨੇ ਕਿਹਾ ਕਿ ਕਾਂਗਰਸ ਦੇ ਸੀ।ਡਬਲਯੂ।ਸੀ। ਦੇ ਆਗੂ ਜੋ ਦਾਅਵਾ ਕਰ ਰਹੇ ਸਨ ਕਿ ਉਨ੍ਹਾਂ ਦੀ ਸਰਕਾਰ ਦੇ ਖਿਲਾਫ ਇੱਕ ਮਜ਼ਬੂਤ 'ਸੱਤਾ-ਵਿਰੋਧੀ' ਹੈ, ਉਹ ਭੁੱਲ ਗਏ ਹਨ ਕਿ ਉਨ੍ਹਾਂ ਦੀ ਸਰਕਾਰ ਨੇ 2017 ਤੋਂ ਲੈ ਕੇ ਹੁਣ ਤੱਕ ਪਾਰਟੀ ਲਈ ਹਰ ਚੋਣ ਜਿੱਤੀ ਹੈ ਅਤੇ ਮਿਉਂਸਪਲ ਸੰਸਥਾਵਾਂ ਦੀਆਂ ਪਿਛਲੀਆਂ ਚੋਣਾਂ ਫਰਵਰੀ 2021 ਵਿੱਚ ਹੋਈਆਂ ਸਨ।

ਸੀਡਬਲਯੂਸੀ 'ਤੇ ਹਮਲਾ ਕਰਦਿਆਂ ਕੈਪਟਨ ਨੇ ਕਿਹਾ ਕਿ "ਇਹ ਆਗੂ ਸਿਰਫ਼ ਸ਼ਰਾਰਤੀ ਅਨਸਰ ਹਨ, ਜੋ ਉਨ੍ਹਾਂ 'ਤੇ ਦੋਸ਼ ਲਗਾ



ਕੇ ਪਰਿਵਾਰ ਨੂੰ ਬਚਾਉਣ ਦੀ ਕੋਸ਼ਿਸ਼ ਕਰ ਰਹੇ ਹਨ ਅਤੇ ਕੰਧ 'ਤੇ ਲਿਖੀਆਂ ਲਿਖਤਾਂ ਦੀ ਅੰਨ੍ਹੇਵਾਹ ਪਾਲਣਾ ਕਰ ਰਹੇ ਹਨ।" ਉਨ੍ਹਾਂ ਕਿਹਾ ਕਿ ਮੌਜੂਦਾ ਸਿਸਟਮ ਵਿੱਚ ਕਾਂਗਰਸ ਦਾ ਕੋਈ ਭਵਿੱਖ ਨਹੀਂ ਹੈ।

ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਨੇ ਕਿਹਾ ਕਿ ਉਹ ਹਰ 15 ਦਿਨਾਂ ਬਾਅਦ ਆਪਣੀ ਸਰਕਾਰ ਦੀ ਰਿਪੋਰਟ ਏ।ਆਈ।ਸੀ।ਸੀ। ਦੀ ਕਾਰਜਕਾਰੀ ਪ੍ਰਧਾਨ ਸੋਨੀਆ ਗਾਂਧੀ ਨੂੰ ਭੇਜ ਰਹੇ ਹਨ, ਇੱਕ ਵਾਰ ਵੀ ਉਨ੍ਹਾਂ ਨੇ ਉਨ੍ਹਾਂ ਵੱਲ ਉਂਗਲ ਨਹੀਂ ਉਠਾਈ। ਕੈਪਟਨ ਨੇ ਦੁਹਰਾਇਆ ਕਿ ਮੈਂ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇਣ ਤੋਂ ਤਿੰਨ ਹਫ਼ਤੇ ਪਹਿਲਾਂ ਅਹੁਦਾ ਛੱਡਣ ਦੀ ਪੇਸ਼ਕਸ਼ ਕੀਤੀ ਸੀ, ਪਰ ਸੋਨੀਆ ਗਾਂਧੀ ਨੇ ਜ਼ੋਰ ਦੇ ਕੇ ਕਿਹਾ ਕਿ ਮੈਂ 2022 ਦੀਆਂ ਚੋਣਾਂ

# ਬੱਚਿਆਂ ਤੇ ਨੌਜਵਾਨਾਂ 'ਚ ਤਨਾਅ ਲਈ ਹਵਾ ਪ੍ਰਦੂਸ਼ਣ ਵੀ ਜ਼ਿੰਮੇਵਾਰ

**ਵਾਸ਼ਿੰਗਟਨ –** ਵਿਗਿਆਨੀਆਂ ਨੇ ਹਾਲ ਹੀ ਵਿੱਚ ਕੀਤੇ ਇੱਕ ਅਧਿਐਨ ਵਿੱਚ ਪਾਇਆ ਕਿ ਬੱਚਿਆਂ ਤੇ ਨੌਜਵਾਨਾ ਵਿੱਚ ਡਿਪਰੈਸ਼ਨ ਦੇ ਲੱਛਣਾਂ ਲਈ ਓਜ਼ੋਨ ਗੈਸ ਦਾ ਹਵਾ ਪ੍ਰਦੂਸ਼ਣ ਵੀ ਜ਼ਿੰਮੇਵਾਰ ਹੈ। ਡਿਵੈਲਪਮੈਂਟ ਸਾਈਕੋਲੋਜੀ ਜਰਨਲ ਵਿੱਚ ਪ੍ਰਕ-ਾਸ਼ਿਤ ਅਧਿਐਨ ਦੇ ਨਤੀਜਿਆਂ ਨੇ ਪਹਿਲੀ ਵਾਰ ਬੱਚਿਆਂ ਤੇ ਕਿਸ਼ੋਰਾਂ ਵਿੱਚ ਡਿਪਰੈਸ਼ਨ ਦੇ ਲੱਛਣਾਂ ਅਤੇ ਓਜ਼ੋਨ ਦੇ ਪੱਧਰਾਂ ਵਿਚਕਾਰ ਸਬੰਧਾਂ ਦੀ ਖੋਜ ਕੀਤੀ। ਓਜ਼ੋਨ ਗੈਸ ਉਦੋਂ ਬਣਦੀ ਹੈ ਜਦੋਂ ਵਾਹਨਾਂ ਤੇ ਪਾਵਰ ਪਲਾਂਟਾਂ ਦਾ ਧੂੰਆਂ ਸੂਰਜ ਦੀਆਂ ਕਿਰਨਾਂ ਨਾਲ ਪ੍ਰਤੀਕਿਰਿਆ ਕਰਦਾ ਹੈ। ਓਜ਼ੋਨ ਦੇ ਉੱਚ ਪੱਧਰ ਦੇ ਕਾਰਨ, ਅਸਥਮਾ, ਸਾਹ ਦੇ ਵਾਇਰਸ ਅਤੇ ਸਮੇਂ ਤੋਂ ਪਹਿਲਾਂ ਮੌਤ ਦਾ ਖ਼ਤਰਾ ਹੈ। ਓਜ਼ੋਨ ਗੈਸ ਦੇ ਹਵਾ ਪ੍ਰਦੂਸ਼ਣ ਕਾਰਨ ਨੌਜਵਾਨ ਉਦਾਸ ਤੇ ਨਿਰਾਸ਼ ਮਹਿਸੂਸ ਕਰਨ ਲੱਗਦੇ ਹਨ। ਉਨ੍ਹਾਂ ਦੀ ਇਕਾਗਰਤਾ ਅਤੇ ਨੀਂਦ ਵਿਚ ਵਿਘਨ ਪੈਂਦਾ ਹੈ ਅਤੇ ਕਈ ਵਾਰ ਉਨ੍ਹਾਂ ਦੇ ਮਨ ਵਿਚ ਆਤਮਹੱਤਿਆ ਦੇ ਵਿਚਾਰ ਵੀ ਆਉਂਦੇ ਹਨ। ਅਮਰੀਕਾ ਦੀ ਡੇਨਵਰ ਯੂਨੀਵਰਸਿਟੀ ਦੇ ਮਨੋਵਿਗਿਆਨ ਦੇ ਸਹਾਇਕ ਪ੍ਰੋਫੈਸਰ ਐਰਿਕ ਮਨਜ਼ਾਕ ਨੇ ਕਿਹਾ, "ਸਾਡੇ ਅਧਿਐਨ ਦੇ ਨਤੀਜੇ ਸਾਨੂੰ ਹਵਾ ਪ੍ਰਦੂਸ਼ਣ ਦੇ ਸਰੀਰਕ ਅਤੇ ਮਾਨਸਿਕ ਸਿਹਤ 'ਤੇ ਪੈਣ ਵਾਲੇ ਪ੍ਰਭਾਵਾਂ 'ਤੇ ਵਿਚਾਰ ਕਰਨ ਲਈ ਪ੍ਰੇਰਿਤ ਕਰਦੇ ਹਨ।" ਅਧਿਐਨ ਲਈ, ਖੋਜਕਰਤਾਵਾਂ ਨੇ ਸੈਨ ਫਰਾਂਸਿਸਕੋ ਵਿੱਚ 9 ਤੋਂ 13 ਸਾਲ ਦੀ ਉਮਰ ਦੇ 213 ਬੱਚਿਆਂ ਤੇ ਨੌਜਵਾਨਾ 'ਤੇ ਇੱਕ ਪੁਰਾਣੇ ਅਧਿਐਨ ਦੇ ਅੰਕੜਿਆਂ ਦਾ ਵਿਸ਼ਲੇਸ਼ਣ ਕੀਤਾ। ਇਸ ਦੌਰਾਨ ਉਨ੍ਹਾਂ ਪਾਇਆ ਕਿ ਹਵਾ ਪ੍ਰਦੂਸ਼ਣ ਬੱਚਿਆਂ ਅਤੇ ਕਿਸ਼ੋਰਾਂ ਦੀ ਮਾਨਸਿਕ ਸਿਹਤ ਨੂੰ ਪ੍ਰਭਾਵਿਤ ਕਰਦਾ ਹੈ।

# ਪ੍ਰਕਾਸ਼ ਸਿੰਘ ਬਾਦਲ ਦਾ 75 ਸਾਲਾਂ ਦਾ ਸਿਆਸੀ ਸਫਰ ਹਾਰ ਵੱਲ ਵਧਿਆ

**ਬਠਿੰਡਾ–**75 ਸਾਲਾਂ ਦੀ ਰਾਜਨੀਤੀ ਵਿੱਚ, 2019 ਦੀਆਂ ਲੋਕ ਸਭਾ ਚੋਣਾਂ ਦੌਰਾਨ ਬਾਦਲ ਦੀ ਨਾ-ਸਰਗਰਮਤਾ ਅਤੇ ਅਕਾਲੀ-ਬਸਪਾ ਗਠਜੋੜ ਦੇ ਚਿਹਰੇ ਵਜੋਂ ਆਪਣੇ ਪੁੱਤਰ ਸੁਖਬੀਰ ਦੇ ਐਲਾਨ ਨੇ ਇਹ ਕਿਆਸ ਅਰਾਈਆਂ ਲਗਾਈਆਂ ਕਿ ਉਹ ਚੋਣ ਨਹੀਂ ਲੜਨਗੇ। ਉਂਜ 94 ਸਾਲਾ ਅਕਾਲੀ ਆਗੂ 13ਵੀਂ ਵਾਰ ਚੋਣ ਲੜ ਚੁੱਕੇ ਹਨ। ਹੁਣ ਤੱਕ ਉਹ ਸਿਰਫ ਇੱਕ ਵਾਰ 1967 ਵਿੱਚ 57 ਵੋਟਾਂ ਦੇ ਫਰਕ ਨਾਲ ਹਾਰੇ ਹਨ। ਬਾਦਲ 1997 ਵਿਚ ਅਕਾਲੀ ਦਲ ਦੀ ਟਿਕਟ 'ਤੇ ਲੰਬੀ ਚਲੇ ਗਏ, ਜਿਸ ਤੋਂ ਪਹਿਲਾਂ ਉਹ ਕਾਂਗਰਸ ਦੀ ਟਿਕਟ 'ਤੇ ਮਲੋਟ ਤੋਂ ਚੋਣ ਲੜਦੇ ਰਹੇ ਸਨ। ਉਹ 1997 ਤੋਂ ਪੰਜ ਵਾਰ ਮੁੱਖ ਮੰਤਰੀ ਬਣਨ ਦਾ



ਰਿਕਾਰਡ ਰੱਖਦਾ ਹੈ। 2017 ਵਿੱਚ, ਬਾਦਲ ਨੇ ਅਮਰਿੰਦਰ ਸਿੰਘ (ਕਾਂਗਰਸ) ਨੂੰ ਹਰਾਇਆ। ਪਰ ਕੱਲ੍ਹ ਇਸ ਜਿਸ ਦਾ ਸਫਰ ਲੰਬੀ ਦੀ ਹਾਰ ਤੋਂ ਬਾਅਦ ਰੁੱਕ ਗਿਆ। ਇਨ੍ਹਾਂ ਹੀ ਨਹੀਂ ਉਨ੍ਹਾਂ ਦੇ ਪੁੱਤਰ ਸੁਖਬੀਰ ਸਿੰਘ ਬਾਦਲ ਵੀ ਜਲਾਲਾਬਾਦ ਤੋਂ ਆਪਣੀ ਟਿਕਟ ਤੋਂ ਹਾਰ ਗਏ। ਭਾਰਤੀ ਚੋਣ ਕਮਿਸ਼ਨ ਕੋਲ ਜਮ੍ਹਾਂ ਕਰਵਾਏ ਚੋਣ ਹਲਫ਼ਨਾਮੇ ਅਨੁਸਾਰ ਪ੍ਰਕਾਸ਼ ਸਿੰਘ ਬਾਦਲ ਦੀ ਉਮਰ 94 ਸਾਲ ਹੈ ਅਤੇ ਉਨ੍ਹਾਂ ਦੀ ਵਿਦਿਅਕ ਯੋਗਤਾ: ਗ੍ਰੈਜੂਏਟ ਹੈ। ਉਸਨੇ 15।1 ਕਰੋੜ ਰੁਪਏ ਦੀ ਕੁੱਲ ਜਾਇਦਾਦ ਅਤੇ 2।7 ਕਰੋੜ ਰੁਪਏ ਦੀਆਂ ਦੇਣਦਾਰੀਆਂ ਦਾ ਐਲਾਨ ਕੀਤਾ ਹੈ। ਲੰਬੀ ਹਲਕੇ ਤੋਂ ਸ਼੍ਰੋਮਣੀ ਅਕਾਲੀ ਦਲ ਦੀ ਟਿਕਟ 'ਤੇ ਚੋਣ ਲੜ ਰਹੇ ਪ੍ਰਕਾਸ਼ ਸਿੰਘ ਬਾਦਲ ਦੇ ਤਾਜ਼ਾ ਨਤੀਜਿਆਂ ਦੇ ਅੱਪਡੇਟ ਨੂੰ ਟਰੈਕ ਕਰਨ ਲਈ ਇਸ ਪੰਨੇ 'ਤੇ ਲਾਈਵ ਅੱਪਡੇਟ ਕਰਨ ਵਾਲੀਆਂ ਟੇਬਲਾਂ ਦੀ ਪਾਲਣਾ ਕਰੋ। ਦੇਸ਼ ਦੇ ਸਭ ਤੋਂ ਵੱਧ ਉਮਰ ਦੇ ਵਿਧਾਨ ਸਭਾ ਉਮੀਦਵਾਰ ਦਾ ਰਿਕਾਰਡ: ਇਸ ਵਾਰ ਜਦੋਂ ਪ੍ਰਕਾਸ਼ ਸਿੰਘ ਬਾਦਲ ਵਿਧਾਨ ਸਭਾ ਚੋਣਾਂ ਲਈ ਮੈਦਾਨ ਵਿੱਚ ਉਤਰੇ ਹਨ ਤਾਂ ਉਨ੍ਹਾਂ ਦੀ ਉਮਰ 95 ਸਾਲ ਹੋ ਰਹੀ ਹੈ। ਇਸ ਉਮਰ ਵਿਚ ਸ਼ਾਇਦ ਇਸ ਤੋਂ ਪਹਿਲਾਂ ਦੇਸ਼ ਦਾ ਕੋਈ ਨੇਤਾ ਵਿਧਾਨ ਸਭਾ ਚੋਣਾਂ ਵਿਚ ਨਹੀਂ ਉਤਰਿਆ ਸੀ।

# ਯੂਰਪੀ ਸੁਰੱਖਿਆ 'ਤੇ ਮੁੜ ਵਿਚਾਰ ਕਰ ਸਕਦਾ ਹੈ ਅਮਰੀਕਾ

**ਵਾਸ਼ਿੰਗਟਨ –** ਯੂਕਰੇਨ 'ਤੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦੇ ਹਮਲੇ ਤੇ ਯੂਰਪੀ ਸਰਹੱਦ ਦੀ ਸੁਰੱਖਿਆ ਨਾਲ ਜੁੜੇ ਖ਼ਤਰਿਆਂ ਦੇ ਮੱਦੇਨਜ਼ਰ ਅਮਰੀਕੀ ਮਹਾਦੀਪ ਦੀ ਰੱਖਿਆ ਬਾਰੇ ਆਪਣੀ ਸੋਚ 'ਚ ਇਤਿਹਾਸਕ ਬਦਲਾਅ ਲਿਆ ਸਕਦਾ ਹੈ। ਇਹ ਇਸ ਗੱਲ 'ਤੇ ਨਿਰਭਰ ਕਰੇਗਾ ਕਿ ਪੁਤਿਨ ਕਿਸ ਹੱਦ ਤੱਕ ਜਾਂਦੇ ਹਨ, ਪਰ ਯੂਰਪ 'ਚ ਅਮਰੀਕੀ ਫ਼ੌਜੀਆਂ ਦਾ ਅਜਿਹਾ ਇਕੱਠ ਹੋ ਸਕਦਾ ਹੈ ਜਿਵੇਂ ਜੰਗ ਤੋਂ ਬਾਅਦ ਹੁਣ ਤੱਕ ਨਹੀਂ ਹੋਇਆ।

ਯੂਰਪ 'ਚ ਅਮਰੀਕੀ ਫ਼ੌਜ ਦੀ ਹਾਜ਼ਰੀ 'ਚ ਸਿਰਫ਼ ਦੋ ਸਾਲ ਪਹਿਲਾਂ ਦੇ ਮੁਕਾਬਲੇ 'ਚ ਜ਼ਿਕਰਯੋਗ ਬਦਲਾਅ ਹੋਇਆ ਹੈ। ਤੱਤਕਾਲੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸਾਲ 2020 'ਚ ਹਜ਼ਾਰਾਂ ਅਮਰੀਕੀ ਫ਼ੌਜੀਆਂ ਨੂੰ ਜਰਮਨੀ ਤੋਂ ਬੁਲਾਉਣ ਦਾ ਹੁਕਮ ਦਿੰਦੇ ਹੋਏ ਕਿਹਾ ਸੀ ਕਿ ਯੂਰਪੀ ਸਹਿਯੋਗੀ



ਇਸ ਦੇ ਪਾਤਰ ਨਹੀਂ ਹਨ। ਹਾਲਾਂਕਿ, ਰਾਸ਼ਟਰਪਤੀ ਜੋਅ ਬਾਇਡਨ ਨੇ ਅਹੁਦਾ ਗ੍ਰਿਣ ਕਰਨ ਤੋਂ ਕੁਝ ਦਿਨ ਬਾਅਦ ਹੀ ਫ਼ੌਜੀਆਂ ਦੀ ਵਾਪਸੀ ਦੀ ਪ੍ਰਕਿਰਿਆ ਸ਼ੁਰੂ ਹੋਣ ਤੋਂ ਪਹਿਲਾਂ ਹੀ ਉਸ 'ਤੇ ਰੋਕ ਲਗਾ ਦਿੱਤੀ ਸੀ। ਉਨ੍ਹਾਂ ਦੇ ਪ੍ਰਸ਼ਾਸਨ ਨੇ ਚੀਨ ਨੂੰ ਅਮਰੀਕੀ ਸੁਰੱਖਿਆ ਲਈ ਪ੍ਰਮੁੱਖ ਖ਼ਤਰਾ ਦੱਸਦੇ ਹੋਏ ਉੱਤਰੀ ਅਟਲਾਂਟਿਕ ਸਮਝੌਤਾ ਸੰਗਠਨ (ਨਾਟੋ) ਦੇ ਮਹੱਤਵ 'ਤੇ ਬਲ ਦਿੱਤਾ ਸੀ।

ਰੂਸ 'ਚ ਅਮਰੀਕੀ ਸਾਬਕਾ ਰਾਜਦੂਤ ਤੇ ਨਾਟੋ ਦੇ ਸਾਬਕਾ ਉਪਰ ਜਨਰਲ ਸਕੱਤਰ ਰਹੇ ਅਲੈਗਜ਼ੈਂਡਰ ਵੇਰਸ਼ਬੋ ਨੇ ਕਿਹਾ ਕਿ ਅਸੀਂ ਰੂਸ ਨਾਲ ਨਿਰੰਤਰ ਟਕਰਾਅ ਲਈ ਨਵੇਂ ਯੁੱਗ 'ਚ ਹਾਂ। ਉਨ੍ਹਾਂ ਦੀ ਦਲੀਲ ਹੈ ਕਿ ਰੂਸ ਨਾਲ ਨਜਿੱਠਣ ਲਈ ਅਮਰੀਕਾ ਨੂੰ ਨਾਟੋ ਸਹਿਯੋਗੀਆਂ ਦੀ ਮਦਦ ਤੋਂ ਵੱਧ ਮਜ਼ਬੂਤ ਰੁਖ਼ ਸਥਾਪਿਤ ਕਰਨਾ ਪਵੇਗਾ। ਵਿਸ਼ੇਸ਼ ਤੌਰ 'ਤੇ ਪੂਰਬੀ ਯੂਰਪ 'ਚ ਜਿੱਥੇ ਰੂਸ ਦੀ ਨੇੜਤਾ ਉਨ੍ਹਾਂ ਤਿੰਨ ਬਾਲਟਿਕ ਰਾਸ਼ਟਰਾਂ ਲੀ ਸਮੱਸਿਆ ਬਣ ਗਈ ਹੈ ਜੋ ਕਦੀ ਸੋਵੀਅਤ ਸੰਘ ਦਾ ਹਿੱਸਾ ਰਹੇ ਸਨ। ਅਮਰੀਕੀ ਰੱਖਿਆ ਮੰਤਰੀ ਲਾਇਡ ਬ੍ਰਸੇਲਸ ਸਥਿਤ ਨਾਟੋ ਹੈੱਡ ਕੁਆਰਟਰ 'ਚ ਦੂਜੇ ਦੌਰੇ ਦੀ ਯੂਕਰੇਨ ਸਲਾਹ ਲਈ ਯੂਰਪ ਜਾ ਰਹੇ ਹਨ। ਉਹ ਪੂਰਬੀ ਯੂਰਪ ਦੇ ਦੋ ਨਾਟੋ ਰਾਸ਼ਟਰਾਂ ਸਲੋਵਾਕੀਆ ਤੇ ਬੁਲਗਾਰੀਆ ਦਾ ਦੌਰਾ ਵੀ ਕਰਨਗੇ। ਸਲੋਵਾਕੀਆ ਵੀ ਸਰਹੱਦ ਯੂਕਰੇਨ ਨਾਲ ਲੱਗਦੀ ਹੈ।

ਪਿਛਲੇ ਦੋ ਮਹੀਨਿਆਂ 'ਚ ਯੂਰਪ 'ਚ ਅਮਰੀਕੀ ਫ਼ੌਜੀਆਂ ਦੀ ਗਿਣਤੀ 80,000 ਤੋਂ ਵਧ ਕੇ ਕਰੀਬ 1,00,000 ਹੋ ਗਈ ਹੈ। ਇਹ ਗਿਣਤੀ ਕਰੀਬ ਓਨੀ ਹੀ ਹੈ, ਜਿੰਨੀ ਸਾਲ 1997 'ਚ ਸੀ। ਉਦੋਂ ਅਮਰੀਕਾ ਤੇ ਉਸ ਦੇ ਨਾਟੋ ਸਹਿਯੋਗੀਆਂ ਨੇ ਗਠਜੋੜ ਦਾ ਵਿਸਥਾਰ ਸ਼ੁਰੂ ਕੀਤਾ ਸੀ, ਜਿਸ ਨੂੰ ਪੁਤਿਨ ਨੇ ਰੂਸ ਲਈ ਖ਼ਤਰਾ ਦੱਸਦੇ ਹੋਏ ਕਿਹਾ ਸੀ ਕਿ ਅਜਿਹਾ ਨਹੀਂ ਕੀਤਾ ਜਾਣਾ ਚਾਹੀਦਾ।

# ਅਣਗੌਲਿਆ ਨੂੰ ਲਾਚਾਰੀ ਦੀ ਜ਼ਿੰਦਗੀ 'ਚੋਂ ਕੱਢਣਾ ਹੀ ਸਾਹਿਬ ਕਾਂਸ਼ੀਰਾਮ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ-ਮਾਇਆਵਤੀ

**ਲਖਨਊ–** ਬਹੁਜਨ ਸਮਾਜ ਪਾਰਟੀ ਪ੍ਰਧਾਨ ਮਾਇਆਵਤੀ ਨੇ ਬਸਪਾ ਸੰਸਥਾਪਕ ਕਾਂਸ਼ੀਰਾਮ ਦੀ ਜਯੰਤੀ 'ਤੇ ਇੱਥੇ ਉਨ੍ਹਾਂ ਦੇ ਬੁੱਤ 'ਤੇ ਫੁੱਲ ਭੇਟ ਕੀਤੇ। ਉਨ੍ਹਾਂ ਨੇ ਕਿਹਾ ਕਿ ਦੇਸ਼ ਦੇ ਕਰੋੜਾਂ ਅਨੁਸੂਚਿਤ ਜਨਜਾਤੀ, ਆਦਿਵਾਸੀਆਂ, ਪਿਛੜਿਆਂ ਅਤੇ ਹੋਰ ਅਣਗੌਲਿਆ ਵਰਗ ਨੂੰ ਲਾਚਾਰੀ ਦੀ ਜ਼ਿੰਦਗੀ 'ਚੋਂ ਕੱਢ ਕੇ ਉਨ੍ਹਾਂ ਨੂੰ ਆਪਣੇ ਪੈਰਾਂ 'ਤੇ ਖੜ੍ਹਾ ਕਰਨ ਦੇ ਬਸਪਾ ਦੇ ਸੰਘਰਸ਼ ਦੇ ਦ੍ਰਿੜ ਸੰਕਲਪ ਨਾਲ ਲਗਾਤਾਰ ਡਟੇ ਰਹਿਣਾ ਹੀ ਕਾਂਸ਼ੀਰਾਮ ਨੂੰ ਸੱਚੀ ਸ਼ਰਧਾਂਜਲੀ ਹੈ।

ਮਾਇਆਵਤੀ ਨੇ ਕਿਹਾ, ''ਅਸਲ 'ਚ ਮੌਜੂਦਾ ਸਮੇਂ 'ਚ ਜਾਰੀ ਚਮਚਾ ਯੁੱਗ 'ਚ ਬਾਬਾ ਸਾਹਿਬ ਡਾ। ਅੰਬੇਡਕਰ ਮਿਸ਼ਨ 'ਤੇ ਖ਼ੂਨ-ਪਸੀਨੇ ਦੀ ਕਮਾਈ ਦੇ ਬਲ 'ਤੇ ਖੜ੍ਹਾ ਹੋਣਾ ਕੋਈ ਮਾਮੂਲੀ ਗੱਲ ਨਹੀਂ ਹੈ, ਸਗੋਂ ਇਹ ਬਹੁਤ ਵੱਡੀ ਗੱਲ ਹੈ ਜੋ ਅੰਦੋਲਨ ਦੀ ਉਪਜ ਹੈ। ਇਸ ਬਲ 'ਤੇ ਹੀ ਬਸਪਾ ਨੇ ਖ਼ਾਸ ਕਰ ਕੇ ਉੱਤਰ ਪ੍ਰਦੇਸ਼ 'ਚ ਕਈ ਇਤਿਹਾਸਕ ਸਫ਼ਲਤਾਵਾਂ ਵੀ ਹਾਸਲ ਕੀਤੀਆਂ ਹਨ। ਭਵਿੱਖ ਵਿਚ ਵੀ ਸਾਨੂੰ ਆਪਣੇ ਸਿਧਾਂਤਾਂ ਦੇ ਨਾਲ ਸੰਘਰਸ਼ 'ਚ ਡਟੇ ਰਹਿਣਾ ਹੈ। ਉਨ੍ਹਾਂ ਕਿਹਾ ਕਿ ਕਾਂਸ਼ੀਰਾਮ ਨੇ ਅੰਬੇਡਕਰ ਦੇ ਸਵੈ-ਮਾਣ ਦੀ ਮਨੁੱਖਤਾ ਪੱਖੀ ਮੁਹਿੰਮ ਨੂੰ ਜਿਉਂਦਾ ਕਰਨ ਲਈ ਸਾਰੀ ਉਮਰ ਸੰਘਰਸ਼ ਕੀਤਾ ਅਤੇ ਅਨੇਕਾਂ ਕੁਰਬਾਨੀਆਂ ਦਿੱਤੀਆਂ। ਉਨ੍ਹਾਂ ਕਿਹਾ ਕਿ ਇਸ ਬਲ 'ਤੇ ਹੀ ਬਸਪਾ ਨੇ ਵੱਡੀ ਕਾਮਯਾਬੀ ਹਾਸਲ ਕਰਕੇ ਦੇਸ਼ ਦੀ ਰਾਜਨੀਤੀ ਨੂੰ ਨਵਾਂ ਮੋੜ ਦਿੱਤਾ ਹੈ।







ਬਹੁਜਨ ਸਮਾਜ ਪਾਰਟੀ ਦੇ ਰਾਸ਼ਟਰੀ ਪ੍ਰਧਾਨ ਭੈਣ ਕੁਮਾਰੀ ਮਾਇਆਵਤੀ ਜੀ ਨੇ ਲੋਕ ਸਭਾ ਵਿਚ ਸਦਨ ਨੇਤਾ ਸਾਂਸਦ ਸ਼੍ਰੀ ਰਿਤੇਸ਼ ਪਾਂਡੇ ਜੀ ਦੀ ਜਗ੍ਹਾ ਸਾਂਸਦ ਸ਼੍ਰੀ ਗਿਰੀਸ਼ ਚੰਦਰ ਜਾਟਵ (ਲੋਕ ਸਭਾ ਰਿਜ਼ਰਵ ਨਗੀਨਾ ਤੋਂ ਸਾਂਸਦ) ਜੀ ਨੂੰ ਸਦਨ ਨੇਤਾ ਨਿਯੁਕਤ ਕੀਤਾ ਹੈ। ਸ਼੍ਰੀ ਗਿਰੀਸ਼ ਚੰਦਰ ਜਾਟਵ ਜੀ ਪਹਿਲਾਂ ਲੋਕ ਸਭਾ ਵਿਚ ਬਸਪਾ ਦੇ ਚੀਫ ਵਿਪ ਸਨ। ਹੁਣ ਓਹਨਾ ਦੀ ਜਗ੍ਹਾ ਤੇ ਚੀਫ ਵਿੱਪ ਸਾਂਸਦ ਸ਼੍ਰੀਮਤੀ ਸੰਗੀਤਾ ਅਜ਼ਾਦ ਜੀ ਨੂੰ ਚੀਫ ਵਿੱਪ ਨਿਯੁਕਤ ਕੀਤਾ ਹੈ ਜੋਕਿ ਰਿਜ਼ਰਵ ਲੋਕ ਸਭਾ ਲਾਲਗੰਜ ਤੋਂ ਸਾਂਸਦ ਹਨ। ਬਸਪਾ ਪੰਜਾਬ ਵਲੋਂ ਦੋਨੋਂ ਆਗੂਆਂ ਨੂੰ ਨਵੀਂ ਜਿੰਮੇਵਾਰੀ ਲਈ ਸ਼ੁੱਭ ਕਾਮਨਾਵਾਂ। ਉਤਰਪ੍ਰਦੇਸ਼ ਵਿੱਚ ਬਸਪਾ ਮੁਖੀ ਭੈਣ ਕੁਮਾਰੀ ਮਾਇਆਵਤੀ ਜੀ ਵਲੋਂ ਲਗਾਤਾਰ ਸੰਗਠਨ ਸਮੀਖਿਆ ਜਾਰੀ ਹੈ ਤੇ ਵਡੇ ਪੱਧਰ ਤੇ ਜਿੰਮੇਵਾਰੀਆਂ ਵਿਚ ਅਦਲਾ ਬਦਲੀ ਜਾਰੀ ਹੈ।

# ਭਗਵੰਤ ਮਾਨ ਦਾ ਪਹਿਲਾ ਐਕਸ਼ਨ : 122 ਸਾਬਕਾ ਮੰਤਰੀਆਂ ਤੇ ਵਿਧਾਇਕਾਂ ਤੋਂ ਸੁਰੱਖਿਆ ਵਾਪਸ ਲਈ

**ਚੰਡੀਗੜ੍ਹ–**'ਆਪ' ਆਗੂ ਭਗਵੰਤ ਮਾਨ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਦਾ ਅਹੁਦਾ ਸੰਭਾਲਣ ਤੋਂ ਕੁਝ ਦਿਨ ਪਹਿਲਾਂ 122 ਸਾਬਕਾ ਮੰਤਰੀਆਂ ਤੇ ਵਿਧਾਇਕਾਂ ਤੋਂ ਸੁਰੱਖਿਆ ਵਾਪਸ ਲੈ ਲਈ ਗਈ ਹੈ। ਹਾਲਾਂਕਿ, ਅਦਾਲਤਾਂ ਦੇ ਵਿਸ਼ੇਸ਼ ਆਦੇਸ਼ਾਂ 'ਤੇ ਤਾਇਨਾਤ ਸੁਰੱਖਿਆ ਨੂੰ ਹਟਾਇਆ ਨਹੀਂ ਜਾਵੇਗਾ। ਸੂਬੇ ਦੇ ਡੀਜੀਪੀ ਵੀਰੇਸ਼ ਕੁਮਾਰ ਭਾਵੜਾ ਨੇ ਬੀਤੇ ਦਿਨ 'ਆਪ' ਵਿਧਾਇਕ ਦਲ ਦੇ ਆਗੂ ਭਗਵੰਤ ਮਾਨ ਨਾਲ ਮੀਟਿੰਗ ਕੀਤੀ ਸੀ। ਸੂਤਰਾਂ ਦਾ ਦੱਸਣਾ ਹੈ ਕਿ ਇਸ ਮੀਟਿੰਗ ਦੌਰਾਨ ਹੀ ਡੀਜੀਪੀ ਨੂੰ ਸੁਰੱਖਿਆ ਵਾਪਸ ਲੈਣ ਦੇ ਹੁਕਮ ਜਾਰੀ ਕਰਨ ਲਈ ਕਹਿ ਦਿੱਤਾ ਗਿਆ ਸੀ। ਇੱਕ ਪੱਤਰ ਵਿੱਚ ਇਹ ਵੀ ਕਿਹਾ ਗਿਆ ਹੈ, ''ਜੇਕਰ ਸਥਾਨਕ ਪੁਲਿਸ ਕੋਲ ਕਿਸੇ ਸੁਰੱਖਿਆ ਵਾਲੇ ਨੂੰ ਖਤਰੇ ਬਾਰੇ ਕੋਈ ਤਾਜ਼ਾ, ਖਾਸ ਇਨਪੁਟ ਉਪਲਬਧ ਹੈ, ਤਾਂ ਸੁਰੱਖਿਆ ਵਾਪਸ ਲੈਣ ਤੋਂ ਪਹਿਲਾਂ, ਸੁਰੱਖਿਆ, ਪੰਜਾਬ ਤੋਂ ਪੂਰਵ ਕਲੀਅਰੈਂਸ ਪ੍ਰਾਪਤ ਕੀਤੀ ਜਾ ਸਕਦੀ ਹੈ।'' ਸੁਰੱਖਿਆ ਖੋਹਣ ਵਾਲੇ ਆਗੂਆਂ ਵਿੱਚ ਸਾਬਕਾ ਮੰਤਰੀ ਮਨ-ਪ੍ਰੀਤ ਸਿੰਘ ਬਾਦਲ, ਰਾਜ ਕੁਮਾਰ ਵੇਰਕਾ, ਭਾਰਤ ਭੂਸ਼ਣ ਆਸ਼ੂ, ਬ੍ਰਹਮ ਮਹਿੰਦਰਾ, ਸੰਗਤ ਸਿੰਘ ਗਿਲਜੀਆਂ ਅਤੇ ਸਾਬਕਾ ਸਪੀਕਰ ਕੇਪੀ ਸਿੰਘ ਸ਼ਾਮਲ ਹਨ। ਪੰਜਾਬ ਦੇ ਮੁੱਖ ਮੰਤਰੀ ਬਣਨ ਜਾ ਰਹੇ ਭਗਵੰਤ ਮਾਨ ਨੇ ਕਿਹਾ ਹੈ ਕਿ ਉਨ੍ਹਾਂ ਲਈ ਕਿਸੇ ਨੇਤਾ ਦੀ ਸਕਿਉਰਿਟੀ ਨਾਲੋਂ ਆਮ ਜਨਤਾ ਦੀ ਸੁਰੱਖਿਆ ਜ਼ਿਆਦਾ ਜ਼ਰੂਰੀ ਹੈ। ਉਨ੍ਹਾਂ ਨੇ ਕਿਹਾ ਹੈ ਕਿ ਥਾਣਿਆਂ ਨੂੰ ਖਾਲੀ ਨਹੀਂ ਛੱਡਿਆ ਜਾ ਸਕਦਾ। ਉਨ੍ਹਾਂ ਕਿਹਾ, 'ਮੈਨੂੰ ਲੱਗਦਾ ਹੈ ਕਿ ਪੰਜਾਬ ਦੇ ਲੋਕਾਂ ਦੀ ਸੁਰੱਖਿਆ ਕੁਝ ਲੋਕਾਂ ਦੀ ਸੁਰੱਖਿਆ ਨਾਲੋਂ ਜ਼ਿਆਦਾ ਜ਼ਰੂਰੀ ਹੈ। ਇਸ ਤੋਂ ਪਹਿਲਾਂ ਸਿਆਸਤਦਾਨਾਂ ਦੇ ਘਰਾਂ ਦੇ ਬਾਹਰ ਪੁਲਿਸ ਮੁਲਾਜ਼ਮ ਤਾਇਨਾਤ ਸਨ ਜਦਕਿ ਥਾਣੇ ਖਾਲੀ ਰਹੇ। ਸਾਡੇ ਲਈ 3 ਕਰੋੜ ਤੋਂ ਵੱਧ ਲੋਕਾਂ ਦੀ ਸੁਰੱਖਿਆ ਸਭ ਤੋਂ ਮਹੱਤਵਪੂਰਨ ਹੈ। ਪੁਲਿਸ ਆਪਣਾ ਕੰਮ ਕਰੇਗੀ। ਇਨ੍ਹਾਂ ਹੁਕਮਾਂ ਤੋਂ ਇਹ ਤੱਥ ਸਾਹਮਣੇ ਆਏ ਹਨ ਕਿ



ਮੌਜੂਦਾ ਮੰਤਰੀਆਂ 'ਚੋਂ ਹਰ ਇੱਕ ਨਾਲ ਦੋ ਦਰਜਨ ਤੱਕ ਸੁਰੱਖਿਆ ਕਰਮਚਾਰੀ ਤਾਇਨਾਤ ਸਨ। ਪੁਲਿਸ ਦੇ ਇੱਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਸਾਬਕਾ ਮੰਤਰੀਆਂ ਦੇ ਸਲਾਹਕਾਰਾਂ ਅਤੇ ਓਐੱਸਡੀਜ਼ ਨਾਲ 500 ਤੋਂ ਵੱਧ ਪੁਲਿਸ ਕਰਮਚਾਰੀ ਤਾਇਨਾਤ ਸਨ। ਵਧੀਕ ਡੀਜੀਪੀ (ਸੁਰੱਖਿਆ) ਵੱਲੋਂ ਇਹ ਪੱਤਰ ਡੀ-ਜੀਪੀ ਹੋਮ ਗਾਰਡ, ਪੁਲਿਸ ਕਮਿਸ਼ਨਰਜ਼, ਸਾਰੇ ਜ਼ਿਲ੍ਹਾ ਪੁਲਿਸ ਮੁਖੀਆਂ ਅਤੇ ਹੋਰਨਾਂ ਸਬੰਧਤ ਅਧਿਕਾਰੀਆਂ ਨੂੰ ਲਿਖਿਆ ਗਿਆ ਹੈ। ਪੰਜਾਬ ਪੁਲਿਸ ਵੱਲੋਂ ਜਿਨ੍ਹਾਂ ਸਾਬਕਾ ਮੰਤਰੀਆਂ ਅਤੇ ਵਿਧਾਇਕਾਂ ਦੀ ਸੁਰੱਖਿਆ ਵਾਪਸ ਲੈਣ ਦੇ ਹੁਕਮ ਦਿੱਤੇ ਹਨ ਉਨ੍ਹਾਂ ਵਿੱਚ ਸਾਬਕਾ ਟਰਾਂਸਪੋਰਟ ਮੰਤਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਸਭ ਤੋਂ ਵੱਧ 21 ਸੁਰੱਖਿਆ ਕਰਮਚਾਰੀ ਦਿੱਤੇ ਹੋਏ ਸਨ। ਇਸੇ ਤਰ੍ਹਾਂ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੀ ਸੁਰ-ੱਖਿਆ ਵਿੱਚ ਵੀ 19 ਕਰਮਚਾਰੀ ਤਾਇਨਾਤ ਸਨ ਜਿਨ੍ਹਾਂ ਨੂੰ ਵਾਪਸ ਬੁਲਾ ਲਿਆ ਗਿਆ ਹੈ।

ਭਾਰਤ ਭੂਸ਼ਨ ਆਸ਼ੂ ਨਾਲ 16, ਡਾ ਰਾਜ ਕੁਮਾਰ ਵੇਰਕਾ ਨਾਲ 11, ਬ੍ਰਹਮ ਮਹਿੰਦਰਾ ਨਾਲ 14, ਸੰਗਤ ਸਿੰਘ ਗਿਲਜ਼ੀਆਂ ਨਾਲ 15, ਸਪੀਕਰ ਰਾਣਾ ਕੇ।ਪੀ। ਸਿੰਘ ਨਾਲ 13, ਪਰਗਟ ਸਿੰਘ ਨਾਲ 17, ਅਰੁਣਾ ਚੌਧਰੀ ਨਾਲ 14, ਰਾਣਾ ਗੁਰਜੀਤ ਸਿੰਘ ਨਾਲ 14, ਅਨਿਲ ਜੋਸ਼ੀ ਨਾਲ 4, ਸਾਬਕਾ ਵਿਧਾਇਕਾ ਨਵਜੋਤ ਕੌਰ ਸਿੱਧੂ ਨਾਲ 7 ਸੁਰੱਖਿਆ ਮੁਲਾਜ਼ਮ ਤਾਇਨਾਤ ਸਨ, ਜਿਨ੍ਹਾਂ ਨੂੰ ਵਾਪਸ ਸੱਦਿਆ ਗਿਆ ਹੈ। ਇਸੇ ਤਰ੍ਹਾਂ ਅਕਾਲੀ ਦਲ ਨਾਲ ਸਬੰਧਤ ਸਿਕੰਦਰ ਸਿੰਘ ਮਲੂਕਾ, ਗੁਲਜ਼ਾਰ ਸਿੰਘ ਰਣੀਕੇ, ਆਦੇਸ਼ ਪ੍ਰਤਾਪ ਸਿੰਘ ਕੈਰੋਂ, ਸੁਖਬਿੰਦਰ ਸਿੰਘ ਸਰਕਾਰੀਆ ਨਾਲ ਤਾਇਨਾਤ ਦਰਜਨ ਤੋਂ ਵੱਧ ਮੁਲਾਜ਼ਮ ਵਾਪਸ ਸੱਦੇ ਗਏ ਹਨ।

ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਭਗਵੰਤ ਮਾਨ ਦੇ ਸਿਆਸੀ ਲੀਡਰਾਂ ਦੀ ਸੁਰੱਖਿਆ ਘਟਾਉਣ ਵਾਲੇ ਫੈਸਲੇ ਦਾ ਸਵਾਗਤ ਕੀਤਾ ਹੈ। ਉਨ੍ਹਾਂ ਇਕ ਟਵੀਟ ਵਿਚ ਲਿਖਿਆ ਹੈ ਕਿ ਉਹ ਭਗਵੰਤ ਮਾਨ ਦੇ 122 ਵਿਧਾਇਕਾਂ ਤੇ ਸਾਬਕਾ ਮੰਤਰੀਆਂ ਦੀ ਸੁਰੱਖਿਆ ਵਾਪਸ ਲੈਣ ਦੇ ਫੈਸਲੇ ਦਾ ਸਵਾਗਤ ਕਰਦੇ ਹਨ, ਕਿਉਂਕਿ ਇਹ ਇਕ ਸਟੇਟਸ ਸਿੰਬਲ ਵਾਂਗ ਵਰਤਿਆ ਜਾ ਰਿਹਾ ਸੀ। ਉਨ੍ਹਾਂ ਕਿਹਾ ਕਿ ਉਹ ਮਾਨ ਜੀ ਨੂੰ ਬੇਨਤੀ ਕਰਦੇ ਹਨ ਕਿ ਬੇਲੋੜੀ ਸਕਿਓਰਿਟੀ ਰਾਹੀਂ ਖਾਜਾਨੇ ਉਤੇ ਬੋਝ ਪਾ ਰਹੇ ਨੌਕਰਸ਼ਾਹਾਂ/ਅਧਿਕਾਰੀਆਂ ਦੀ ਸੁਰੱਖਿਆ ਬਾਰੇ ਵੀ ਫੈਸਲਾ ਲਿਆ ਜਾਵੇ।

# ਨਿਮਰ ਅਤੇ ਜ਼ਿੰਮੇਵਾਰ ਬਣੋ, ਭਗਵੰਤ ਮਾਨ ਦੀ ਲੋਕਾਂ ਨੂੰ ਅਪੀਲ

**ਆਪ' ਸਰਕਾਰ ਅੱਜ ਤੋਂ ਕੰਮ ਸ਼ੁਰੂ ਕਰੇਗੀ, ਇਕ ਦਿਨ ਵੀ ਬਰਬਾਦ ਨਹੀਂ ਹੋਵੇਗਾ, ਨੌਜਵਾਨਾਂ ਦੇ ਸੁਨਹਿਰੇ ਭਵਿੱਖ ਲਈ ਠੋਸ ਯਤਨ ਕੀਤੇ ਜਾਣਗੇ, ਸਿੱਖਿਆ ਅਤੇ ਸਿਹਤ ਪ੍ਰਣਾਲੀ ਨੂੰ ਵੱਡੇ ਪੱਧਰ 'ਤੇ ਕੀਤਾ ਜਾਵੇਗਾ ਅੱਪਗ੍ਰੇਡ, ਭਾਰਤੀ ਰਾਜਨੀਤੀ ਵਿੱਚ ਵੱਡੇ ਸੁਧਾਰ ਲਿਆਉਣ ਵਾਸਤੇ 'ਆਪ' ਪਾਰਟੀ ਬਣਾਉਣ ਲਈ ਕੇਜਰੀਵਾਲ ਦੀ ਕੀਤੀ ਸ਼ਲਾਘਾ**













**ਖਟਕੜ ਕਲਾਂ (ਸ਼ਹੀਦ ਭਗਤ ਸਿੰਘ ਨਗਰ) 16 ਮਾਰਚ (ਸੰਤੋਖ ਸਿੰਘ ਜੱਸੀ)–** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਲੋਕਾਂ ਨੂੰ ਨਿਮਰ ਰਹਿਣ ਦੀ ਅਪੀਲ ਕੀਤੀ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ (ਆਪ) ਦੀ ਸਰਕਾਰ ਪੰਜਾਬ ਦੇ ਹਰੇਕ ਨਾਗਰਿਕ ਦੀ ਸਰਕਾਰ ਹੈ ਅਤੇ ਮੁੱਖ ਮੰਤਰੀ ਹਮੇਸ਼ਾ ਸਾਰਿਆਂ ਦਾ ਹੁੰਦਾ ਹੈ।

ਮੁੱਖ ਮੰਤਰੀ ਵਜੋਂ ਸਹੁੰ ਚੁੱਕਣ ਤੋਂ ਪਹਿਲਾਂ ਇੱਥੇ ਸ਼ਹੀਦ–ਏ–ਆਜ਼ਮ ਭਗਤ ਸਿੰਘ ਦੇ ਅਜਾਇਬ ਘਰ ਤੇ ਯਾਦਗਾਰ ਵਿਖੇ ਮਹਾਨ ਸ਼ਹੀਦ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਉਪਰੰਤ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਭਗਵੰਤ ਮਾਨ ਨੇ ਕਿਹਾ ਕਿ ਉਹ ਪੰਜਾਬ ਦੇ ਲੋਕਾਂ ਵੱਲੋਂ ਦਿੱਤੇ ਗਏ ਇਸ ਵੱਡੇ ਫਤਵੇ ਤੋਂ ਬਹੁਤ ਖੁਸ਼ ਹਨ।

ਉਹਨਾਂ ਕਿਹਾ ਕਿ ਸਾਨੂੰ ਹੁਣ ਵਧੇਰੇ ਜ਼ਿੰਮੇਵਾਰ ਬਣਨਾ ਚਾਹੀਦਾ ਹੈ ਅਤੇ ਹੰਕਾਰੀ ਨਹੀਂ ਹੋਣਾ ਚਾਹੀਦਾ ਕਿਉਂਕਿ 'ਹੰਕਾਰ ਦਾ ਸਿਰ ਹਮੇਸ਼ਾ ਨੀਵਾਂ ਹੁੰਦਾ ਹੈ'। ਉਨ੍ਹਾਂ ਕਿਹਾ ਕਿ ਪਹਿਲੀ ਵਾਰ ਕੋਈ ਮੁੱਖ ਮੰਤਰੀ ਸ਼ਹੀਦਾਂ ਦੀ ਧਰਤੀ ਤੋਂ ਸਹੁੰ ਚੁੱਕ ਰਿਹਾ ਹੈ ਕਿਉਂਕਿ ਪਹਿਲਾਂ ਸਟੇਡੀਅਮ ਅਤੇ ਮਹਿਲਾਂ ਤੋਂ ਹਲਫ਼ ਸਮਾਰੋਹ ਹੁੰਦੇ ਸਨ। ਭਗਵੰਤ ਮਾਨ ਨੇ ਅੱਗੇ ਕਿਹਾ ਕਿ ਸ਼ਾਇਦ ਇਹ ਪਹਿਲੀ ਵਾਰ ਹੈ ਜਦੋਂ ਲੋਕਾਂ ਨੇ ਬਿਨਾਂ ਕਿਸੇ ਸਵਾਰਥ ਜਾਂ ਲਾਲਚ ਦੇ ਨਿਡਰ ਹੋ ਕੇ 'ਆਪ' ਨੂੰ ਵੋਟ ਦਿੱਤੀ ਹੈ।

ਭਗਵੰਤ ਮਾਨ ਨੇ ਅੱਗੇ ਕਿਹਾ ਕਿ ਸਾਨੂੰ ਹੁਣ ਸੱਚਮੁੱਚ ਆਜ਼ਾਦੀ ਮਿਲ ਗਈ ਹੈ ਕਿਉਂਕਿ ਪਿਛਲੀਆਂ ਸਰਕਾਰਾਂ ਨੇ ਬੀਤੇ 70 ਸਾਲਾਂ ਦੌਰਾਨ ਸ਼ਹੀਦ–ਏ–ਆਜ਼ਮ ਭਗਤ ਸਿੰਘ ਵਰਗੇ ਸਾਡੇ ਮਹਾਨ ਸ਼ਹੀਦਾਂ ਦੇ ਸੁਪਨਿਆਂ ਨੂੰ ਅੱਖੋਂ ਪਰੋਖੇ ਕੀਤਾ। ਉਨ੍ਹਾਂ ਕਿਹਾ ਕਿ 20 ਫਰਵਰੀ, 2022 ਦਾ ਦਿਨ ਪੰਜਾਬ ਦੀ ਰਾਜਨੀਤੀ ਦੇ ਇਤਿਹਾਸ ਵਿੱਚ ਹਮੇਸ਼ਾ ਯਾਦ ਰੱਖਿਆ ਜਾਵੇਗਾ ਕਿਉਂਕਿ ਲੋਕਾਂ ਨੇ ਬਿਨਾਂ ਕਿਸੇ ਪ੍ਰਭਾਵ ਅਤੇ ਜ਼ਬਰ ਦੇ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕੀਤੀ, ਜਿਸ ਦਾ ਨਤੀਜਾ 10 ਮਾਰਚ, 2022 ਨੂੰ ਐਲਾਨਿਆ ਗਿਆ ਅਤੇ ਇਸ ਤਰ੍ਹਾਂ ਮਹਾਨ ਸ਼ਹੀਦ ਸ਼ਹੀਦ–ਏ–ਆਜ਼ਮ ਭਗਤ ਸਿੰਘ ਦੇ ਸੁਪਨਿਆਂ ਨੂੰ ਪੂਰਾ ਕਰਨ ਦਾ ਰਾਹ ਪੱਧਰਾ ਹੋਇਆ।

ਭਗਵੰਤ ਮਾਨ ਨੇ ਅੱਗੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਅੱਜ ਤੋਂ ਹੀ ਕੰਮ ਕਰਨਾ ਸ਼ੁਰੂ ਕਰ ਦੇਵੇਗੀ ਅਤੇ ਇੱਕ ਵੀ ਦਿਨ ਬਰਬਾਦ ਨਹੀਂ ਹੋਵੇਗਾ ਕਿਉਂਕਿ ਪੰਜਾਬ ਵਿੱਚ ਤਬਦੀਲੀ ਲਿਆਉਣ ਲਈ ਲੋਕਾਂ ਦੀਆਂ ਉਮੀਦਾਂ ਨੂੰ ਪੂਰਾ ਕਰਨ ਵਿੱਚ ਪਹਿਲਾਂ ਹੀ ਬਹੁਤ ਦੇਰ ਹੋ ਚੁੱਕੀ ਹੈ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਅਤਿ–ਆਧੁਨਿਕ ਸਕੂਲ ਅਤੇ ਹਸਪਤਾਲ ਸਥਾਪਤ ਕਰਕੇ ਵਧੀਆ ਸਿੱਖਿਆ ਅਤੇ ਸਿਹਤ ਸੰਭਾਲ ਬੁਨਿਆਦੀ ਢਾਂਚਾ ਮੁਹੱਈਆ ਕਰਵਾਏਗੀ, ਜਿਸ ਦੀ ਸਾਰਿਆਂ ਵੱਲੋਂ ਸ਼ਲਾਘਾ ਕੀਤੀ ਜਾਵੇਗੀ।

ਭਗਵੰਤ ਮਾਨ ਨੇ ਕਿਹਾ, "ਇਹ ਸੱਚਮੁੱਚ ਬਹੁਤ ਤਰਸਯੋਗ ਹੈ ਕਿ ਪੰਜਾਬ ਵਰਗੇ ਅਗਾਂਹਵਧੂ ਸੂਬੇ ਦੇ ਨੌਜਵਾਨ ਰੋਜ਼ੀ ਰੋਟੀ ਦੀ ਭਾਲ ਵਿੱਚ ਵਿਦੇਸ਼ਾਂ ਵੱਲ ਕੂਚ ਕਰ ਰਹੇ ਹਨ। ਸਾਡੀ ਸਰਕਾਰ ਸਾਫ਼–ਸੁਥਰਾ, ਪਾਰਦਰਸ਼ੀ ਅਤੇ ਵਧੀਆ ਸ਼ਾਸਨ ਪ੍ਰਦਾਨ ਕਰਨ ਲਈ ਭ੍ਰਿਸ਼ਟਾਚਾਰ ਅਤੇ ਹੋਰ ਕੁਰੀਤੀਆਂ ਦੇ ਖਾਤਮੇ ਦੇ ਨਾਲ–ਨਾਲ ਰੋਜ਼ਗਾਰ ਦੇ ਵਧੀਆ ਮੌਕੇ ਪ੍ਰਦਾਨ ਕਰਨ ਦੀ ਪੂਰੀ ਕੋਸ਼ਿਸ਼ ਕਰੇਗੀ।" ਭਗਵੰਤ ਮਾਨ ਨੇ ਉਮੀਦ ਪ੍ਰਗਟਾਈ ਕਿ ਅਜਿਹੀਆਂ ਲੋਕ ਪੱਖੀ ਪਹਿਲਕਦਮੀਆਂ ਨਵੀਂ ਚੁਣੀ ਗਈ ਸਰਕਾਰ ਪ੍ਰਤੀ ਲੋਕਾਂ ਵਿੱਚ ਵਿਸ਼ਵਾਸ ਅਤੇ ਭਰੋਸਾ ਪੈਦਾ ਕਰਨਗੀਆਂ।

ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਸੂਬੇ ਵਿਚ ਤਾਣੀ ਬਹੁਤ ਉਲਝੀ ਹੋਈ ਸੀ ਪਰ ਇਸ ਨੂੰ ਸੂਬੇ ਦੇ ਵਡੇਰੇ ਹਿੱਤ ਵਿੱਚ ਲੋਕਾਂ ਦੇ ਪੂਰਨ ਸਹਿਯੋਗ ਨਾਲ ਜਲਦੀ ਹੀ ਹੱਲ ਕਰ ਲਿਆ ਜਾਵੇਗਾ।

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵੱਲੋਂ ਰਵਾਇਤੀ ਪਾਰਟੀਆਂ ਤੋਂ ਬਿਲਕੁਲ ਵੱਖਰੀ ਪਾਰਟੀ ਬਣਾਉਣ ਦੇ ਸ਼ਾਨਦਾਰ ਯਤਨਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਹਨਾਂ ਨੇ (ਕੇਜਰੀਵਾਲ) ਭਾਰਤ ਦੀ ਰਾਜਨੀਤੀ ਵਿੱਚ ਵਿਆਪਕ ਸੁਧਾਰ ਲਿਆਉਣ ਦੇ ਇੱਕੋ–ਇੱਕ ਮਿਸ਼ਨ ਨਾਲ 20 ਦਿਨ ਅੰਨ ਪਾਣੀ ਵੀ ਤਿਆਗਿਆ। ਉਨ੍ਹਾਂ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਜਦੋਂ ਆਮ ਆਦਮੀ ਪਾਰਟੀ ਲੋਕਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਕੋਈ ਕਸਰ ਬਾਕੀ ਨਹੀਂ ਛੱਡੇਗੀ।

ਖਟਕੜ ਕਲਾਂ ਵਿਖੇ ਆਇਆ ਲੋਕਾਂ ਦਾ ਹੜ੍ਹ: ਪੰਜਾਬ ਦੇ ਹਰ ਕੋਨੇ ਤੋਂ ਲੱਖਾਂ ਲੋਕ ਸ਼ਹੀਦ–ਏ–ਆਜ਼ਮ ਭਗਤ ਸਿੰਘ ਦੇ ਜੱਦੀ ਪਿੰਡ ਵਿਖੇ ਨਵੇਂ ਚੁਣੇ ਗਏ ਮੁੱਖ ਮੰਤਰੀ ਭਗਵੰਤ ਮਾਨ ਦੇ ਸਹੁੰ ਚੁੱਕ ਸਮਾਗਮ ਵਿੱਚ ਸ਼ਿਰਕਤ ਕਰਨ ਲਈ ਹੁੰਮ ਹੁੰਮਾ ਕੇ ਪਹੁੰਚੇ। ਖਟਕੜ ਕਲਾਂ ਦੀ ਪਵਿੱਤਰ ਧਰਤੀ ਉੱਤੇ ਬਸੰਤੀ ਪੱਗਾਂ ਅਤੇ ਦੁਪੱਟੇ ਸਜਾ ਕੇ ਪਹੁੰਚੇ ਪੰਜਾਬੀਆਂ ਨਾਲ ਮੁੱਖ ਪੰਡਾਲ ਅਤੇ ਸਮੁੱਚੀ ਫਿਜ਼ਾ ਬਸੰਤੀ ਰੰਗ ਵਿਚ ਰੰਗੀ ਗਈ। ਜੋਸ਼, ਉਤਸ਼ਾਹ ਅਤੇ ਦੇਸ਼ ਭਗਤੀ ਦੇ ਜਜ਼ਬੇ ਨਾਲ ਲਬਰੇਜ਼ ਪਾਰਟੀ ਵਰਕਰਾਂ ਅਤੇ ਵਲੰਟੀਅਰਾਂ ਸਮੇਤ ਪੰਡਾਲ ਵਿਚ ਹਾਜ਼ਰ ਲੋਕ ਇਨਕਲਾਬ ਜ਼ਿੰਦਾਬਾਦ, ਬੋਲੇ ਸੋ ਨਿਹਾਲ..., ਆਮ ਆਦਮੀ ਪਾਰਟੀ ਜ਼ਿੰਦਾਬਾਦ ਦੇ ਨਾਅਰੇ ਲਗਾ ਰਹੇ ਸਨ।

***





ਮਿਤੀ 25-2-2022 ਨੂੰ ਅੰਬੇਡਕਰਾਈਟ ਲੀਗਲ ਫੋਰਮ ਦੀ ਵਿਸ਼ੇਸ਼ ਮੀਟਿੰਗ ਐਡਵੋਕੇਟ ਪ੍ਰਿਤਪਾਲ ਸਿੰਘ ਦੀ ਪ੍ਰਧਾਨਗੀ ਹੇਠਾਂ ਹੋਈ ਤੇ ਜਿਸ ਵਿੱਚ ਰੂਸ ਤੇ ਯੂਕਰੇਨ ਯੁੱਧ ਬਾਰੇ ਚਿੰਤਾ ਵਿਅਕਤ ਕੀਤੀ ਗਈ ਤੇ ਉੱਥੇ ਰਹਿ ਰਹੇ ਭਾਰਤੀ ਨਾਗਰਿਕ ਤੇ ਵਿਸ਼ੇਸ਼ ਤੋਰ ਤੇ ਵਿਦਿਆਰਥੀ ਵਰਗ ਜੋ ਯੂਕਰੇਨ ਵਿਚ ਉੱਚ ਵਿੱਦਿਆ ਹਾਸਿਲ ਕਰਨ ਲਈ ਗਏ ਹੋਏ ਹਨ ਉਹਨਾਂ ਦੀ ਰੂਸ ਤੇ ਯੂਕਰੇਨ ਤੋ ਸੁਰੱਖਿਅਤ ਵਾਪਸੀ ਲਈ ਫੋਰਮ ਵਲੋਂ ਭਾਰਤੀ ਸਰਕਾਰ ਨੂੰ ਜਲਦ ਤੋਂ ਜਲਦ ਦੇਸ਼ਾਂ ਵਿੱਚ ਬਣੇ ਭਾਰਤੀ ਦੂਤਾਵਾਸ ਨਾਲ ਅਤੇ ਓਥੋਂ ਦੀਆਂ ਸਰਕਾਰਾਂ ਨਾਲ ਸੰਪਰਕ ਕਰਕੇ ਭਾਰਤੀ ਨਾਗਰਿਕਾਂ ਨੂੰ ਸਰਕਾਰੀ ਖਰਚੇ ਤੇ ਸੁਰੱਖਿਆ ਪੂਰਨ ਭਾਰਤ ਲਿਆਉਣ ਦੀ ਮੰਗ ਕੀਤੀ । ਤਾਂ ਜੋ ਆਉਣ ਵਾਲੀ ਤਨਾਵ ਪੂਰਨ ਸਥਿਤੀ ਤੋਂ ਭਾਰਤੀ ਨਾਗਰਿਕਾਂ ਦੇ ਜਾਨੀ ਮਾਲੀ ਨੁਕਸਾਨ ਨੂੰ ਬਚਾਇਆ ਜਾ ਸਕੇ ਅਤੇ ਮੁੜ ਨਾਗਰਿਕਾਂ ਨੂੰ ਸੁਰੱਖਿਅਤ ਭਾਰਤ ਓਹਨਾ ਦੇ ਪਰਿਵਾਰਾਂ ਤੱਕ ਪਹੁੰਚਦਾ ਕੀਤਾ ਜਾ ਸਕੇ।ਇਸ ਮੌਕੇ ਤੇ ਫੋਰਮ ਦੇ ਐਡਵੋਕੇਟ ਮੈਂਬਰ ਸਹਿਬਾਨ ਜਿਹਨਾਂ ਵਿੱਚ ਪ੍ਰਿਤਪਾਲ ਸਿੰਘ ਪ੍ਰਧਾਨ , ਰਾਜੂ ਅੰਬੇਡਕਰ ਜਰਨਲ ਸਕੱਤਰ, ਰਾਜਿੰਦਰ ਕੁਮਾਰ ਮਹਿਮੀ , ਜਗਜੀਵਨ ਰਾਮ , ਦਰਸ਼ਨ ਸਿੰਘ ,ਹਰਭਜਨ ਦਾਸ ਸਾਂਪਲਾ, ਪਿਆਰੇ ਲਾਲ, ਮਧੂ ਰਚਨਾ, ਸਾਖਸ਼ੀ ਕਲੇਰ, ਪਵਨ ਬਿਰਦੀ, ਹਰਪ੍ਰੀਤ ਸਿੰਘ ਬੱਧਣ, ਰਮਨ ਸਿੱਧੂ, ਸਤਨਾਮ ਸੁਮਨ, ਰਾਜਕੁਮਾਰ ਬੈਸ ਆਦਿ ਮੌਜੂਦ ਸਨ। **–ਵਿਵੇਕ ਭਾਟੀਆ**




ਸ਼ਹੀਦੇ ਆਜ਼ਮ ਸ੍ਰ ਭਗਤ ਸਿੰਘ ਜੀ ਦੇ ਜੱਦੀ ਪਿੰਡ ਖਟਕੜ ਕਲਾਂ ਵਿਖੇ ਨਵੇਂ ਬਣੇ ਮੁੱਖ ਮੰਤਰੀ ਪੰਜਾਬ ਵਲੋਂ ਸੁਹੰ ਚੁਕ ਸਮਾਗਮ ਦੋਰਾਨ ਸ਼ਹੀਦ ਭਗਤ ਸਿੰਘ ਜੀ ਦੇ ਆਦਮ ਕੱਦ ਬੁੱਤ ਅੱਗੇ ਫੁੱਲ ਮਾਲਾ ਭੇਂਟ ਕਰਦੇ ਹੋਏ ਡਾ ਨਛਤਰ ਪਾਲ ਵਿਧਾਇਕ ਹਲਕਾ ਨਵਾਂਸ਼ਹਿਰ ਤੇ ਡਾ ਸੁਖਵਿੰਦਰ ਕੁਮਾਰ ਸੁੱਖੀ ਵਿਧਾਇਕ ਹਲਕਾ ਬੰਗਾ।

# ਸ਼ਰਧਾਂਜ਼ਲੀ ਸਮਾਗਮ ਨੇ ਦਿੱਤਾ ਪੈਗ਼ਾਮ, ਜਾਰੀ ਰੱਖਣ ਦੀ ਲੋੜ ਹੈ ਬੱਬਰਾਂ ਦਾ ਸੰਗਰਾਮ








**ਜਲੰਧਰ–** ਮੁਲਕ ਦੀ ਆਜ਼ਾਦੀ ਲਈ ਚੱਲੀਆਂ ਇਨਕਲਾਬੀ ਕੌਮੀ ਮੁਕਤ ਲਹਿਰਾਂ 'ਚ ਨਿਵੇਕਲਾ ਸਥਾਨ ਰੱਖਦੀ ਬੱਬਰ ਅਕਾਲੀ ਲਹਿਰ 'ਚ 27 ਫਰਵਰੀ 1926 ਨੂੰ ਕਿਸ਼ਨ ਸਿੰਘ ਗੜਗੱਜ (ਵੜਿੰਗ, ਜਲੰਧਰ), ਕਰਮ ਸਿੰਘ (ਮਾਣਕੋ, ਜਲੰਧਰ), ਨੰਦ ਸਿੰਘ (ਘੁੜਿਆਲ, ਜਲੰਧਰ), ਸੰਤਾ ਸਿੰਘ (ਛੋਟੀ ਹਰਿਓਂ, ਲੁਧਿਆਣਾ), ਦਲੀਪ ਸਿੰਘ (ਧਾਮੀਆਂ, ਹੁਸ਼ਿਆਰਪੁਰ) ਅਤੇ ਧਰਮ ਸਿੰਘ (ਹਿਯਾਤਪੁਰ ਰੁੜਕੀ, ਹੁਸ਼ਿਆਰਪੁਰ), 27 ਫਰਵਰੀ 1927 ਨੂੰ ਨਿੱਕਾ ਸਿੰਘ (ਗਿੱਲ, ਲੁਧਿਆਣਾ), ਮੁਕੰਦ ਸਿੰਘ (ਜਵੱਧੀ ਕਲਾਂ, ਲੁਧਿਆਣਾ), ਬੰਤਾ ਸਿੰਘ (ਗੁਰੂਸਰ, ਲੁਧਿਆਣਾ), ਸੁੰਦਰ ਸਿੰਘ (ਲਹੁਕਾ, ਅੰਮ੍ਰਿਤਸਰ), ਗੁੱਜਰ ਸਿੰਘ (ਢੱਪਈ, ਲੁਧਿਆਣਾ) ਅਤੇ ਨਿੱਕਾ ਸਿੰਘ ਦੂਜਾ (ਆਲੋਵਾਲ, ਅੰਮ੍ਰਿਤਸਰ) ਲਾਹੌਰ ਕੇਂਦਰੀ ਜੇਲ੍ਹ ਅਤੇ 16 ਮਈ 1931 ਨੂੰ ਜਲੰਧਰ ਜੇਲ੍ਹ 'ਚ ਸ਼ਹੀਦ ਹੋਏ ਬੱਬਰਾਂ ਲਾਭ ਸਿੰਘ, ਭਾਨ ਸਿੰਘ (ਰੰਧਾਵਾ ਮਸੰਦਾਂ, ਜਲੰਧਰ) ਤੇ ਸਾਧੂ ਸਿੰਘ (ਸਾਧੜਾ, ਹੁਸ਼ਿਆਰ-ਪੁਰ) ਦੀ ਯਾਦ 'ਚ ਅੱਜ ਸਥਾਨਕ ਦੇਸ਼ ਭਗਤ ਯਾਦਗਾਰ ਹਾਲ 'ਚ ਪ੍ਰਭਾਵਸ਼ਾਲੀ ਸ਼ਰਧਾਂਜ਼ਲੀ ਸਮਾਗਮ ਕੀਤਾ ਗਿਆ।

ਇਸ ਸਮਾਗਮ 'ਚ ਹਰਿਓਂ ਖੁਰਦ (ਲੁਧਿਆਣਾ), ਸਾਧੜਾ, ਮਾਹਿਲਪੁਰ, ਪੰਡੋਰੀ ਗੰਗਾ ਸਿੰਘ, ਸਰਹਾਲਾ ਕਲਾਂ, ਕੋਟ ਫਤੂਹੀ (ਹੁਸ਼ਿਆਰਪੁਰ), ਰੰਧਾਵਾ ਮਸੰਦਾ, ਪੰਡੋਰੀ ਨਿੱਝਰਾਂ, ਜੌਹਲ (ਜਲੰਧਰ), ਦੌਲਤਪੁਰ (ਨਵਾਂਸ਼ਹਿਰ) ਆਦਿ ਪਿੰਡਾਂ ਤੋਂ ਪੁੱਜੇ ਪਰਿਵਾਰਕ ਮੈਂਬਰਾਂ ਅਤੇ ਸਮੂਹ ਨਗਰਾਂ ਦਾ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਗ਼ਦਰ ਪਾਰਟੀ ਦਾ ਝੰਡਾ ਅਤੇ ਕਿਤਾਬਾਂ ਦਾ ਸੈਟ ਦੇ ਕੇ ਸਨਮਾਨਤ ਕੀਤਾ ਗਿਆ ਅਤੇ ਇਸ ਮੌਕੇ ਬੱਬਰ ਰਤਨ ਸਿੰਘ ਰੱਕੜ ਦੇ ਪੋਤਰੇ ਜੁਝਾਰ ਸਿੰਘ ਦਾ ਭੇਜਿਆ ਸੁਨੇਹਾ ਪੜ੍ਹਕੇ ਸੁਣਾਇਆ ਗਿਆ।

ਜਨਰਲ ਸਕੱਤਰ ਗੁਰਮੀਤ ਸਿੰਘ ਨੇ ਜੀ ਆਇਆਂ ਕਹਿੰਦਿਆਂ ਕਿਹਾ ਕਿ ਦੇਸ਼ ਭਗਤ ਯਾਦਗਾਰ ਕਮੇਟੀ ਬੱਬਰ ਅਕਾਲੀ ਲਹਿਰ ਦੇ ਇਤਿਹਾਸ ਨੂੰ ਸਿਜਦਾ ਕਰਦਿਆਂ ਨਵੀਂ ਪੀੜ੍ਹੀ ਨੂੰ ਰੌਸ਼ਨੀ ਦਿੰਦੀ ਰਹੇਗੀ।

ਇਸ ਮੌਕੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਵਿਜੈ ਬੰਬੇਲੀ ਨੇ ਇਤਿਹਾਸਕ ਤੱਥਾਂ ਦੇ ਹਵਾਲੇ ਨਾਲ ਬੋਲਦਿਆਂ ਕਿਹਾ ਕਿ ਬੱਬਰ ਅਕਾਲੀ ਲਹਿਰ ਧਰਮ, ਫ਼ਿਰਕੇ, ਜਾਤ-ਪਾਤ ਅਤੇ ਇਲਾਕੇ ਤੋਂ ਉਪਰ ਉੱਠਕੇ ਸਮੂਹ ਦੇਸ਼ ਵਾਸੀਆਂ ਦੀ ਆਜ਼ਾਦੀ ਲਈ ਉੱਠੀ ਲਹਿਰ ਸੀ, ਜਿਸ ਵਿੱਚ ਸਿੱਖਾਂ, ਹਿੰਦੂਆਂ ਅਤੇ ਮੁਸਲਮਾਨਾਂ ਨੇ ਜੋਟੀਆਂ ਪਾ ਕੇ ਅਥਾਹ ਕੁਰਬਾਨੀਆਂ ਕੀਤੀਆਂ। ਉਹਨਾਂ ਕਿਹਾ ਕਿ ਬੱਬਰ ਅਕਾਲੀ ਲਹਿਰ ਦੀਆਂ ਮਾਣਮੱਤੀਆਂ ਪੈੜ੍ਹਾਂ ਨੂੰ ਸੰਭਾਲਣ ਅਤੇ ਉਹਨਾਂ 'ਤੇ ਅੱਗੇ ਤੁਰਨ ਦੀ ਲੋੜ ਹੈ।

ਇਤਿਹਾਸ ਕਮੇਟੀ ਦੇ ਕਨਵੀਨਰ ਚਰੰਜੀ ਲਾਲ ਕੰਗਣੀਵਾਲ ਨੇ ਦੱਸਿਆ ਕਿ ਪੰਜਾਬ ਦੀ ਮਿੱਟੀ ਵਿੱਚ ਸਮੋਈ ਮਹਾਨ ਇਤਿਹਾਸਕ/ਸਭਿਆਚਾਰਕ ਵਿਰਾਸਤ ਵਿਚੋਂ ਉੱਠੀ ਬੱਬਰ ਅਕਾਲੀ ਲਹਿਰ ਨੇ ਲਹੂ ਸੰਗ ਇਤਿਹਾਸ ਸਿਰਜਕੇ ਸਾਬਤ ਕੀਤਾ ਕਿ ਲੋਕ, ਗੁਲਾਮੀ, ਦਾਬੇ, ਲੁੱਟ-ਖਸੁੱਟ, ਵਿਤਕਰੇ ਅਤੇ ਅਨਿਆਂ ਖਿਲਾਫ਼ ਸਦਾ ਲੜਦੇ ਰਹੇ ਹਨ ਅਤੇ ਨਿਆਂ ਭਰੇ ਸਮਾਜ ਦੀ ਸਿਰਜਣਾ ਲਈ ਇਹ ਸੰਘਰਸ਼ ਜਾਰੀ ਰੱਖਣਗੇ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਸਹਾਇਕ ਸਕੱਤਰ ਡਾ. ਪਰਮਿੰਦਰ ਸਿੰਘ ਨੇ ਸਮਾਗਮ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਬੱਬਰ ਅਕਾਲੀ ਲਹਿਰ ਦਾ ਇਤਿਹਾਸ ਅੱਜ ਸਾਡੇ ਲਈ ਉਸ ਮੌਕੇ ਮਾਰਗ-ਦਰਸ਼ਕ ਹੈ, ਜਦੋਂ ਸਾਮਰਾਜੀ ਤਾਕਤਾਂ ਸਾਡੇ ਕੁਦਰਤੀ ਮਾਲ ਖਜ਼ਾਨੇ, ਧਨ, ਧਰਤੀ, ਕਿਰਤ ਉਪਰ ਡਾਕੇ ਮਾਰਨ ਲਈ ਦਹਾੜ ਰਹੀਆਂ ਹਨ। ਅੱਜ ਇਹਨਾਂ ਖਿਲਾਫ਼ ਵਿਸ਼ਾਲ ਲੋਕ ਲਹਿਰ ਖੜ੍ਹੀ ਕਰਨਾ ਹੀ ਬੱਬਰ ਅਕਾਲੀ ਲਹਿਰ ਨੂੰ ਪ੍ਰਣਾਮ ਕਰਨਾ ਹੈ।

ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ ਨੇ ਕਿਹਾ ਕਿ ਗ਼ਦਰ ਲਹਿਰ ਦਾ ਅਗਲਾ ਵਰਕਾ ਬੱਬਰ ਅਕਾਲੀ ਲਹਿਰ ਹੈ, ਜਿਸ ਦੇ ਸੁਪਨੇ ਸਾਕਾਰ ਕਰਨ ਲਈ ਜਦੋ ਜਹਿਦ ਜਾਰੀ ਹੈ ਅਤੇ ਜਾਰੀ ਰਹੇਗੀ। ਦੇਸ਼ ਭਗਤ ਕਮੇਟੀ ਇਸ ਇਤਿਹਾਸ ਨੂੰ ਸੰਭਾਲਣ ਅਤੇ ਅਗੇ ਲਿਜਾਣ 'ਚ ਲਈ ਵਚਨਬੱਧ ਹੈ। ਸਮਾਗਮ 'ਚ ਹੱਥ ਖੜ੍ਹੇ ਕਰਕੇ ਪਾਸ ਮਤਿਆਂ 'ਚ ਮੰਗ ਕੀਤੀ ਗਈ ਕਿ ਯੂਕਰੇਨ ਦੀ ਧਰਤੀ 'ਤੇ ਲੋਕਾਂ ਨੂੰ ਜੰਗ ਵਿੱਚ ਝੋਕਣ ਦੇ ਕਾਰਨਾਮੇ ਬੰਦ ਕੀਤੇ ਜਾਣ ਅਤੇ ਯੂਕਰੇਨ ਪੜ੍ਹਦੇ ਵਿਦਿਆਰਥੀਆਂ ਅਤੇ ਭਾਰਤੀ ਲੋਕਾਂ ਦੀ ਸੁਰਖਿੱਅਤ ਘਰ ਵਾਪਸੀ ਕੀਤੀ ਜਾਵੇ। ਜੇਲ੍ਹੀਂ ਡਕੇ ਬੁੱਧੀਜੀਵੀਆਂ ਨੂੰ ਰਿਹਾਅ ਕੀਤਾ ਜਾਵੇ। ਹਿਜਾਬ ਅਤੇ ਦਸਤਾਰ ਜ਼ਬਰੀ ਉਤਾਰਨ ਦੇ ਫ਼ਰਮਾਨ ਮੜ੍ਹਨੇ ਬੰਦ ਕੀਤੇ ਜਾਣ। ਜੱਲ੍ਹਿਆਂਵਾਲੇ ਬਾਗ਼ ਦੇ ਮੂਲ ਸਰੂਪ ਦੀ ਬਹਾਲੀ ਕੀਤੀ ਜਾਵੇ। ਕਦੇ ਜੰਗ ਕਦੇ ਕਰੋਨਾ ਦੀ ਆੜ੍ਹ ਹੇਠ ਲੋਕਾਂ 'ਤੇ ਚੌਤਰਫ਼ੇ ਹੱਲੇ ਬੋਲਣੇ ਬੰਦ ਕੀਤੇ ਜਾਣ।

ਬੱਬਰਾਂ ਦੇ ਪਰਿਵਾਰਾਂ ਤੇ ਨਗਰਾਂ ਦੇ ਸਨਮਾਨ ਮੌਕੇ ਮੰਚ 'ਤੇ ਕਮੇਟੀ ਦੇ ਮੀਤ ਪ੍ਰਧਾਨ ਸੀਤਲ ਸਿੰਘ ਸੰਘਾ, ਖਜ਼ਾਨਚੀ ਰਣਜੀਤ ਸਿੰਘ ਔਲਖ, ਕਮੇਟੀ ਮੈਂਬਰ ਸੁਰਿੰਦਰ ਕੁਮਾਰੀ ਕੋਛੜ, ਬਲਬੀਰ ਕੌਰ ਬੁੰਡਾਲਾ, ਮੰਗਤ ਰਾਮ ਪਾਸਲਾ, ਪ੍ਰਿਥੀਪਾਲ ਸਿੰਘ ਮਾੜੀਮੇਘਾ, ਕੁਲਬੀਰ ਸੰਘੇੜਾ, ਹਰਵਿੰਦਰ ਭੰਡਾਲ ਤੇ ਹਰਮੇਸ਼ ਮਾਲੜੀ ਵੀ ਹਾਜ਼ਰ ਸਨ। ਸਮਾਗਮ ਦਾ ਮੰਚ ਸੰਚਾਲਨ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਕੀਤਾ।

# ਗ਼ਲਤੀ ਨਾਲ ਪਾਕਿਸਤਾਨ 'ਚ ਡਿੱਗੀ ਭਾਰਤੀ ਮਿਜ਼ਾਈਲ 'ਤੇ ਅਮਰੀਕਾ ਨੇ ਲਿਆ ਭਾਰਤ ਦਾ ਪੱਖ


**ਵਾਸ਼ਿੰਗਟਨ –** ਗ਼ਲਤੀ ਨਾਲ ਪਾਕਿਸਤਾਨ 'ਚ ਡਿੱਗੀ ਭਾਰਤੀ ਮਿਜ਼ਾਈਲ 'ਤੇ ਅਮਰੀਕਾ ਨੇ ਪ੍ਰਤੀਕਿਰਿਆ ਦਿੰਦੇ ਹੋਏ ਇਸ ਨੂੰ ਹਾਦਸਾ ਦੱਸਿਆ ਹੈ। ਅਮਰੀਕਾ ਦਾ ਕਹਿਣਾ ਹੈ ਕਿ ਇਸ ਗੱਲ ਦਾ ਕੋਈ ਸਬੂਤ ਨਹੀਂ ਹੈ ਕਿ ਭਾਰਤ ਨੇ ਉੱਥੇ ਗੋਲੀਬਾਰੀ ਕੀਤੀ ਸੀ। ਅਮਰੀਕਾ ਦੀ ਨਜ਼ਰ ਵਿੱਚ ਇਹ ਘਟਨਾ ਇੱਕ ਦੁਰਘਟਨਾ ਤੋਂ ਵੱਧ ਕੁਝ ਨਹੀਂ ਹੈ। ਭਾਰਤ ਨੇ ਆਪਣੀ ਗ਼ਲਤੀ ਮੰਨਦੇ ਹੋਏ ਪਹਿਲਾਂ ਹੀ ਸਪੱਸ਼ਟ ਕਰ ਦਿੱਤਾ ਸੀ ਕਿ ਪਾਕਿਸਤਾਨ 'ਚ ਡਿੱਗੀ ਭਾਰਤੀ ਮਿਜ਼ਾਈਲ ਗ਼ਲਤੀ ਨਾਲ ਦਾਗੀ ਗਈ ਸੀ। ਭਾਰਤ ਨੇ ਇਸ ਘਟਨਾ 'ਤੇ ਨਾ ਸਿਰਫ਼ ਦੁੱਖ ਪ੍ਰਗਟਾਇਆ ਸੀ ਸਗੋਂ ਅਫ਼ਸੋਸ ਵੀ ਪ੍ਰਗਟਾਇਆ ਸੀ। ਭਾਰਤ ਨੇ ਕਿਹਾ ਕਿ ਇਹ ਸਭ ਕੁਝ ਤਕਨੀਕੀ ਨੁਕਸ ਕਾਰਨ ਹੋਇਆ, ਜੋ ਰੁਟੀਨ ਮੇਨਟੇਨੈਂਸ ਦੌਰਾਨ ਹੋਇਆ।ਅਮਰੀਕੀ ਵਿਦੇਸ਼ ਵਿਭਾਗ ਦੇ ਬੁਲਾਰੇ ਨੇਡ ਪ੍ਰਾਈਸ ਨੇ ਪੱਤਰਕਾਰਾਂ ਦੇ ਸਵਾਲਾਂ ਦੇ ਜਵਾਬ 'ਚ ਕਿਹਾ ਕਿ ਅਸੀਂ ਆਪਣੇ ਸਹਿਯੋਗੀ ਭਾਰਤ ਤੋਂ ਅਜਿਹਾ ਕੋਈ ਸੰਕੇਤ ਨਹੀਂ ਸੁਣਿਆ ਤੇ ਨਾ ਹੀ ਦੇਖਿਆ ਹੈ ਕਿ ਇਹ ਇਕ ਹਾਦਸੇ ਤੋਂ ਵੱਧ ਕੁਝ ਨਹੀਂ ਹੈ। ਉਨ੍ਹਾਂ ਇਹ ਵੀ ਕਿਹਾ ਕਿ ਜੇਕਰ ਉਨ੍ਹਾਂ ਨੂੰ ਇਸ



ਸਬੰਧੀ ਭਾਰਤ ਸਰਕਾਰ ਦੇ ਰੱਖਿਆ ਮੰਤਰਾਲੇ ਤੋਂ ਹੋਰ ਵੀ ਕੁਝ ਪਤਾ ਚੱਲਦਾ ਹੈ ਤਾਂ ਉਹ ਪੱਤਰਕਾਰਾਂ ਨਾਲ ਜ਼ਰੂਰ ਸਾਂਝਾ ਕਰਨਗੇ। ਪੱਤਰਕਾਰਾਂ ਦੇ ਸਵਾਲਾਂ ਦੇ ਜਵਾਬ ਵਿੱਚ ਪ੍ਰਾਈਸ ਨੇ ਕਿਹਾ ਕਿ ਭਾਰਤ ਵੱਲੋਂ 9 ਮਾਰਚ ਨੂੰ ਬਿਆਨ ਜਾਰੀ ਕੀਤਾ ਗਿਆ ਸੀ ਕਿ ਕੀ ਹੋਇਆ ਸੀ। ਇਸ ਤੋਂ ਇਲਾਵਾ ਉਹ ਇਸ ਬਾਰੇ ਕੁਝ ਨਹੀਂ ਕਹਿ ਸਕਦਾ।

ਜ਼ਿਕਰਯੋਗ ਹੈ ਕਿ ਭਾਰਤ ਨੇ ਇਸ ਪੂਰੇ ਮਾਮਲੇ ਨੂੰ ਬਹੁਤ ਸੰਵੇਦਨਸ਼ੀਲ ਮੰਨਿਆ ਹੈ ਅਤੇ ਕੋਰਟ ਆਫ ਇਨਕੁਆਰੀ ਦੇ ਆਦੇਸ਼ ਵੀ ਦਿੱਤੇ ਹਨ। ਤੁਹਾਨੂੰ ਦੱਸ ਦੇਈਏ ਕਿ ਭਾਰਤ ਦੀ ਇਹ ਮਿਜ਼ਾਈਲ ਪਾਕਿਸਤਾਨ ਦੇ ਪੰਜਾਬ ਸੂਬੇ ਦੇ ਖਾਨੇਵਾਲ ਜ਼ਿਲ੍ਹੇ ਦੇ ਮੀਆਂ ਚਾਨੂ ਇਲਾਕੇ ਵਿੱਚ ਡਿੱਗੀ ਸੀ। ਇਸ ਤੋਂ ਬਾਅਦ ਇਸ 'ਤੇ ਸਖ਼ਤ ਨਾਰਾਜ਼ਗੀ ਜ਼ਾਹਰ ਕਰਦਿਆਂ ਇਸਲਾਮਾਬਾਦ ਸਥਿਤ ਭਾਰਤੀ ਦੂਤਾਵਾਸ ਦੇ ਅਧਿਕਾਰੀ ਨੂੰ ਜਵਾਬ ਲਈ ਬੁਲਾਇਆ ਗਿਆ ਅਤੇ ਸਖ਼ਤ ਵਿਰੋਧ ਦਰਜ ਕਰਵਾਇਆ ਗਿਆ।

ਪਾਕਿਸਤਾਨ ਨੇ ਕਿਹਾ ਕਿ ਇਹ ਉਨ੍ਹਾਂ ਦੇ ਹਵਾਈ ਖੇਤਰ ਦੀ ਉਲੰਘਣਾ ਹੈ। ਪਾਕਿਸਤਾਨ ਨੇ ਇਸ ਮੁੱਦੇ ਦੀ ਸਾਂਝੀ ਜਾਂਚ 'ਤੇ ਜ਼ੋਰ ਦਿੱਤਾ ਹੈ। ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਇਸ ਸਬੰਧ 'ਚ ਸੰਯੁਕਤ ਰਾਸ਼ਟਰ ਮੁਖੀ ਨਾਲ ਵੀ ਗੱਲ ਕੀਤੀ ਹੈ। ਇਮਰਾਨ ਖਾਨ ਦਾ ਕਹਿਣਾ ਹੈ ਕਿ ਉਹ ਇਸ ਗੱਲ ਦਾ ਜਵਾਬ ਦੇ ਸਕਦੇ ਸਨ ਪਰ ਉਨ੍ਹਾਂ ਨੇ ਇਸ ਪੂਰੇ ਮਾਮਲੇ 'ਚ ਸੰਜਮ ਵਰਤਿਆ ਹੈ। ਦੱਸ ਦੇਈਏ ਕਿ ਪਾਕਿਸਤਾਨ ਵਾਲੇ ਪਾਸੇ ਇਸ ਘਟਨਾ ਵਿੱਚ ਕੋਈ ਜਾਨੀ ਜਾਂ ਮਾਲੀ ਨੁਕਸਾਨ ਨਹੀਂ ਹੋਇਆ ਹੈ।






Book Available

http://www.unistarbooks.com/home/5512-pagrhi-sambhal-lehar-to-samyukt-kisan-morcha.html

http://www.unistarbooks.com/home/5512-pagrhi-sambhal-lehar-to-samyukt-kisan-morcha.html




My Struggle in Life:

Das Pawar, Ishwar: 9781682131558:

Amazon.com: Book

# ਕੋਈ ਮੰਨੇ ਜਾਂ ਨਾ ਮੰਨੇ ਪਰ ਪੰਜਾਬ 'ਚ ਝਾੜੂ ਚੰਗੀ ਤਰ੍ਹਾਂ ਫਿਰ ਗਿਆ ਹੈ?

ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਵਿਚ 1304 ਉਮੀਦਵਾਰ ਨੇ ਵਿਧਾਇਕ ਬਣਨ ਲਈ ਆਪਣੀ ਕਿਸਮਤ ਨੂੰ ਅਜ਼ਮਾਇਆ ਹੈ। ਕੁੱਲ 8 ਦੇ ਕਰੀਬ ਰਾਜਨੀਤਕ ਪਾਰਟੀਆਂ ਰਾਜ ਸੱਤਾ ਤੇ ਕਾਬਜ਼ ਹੋਣ ਲਈ ਆਪਣੀ ਆਪੋ ਆਪਣੀ ਜੱਦੋ ਜਹਿਦ ਕਰ ਰਹੀਆਂ ਹਨ। ਹਰ ਪਾਰਟੀ ਇਹ ਦਾਅਵਾ ਕਰ ਰਹੀ ਹੈ ਕਿ ਸਰਕਾਰ ਉਸ ਦੀ ਹੀ ਬਣੇਗੀ। ਇਨ੍ਹਾਂ ਪ੍ਰਮੁੱਖ ਪਾਰਟੀਆਂ ਵਿੱਚ ਪੰਜਾਬ ਦੀ ਰਾਜ ਸੱਤਾ ਤੇ ਕਾਬਜ਼ ਕਾਂਗਰਸ, ਸ਼੍ਰੋਮਣੀ ਅਕਾਲੀ ਦਲ, ਆਮ ਆਦਮੀ ਪਾਰਟੀ, ਭਾਰਤੀ ਜਨਤਾ ਪਾਰਟੀ, ਤੋਂ ਇਲਾਵਾ ਪੰਜਾਬ ਲੋਕ ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਸੰਯੁਕਤ, (ਸਾਂਝਾ ਗੱਠਜੋੜ) ਲੋਕ ਇਨਸਾਫ ਪਾਰਟੀ ,ਸ਼੍ਰੋਮਣੀ ਅਕਾਲੀ ਦਲ ਮਾਨ, ਕਿਸਾਨ ਸੰਯੁਕਤ ਮੋਰਚਾ ਇਹ ਸਾਰੇ ਦਲ ਦਾਅਵਾ ਜਿਤਾ ਰਹੇ ਹਨ ਕਿ ਪੰਜਾਬ ਦੀ ਰਾਜ ਸੱਤਾ ਤੇ ਭਵਿੱਖ ਦੇ ਵਾਰਿਸ ਉਹ ਹਨ । ਹਰ ਪਾਰਟੀ ਦਾ ਦਾਅਵਾ ਹੈ ਕਿ ਸਾਨੂੰ ਘੱਟੋ ਘੱਟ 60 ਸੀਟਾਂ ਆਉਣਗੀਆਂ। ਕੋਈ ਕਹਿ ਰਹੀ ਹੈ ਕਿ ਸਾਨੂੰ 70 ਆਉਣਗੀਆਂ। ਕਈ ਤਾਂ ਇਹ ਕਹਿ ਰਹੇ ਹਨ ਕਿ ਸਾਡੀਆਂ 85 ਦੇ ਕਰੀਬ ਆ ਸਕਦੀਆਂ ਹਨ । ਵੱਖ ਵੱਖ ਟੀਵੀ ਚੈਨਲਾਂ ਦੇ ਸਰਵੇ ਵੀ ਕੋਈ ਕਿਸੇ ਪਾਰਟੀ ਦੇ ਬਹੁਮਤ ਨਾਲ ਸਰਕਾਰ ਬਣਾ ਰਿਹਾ ਹੈ, ਕੋਈ ਕਿਸੇ ਹੋਰ ਦੀ ਬਣਾ ਰਿਹਾ ਹੈ। ਕਈ ਸਰਵੇ ਕਿਸੇ ਵੀ ਪਾਰਟੀ ਨੂੰ ਸਪਸ਼ਟ ਬਹੁਮੱਤ ਨਹੀਂ ਦੇ ਰਹੇ ਹਨ। ਉਨ੍ਹਾਂ ਦਾ ਇਸ਼ਾਰਾ ਹੈ ਵੱਖ ਵੱਖ ਪਾਰਟੀਆਂ ਦੀ ਰਲਵੀਂ ਮਿਲਵੀਂ ਸਰਕਾਰ ਬਣੇਗੀ। ਅਫ਼ਸਰਸ਼ਾਹੀ, ਇੰਟੈਲੀਜੈਂਸੀ ਅਤੇ ਸੀ ਆਈ ਡੀ ਵਾਲੇ ਵੀ ਵੱਖ ਵੱਖ ਤਰ੍ਹਾਂ ਦੇ ਅੰਦਾਜ਼ੇ ਲਾ ਰਹੇ ਹਨ । ਪਰ ਆਮ ਤੌਰ ਤੇ ਕਈ ਟੀ ਵੀ ਚੈਨਲਾਂ ਦੇ ਸਰਵਿਆਂ ਵਿਚ ਅਤੇ ਇੰਟੈਲੀਜੈਂਸੀ ਦੀ ਰਿਪੋਰਟ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਦੀ ਦਿਸ ਰਹੀ ਹੈ। ਜਿਸ ਵਿੱਚ 60 ਤੋਂ 66 ਸੀਟਾਂ ਆਮ ਆਦਮੀ ਪਾਰਟੀ ਨੂੰ ਆਉਂਦੀਆਂ ਦਿਖਾਈਆ ਹਨ। ਜਿਸ ਨੂੰ ਵੱਡੀਆਂ ਰਵਾਇਤੀ ਪਾਰਟੀਆਂ ਅਕਾਲੀ, ਕਾਂਗਰਸ ਭਾਜਪਾ ਵਾਲੇ ਮੁੱਢੋਂ ਹੀ ਰੱਦ ਕਰ ਰਹੇ ਹਨ। ਉਹ ਆਪਣੇ ਹੀ ਰਟ ਲਗਾ ਰਹੇ ਹਨ ਕਿ ਸਰਕਾਰ ਸਾਡੀਆਂ ਪਾਰਟੀਆਂ ਦੀ ਬਣੇਗੀ ।ਇੱਥੇ ਰਾਜਨੀਤਕ ਪਾਰਟੀਆਂ ਦੇ ਮੁੱਢ ਤੋਂ ਹੀ ਇਕ ਰਵਾਇਤ ਹੈ ਕਿ ਉਹ ਸਾਹਮਣੇ ਪਏ ਸੱਚ ਨੂੰ




ਹਮੇਸ਼ਾ ਨਜ਼ਰਅੰਦਾਜ਼ ਕਰਕੇ ਆਪਣੇ ਝੂਠ ਨੂੰ ਸੱਚ ਸਾਬਿਤ ਕਰਨ ਵਿੱਚ ਲੱਗੀਆਂ ਰਹਿੰਦੀਆਂ ਹਨ ਭਾਵੇਂ ਸੱਚ ਦਾ ਨਤੀਜਾ ਉਨ੍ਹਾਂ ਦੇ ਹੱਥ ਵਿੱਚ ਵੀ ਹੋਵੇ ਫਿਰ ਵੀ ਉਨ੍ਹਾਂ ਨੂੰ ਆਪਣਾ ਝੂਠ ਹੀ ਸੱਚ ਲੱਗਦਾ ਹੈ ।ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਦੀ ਵੋਟਾਂ ਦੀ ਪ੍ਰਕਿਰਿਆ 20 ਫਰਵਰੀ ਨੂੰ ਖ਼ਤਮ ਹੋ ਚੁੱਕੀ ਹੈ ਜਦਕਿ ਨਤੀਜਾ 10 ਮਾਰਚ ਨੂੰ ਆਉਣਾ ਹੈ। ਚੋਣਾਂ ਦੇ ਨਤੀਜਿਆਂ ਦਾ ਅਸਲ ਸੱਚ ਤਾ 10 ਮਾਰਚ ਨੂੰ 12 ਵਜੇ ਹੀ ਪਤਾ ਲੱਗੇਗਾ। ਇਸ ਵਾਰ ਕੌਣ ਪੰਜਾਬ ਦੀ ਰਾਜ ਸੱਤਾ ਤੇ ਕਾਬਜ਼ ਹੁੰਦਾ ਹੈ, ਪਰ ਪੰਜਾਬ ਦੇ ਰਾਜਨੀਤਕ ਧਰਾਤਲ ਤੇ ਵੋਟਰਾਂ ਦੀ ਵੱਡੀ ਰਾਇ ਇਹ ਸਾਹਮਣੇ ਆ ਰਹੀ ਹੈ ਕਿ ਪੰਜਾਬ ਦੇ ਵਿੱਚ ਆਮ ਆਦਮੀ ਪਾਰਟੀ ਦਾ ਝਾੜੂ ਚੰਗੀ ਤਰ੍ਹਾਂ ਫਿਰ ਗਿਆ ਹੈ। ਆਮ ਵੋਟਰਾਂ ਦਾ ਦਾਅਵਾ ਹੈ ਕਿ ਵੋਟਾਂ ਪੈਣ ਤੋਂ ਇਕ ਹਫ਼ਤਾ ਪਹਿਲਾਂ ਰਾਜਨੀਤਕ ਹਵਾ ਦਾ ਰੁੱਖ ਆਪ ਵੱਲ ਝੁੱਕ ਗਿਆ ਸੀ ਕਿ ਜਦੋਂ ਇਸ ਵਾਰ ਪੰਜਾਬ ਵਿਧਾਨ ਸਭਾ ਚੋਣਾਂ ਦੇ ਨਤੀਜੇ ਆਉਣਗੇ ਤਾਂ ਰਵਾਇਤੀ ਪਾਰਟੀਆਂ ਦੇ ਵੱਡੇ ਵੱਡੇ ਥੰਮ ਡਿੱਗਣਗੇ, ਇੰਨਾ ਆਗੂਆਂ ਨਾਲ ਓਹ ਭਾਣਾ ਵਰਤੇਗਾ ਜੋ ਕਦੇ ਇੰਨਾ ਨੇ ਸੁਪਨੇ ਵਿੱਚ ਵੀ ਸੋਚਿਆ ਵੀ ਨਹੀਂ ਹੋਣਾ।



ਜਗਰੂਪ ਸਿੰਘ ਜਰਖੜ
91-98143 00722

ਜਿਸ ਤਰ੍ਹਾਂ 1989 ਦੀਆਂ ਪਾਰਲੀਮੈਂਟ ਚੋਣਾਂ ਵਿੱਚ ਮਾਨ ਦਲ ਦੀ ਜਿੱਤ ਨੇ ਪੰਜਾਬ ਦੇ ਰਾਜਨੀਤਕ ਇਤਿਹਾਸ ਵਿੱਚ ਇੱਕ ਨਵਾਂ ਦ੍ਰਿਸ਼ ਪੇਸ਼ ਕੀਤਾ ਸੀ। ਉਸ ਵਕਤ ਵੀ ਇਕ ਹਫ਼ਤਾ ਪਹਿਲਾਂ ਹੀ ਰਾਜਨੀਤਕ ਹਵਾ ਦਾ ਰੁਖ਼ ਮਾਨ ਦਲ ਵੱਲ ਨੂੰ ਪਲਟਿਆ ਸੀ । ਵੱਡੀਆਂ ਰਾਜਨੀਤਿਕ ਪਾਰਟੀਆਂ ਅਤੇ ਵੱਡੇ ਲੀਡਰਾਂ ਦੇ ਅੰਦਾਜ਼ੇ ਧਰੇ ਧਰਾਏ ਹੀ ਰਹਿ ਗਏ ਸਨ। ਜਦੋਂ ਮਾਨ ਦਲ ਨੇ ਪਾਰਲੀਮੈਂਟ ਦੀਆਂ 13 ਵਿੱਚੋਂ 11 ਸੀਟਾਂ ਜਿੱਤਕੇ ਇਕ ਨਵਾਂ ਇਤਿਹਾਸ ਸਿਰਜਿਆ ਸੀ। ਇਸ ਵਾਰ ਵੀ ਕੁਝ ਨਵਾਂ ਰਾਜਨੀਤਿਕ ਪਟਾਕਾ ਪੈਣ ਦੇ ਆਸਾਰ ਲਾਏ ਜਾ ਰਹੇ ਹਨ ਪਰ ਅਸਲ ਤਸਵੀਰ ਤਾਂ ਪੰਜਾਬ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਤੋਂ ਬਾਅਦ ਹੀ ਆਵੇਗੀ । ਲੋਕ ਰਾਇ ਮੁਤਾਬਿਕ ਪੰਜਾਬ ਵਿੱਚ ਵਿੱਚ ਜਾਂ ਤਾਂ ਫਿਰ ਝਾੜੂ ਝਾੜੂ ਹੋਵੇਗੀ ਜਾਂ ਫਿਰ ਝਾੜੂ ਤੀਲਾ ਤੀਲਾ ਹੋ ਚੁੱਕਿਆ ਹੋਵੇਗਾ। ਉਡੀਕ ਹੈ 10 ਮਾਰਚ ਦੇ ਨਤੀਜਿਆਂ ਦੀ , ਕਿ ਪੰਜਾਬ ਦੀ ਅਸਲ ਰਾਜਨੀਤਕ ਤਸਵੀਰ ਕੀ ਹੋਵੇਗੀ । ਗੁਰੂ ਭਲੀ ਕਰੇ, ਪੰਜਾਬ ਦਾ ਰੱਬ ਰਾਖਾ।

# ਕਬੱਡੀ ਸਟਾਰ ਸੰਦੀਪ ਨੰਗਲ ਅੰਬੀਆ ਦਾ ਪਿੰਡ ਮੱਲ੍ਹੀਆਂ ਵਿਖੇ ਹੋਇਆ ਦਿਨ ਦਿਹਾੜੇ ਕਤਲ

**ਲੁਧਿਆਣਾ**–ਪੰਜਾਬ ਦੀ ਜਵਾਨੀ ਨੂੰ ਡਰੱਗ ਮਾਫੀਆ, ਅਤੇ ਕਬੱਡੀ ਮਾਫੀਆ ਲੈ ਡੁੱਬੇਗਾ, ਹੁਣ ਤਕ ਹਜ਼ਾਰਾਂ ਨੌਜਵਾਨ ਇਸ ਮਾਫ਼ੀਏ ਦੀ ਭੇਟ ਚੜ੍ਹ ਚੁੱਕੇ ਹਨ, ਕਈ ਜ਼ਿੰਦਗੀ ਗਵਾ ਚੁੱਕੇ ਹਨ ਅਤੇ ਕਈ ਜ਼ਿੰਦਗੀਆਂ ਨੂੰ ਨਰਕ ਬਣਾ ਚੁੱਕੇ ਹਨ। ਮਾਪੇ ਵਿਚਾਰੇ ਵਿਲਕਦੇ ਹੀ ਰਹਿ ਜਾਂਦੇ ਹਨ। ਅੱਜ ਫੇਰ ਕਬੱਡੀ ਮਾਫ਼ੀਏ ਦੀ ਭੈਂਟ ਪੰਜਾਬੀਆਂ ਦੀ ਮਕਬੂਲ ਖੇਡ ਕਬੱਡੀ ਦਾ ਹਰਮਨ ਪਿਆਰਾ ਸੁਪਰਸਟਾਰ ਗਲੇਡੀਏਟਰ ਵਜੋਂ ਜਾਣਿਆ ਜਾਂਦਾ ਸੰਦੀਪ ਨੰਗਲ ਅੰਬੀਆਂ ਦਾ ਪਿੰਡ ਮੱਲ੍ਹੀਆਂ ( ਨੇੜੇ ਨਕੋਦਰ) ਵਿਖੇ ਦਿਨ ਦਿਹਾੜੇ ਕਤਲ ਹੋ ਗਿਆ ਹੈ । ਇਸ ਕਤਲ ਦੀ ਵਜ੍ਹਾ ਕਬੱਡੀ ਖੇਡ ਵਿੱਚ ਖਿਡਾਰੀਆਂ ਦੇ ਆਪਸੀ ਚੱਲ ਰਹੀ ਰੰਜਿਸ਼ ਦਾ ਨਤੀਜਾ ਹੈ। ਸੰਦੀਪ ਨੰਗਲ ਅੰਬੀਆਂ ਦਾ ਕਤਲ ਉਸ ਵਕਤ ਹੋਇਆ ਜਦੋਂ ਓਹ ਟੂਰਨਾਮੈਂਟ ਦੀ ਮੁੱਖ ਸਟੇਜ ਤੋਂ ਕਬੱਡੀ ਦੇ ਇੱਕ ਹੋਰ ਖਿਡਾਰੀ ਸੰਦੀਪ ਲੁੱਦਰ ਦੇ ਨਾਲ ਆਪਣੀ ਗੱਡੀ ਵੱਲ ਜਾ ਰਿਹਾ ਸੀ ਤਾਂ ਸਾਹਮਣੇ ਇਕ ਗੱਡੀ ਵਿੱਚ ਬੈਠੇ ਕੁਝ ਅਣਪਛਾਤੇ ਵਿਅਕਤੀਆਂ ਨੇ ਉਸ ਉਤੇ ਗੋਲੀਆਂ ਚਲਾ ਦਿੱਤੀਆਂ ਅਤੇ ਉਨ੍ਹਾਂ ਦਾ ਦਿਨ ਦਿਹਾੜੇ ਕਤਲ ਹੋ ਗਿਆ। ਇਸ ਕਤਲ ਨਾਲ ਕਬੱਡੀ ਜਗਤ ਦੁਨੀਆਂ ਦੇ ਇੱਕ ਮਹਾਨ ਕਬੱਡੀ ਖਿਡਾਰੀ ਤੋਂ ਵਾਂਝਾ ਹੋ ਗਿਆ ਹੈ। ਸੰਦੀਪ ਸਿੰਘ ਨੰਗਲ ਅੰਬੀਆ ਜਿਨ੍ਹਾਂ




ਸਿਆਣੇ ਅਤੇ ਸੂਝਵਾਨ ਲੋਕ ਕਬੱਡੀ ਤੋਂ ਦੂਰ ਚਲੇ ਜਾਣਗੇ। ਨੌਜਵਾਨੀ ਕਬੱਡੀ ਤੋਂ ਬੇਮੁਖ ਹੋਵੇਗੀ ਕਿਉਂਕਿ ਜਿਸ ਖੇਡ ਦੇ ਨਿਯਮ ਸਿਧਾਂਤ ਨਹੀਂ ਹਨ ਜਿਸ ਕਬੱਡੀ ਖੇਡ ਤੇ ਗ਼ੈਰ ਜ਼ਿੰਮੇਵਾਰ ਅਤੇ ਮਾਫੀਆ ਲੋਕਾਂ ਦਾ ਦਬਦਬਾ ਹੋਵੇ ਉਸਦੇ ਅੱਗੇ ਵਧਣ ਅਤੇ ਤਰੱਕੀ ਕਰਨ ਬਾਰੇ ਕਿਵੇਂ ਸੋਚਿਆ ਜਾਵੇ, ਇਹ ਵੀ ਇਕ ਪ੍ਰਸ਼ਨ ਚਿੰਨ੍ਹ ਹੈ?

ਹਰ ਖੇਡ ਵਿੱਚ ਆਪਸੀ ਗਿਲੇ ਸ਼ਿਕਵੇ ਹੁੰਦੇ ਹਨ, ਆਪਸੀ ਨਾਰਾਜ਼ਗੀਆਂ ਹੁੰਦੀਆਂ ਹਨ ਪਰ ਕਿਸੇ ਦਾ ਕਤਲ






ਵਧੀਆ ਕਬੱਡੀ ਦਾ ਖਿਡਾਰੀ ਸੀ ਉਸ ਤੋਂ ਵਧ ਕੇ ਉਹ ਕਬੱਡੀ ਦਾ ਇੱਕ ਵਧੀਆ ਪ੍ਰਬੰਧਕ ਵੀ ਸੀ । ਪੰਜਾਬ ਦੇ ਵਿੱਚ ਮੇਜਰ ਕਬੱਡੀ ਲੀਗ ਦੀ ਉਸ ਨੇ ਸਥਾਪਨਾ ਕੀਤੀ । ਇਸ ਲੀਗ ਨੇ ਕਬੱਡੀ ਖੇਡ ਨੂੰ ਵੱਡੇ ਪੱਧਰ ਤੇ ਬੜਾਵਾ ਦਿੱਤਾ। ਉਹ ਕਬੱਡੀ ਖੇਡ ਨੂੰ ਇੱਕ ਅਨੁਸ਼ਾਸਨਬੰਧ ਅਤੇ ਨਿਯਮਬੰਧ ਖੇਡ ਬਣਾਉਣੀ ਚਾਹੁੰਦਾ ਸੀ ।ਸੰਦੀਪ ਸਿੰਘ ਨੰਗਲ ਅੰਬੀਆਂ ਦੇ ਨਾਮ ਨਾਲ ਜਾਣਿਆ ਜਾਣ ਵਾਲਾ ਇਹ ਕਬੱਡੀ ਸਟਾਰ ਹਾਕੀ ਦੇ ਸੁਪਰਸਟਾਰ ਅਤੇ 1975 ਵਿਸ਼ਵ ਕੱਪ ਹਾਕੀ ਦੇ ਚੈਂਪੀਅਨ ਓਲੰਪੀਅਨ ਖਿਡਾਰੀ ਮਹਿੰਦਰ ਸਿੰਘ ਮੁਨਸ਼ੀ ਦੇ ਪਿੰਡ ਦਾ ਵਸਨੀਕ ਸੀ । ਉਹ ਹਰ ਵਰ੍ਹੇ ਓਲੰਪੀਅਨ ਮਹਿੰਦਰ ਸਿੰਘ ਮੁਨਸ਼ੀ ਦੇ ਨਾਮ ਤੇ ਇਕ ਕਬੱਡੀ ਕੱਪ ਵੀ ਕਰਵਾਉਂਦੇ ਸਨ। ਓਲੰਪੀਅਨ ਮਹਿੰਦਰ ਸਿੰਘ ਮੁਨਸ਼ੀ ਵੀ 23 ਸਾਲ ਦੀ ਉਮਰ ਵਿੱਚ ਇਸ ਦੂਨੀਆਂ ਨੂੰ ਅਲਵਿਦਾ ਆਖ ਗਏ ਸਨ ਪਰ ਬਦਕਿਸਮਤੀ ਨੂੰ ਸੰਦੀਪ ਸਿੰਘ ਨੰਗਲ ਅੰਬੀਆ ਵੀ ਆਪਣੀ ਭਰ ਜਵਾਨੀ ਵਿੱਚ ਆਪਣੇ 2 ਨੰਨ੍ਹੇ ਮੁੰਨੇ ਬੱਚੇ ਅਤੇ ਧਰਮ ਪਤਨੀ ਨੂੰ ਛੱਡ ਕੇ ਲੱਖਾਂ ਕਬੱਡੀ ਪ੍ਰੇਮੀਆਂ ਦੇ ਦਿਲਾਂ ਤੇ ਉੱਤੇ ਗਹਿਰੇ ਦੁੱਖ ਦੇ ਜਖ਼ਮ ਛੱਡ ਗਿਆ ਹੈ। ਸੰਦੀਪ ਸਿੰਘ ਨੰਗਲ ਅੰਬੀਆਂ ਦਾ ਕਤਲ ਕਿਵੇਂ ਹੋਇਆ ,ਕਿਸ ਨੇ ਕੀਤਾ,ਕਿਉਂ ਹੋਇਆ ਇਸ ਦਾ ਇਜ਼ਾਫਾ ਤਾਂ ਅਜੇ ਬਾਅਦ ਵਿੱਚ ਪਤਾ ਲੱਗੇਗਾ ਪਰ ਇਕ ਖਿਡਾਰੀ ਦੇ ਨਾਲ ਨਾਲ ਇਹ ਇਕ ਖੇਡ ਭਾਵਨਾ ਅਤੇ ਕਬੱਡੀ ਖੇਡ ਦੇ ਸਤਿਕਾਰ ਦਾ ਵੀ ਕਤਲ ਹੋਇਆ ਹੈ, ਇਸ ਨਾਲ ਕਬੱਡੀ ਖੇਡ ਨੂੰ ਵੀ ਵੱਡੇ ਪੱਧਰ ਤੇ ਢਾਹ ਲੱਗੇਗੀ ।

ਕਰਨਾ ਕਿਸੇ ਗਿਲੇ ਸਿਕਵੇ ਦਾ ਹੱਲ ਨਹੀਂ ਹੈ।ਦੁਨੀਆਂ ਦੀ ਸਭ ਤੋਂ ਮਕਬੂਲ ਅਤੇ ਦੇਖੀ ਜਾਣ ਵਾਲੀ ਖੇਡ ਫੁਟਬਾਲ ਹੈ ਪਰ ਉਸ ਵਿੱਚ ਖਿਡਾਰੀਆਂ ਦੇ ਇਸ ਤਰ੍ਹਾਂ ਕਤਲ ਜਾਂ ਖਿਡਾਰੀਆਂ ਦੀ ਬੇਕਦਰੀ ਨਹੀਂ ਹੁੰਦੀ ਹੈ। ਪਰਮਾਤਮਾ ਕਬੱਡੀ ਵਾਲਿਆਂ ਨੂੰ ਸੁਮੱਤ ਬਖਸ਼ੇ। ਅੱਜ ਪੂਰਾ ਖੇਡ ਜਗਤ ਸੰਦੀਪ ਨੰਗਲ ਅੰਬੀਆਂ ਦੀ ਮੌਤ ਦੇ ਸੋਗ ਵਿੱਚ ਡੁੱਬਿਆ ਹੋਇਆ ਹੈ ।

ਪਰ ਜਿਸ ਕੁੜੀ ਦਾ ਸੁਹਾਗ ਉੱਜੜ ਗਿਆ , ਜਿਸ ਦੇ ਸਿਰ ਦਾ ਸਾਈਂ ਚਲੇ ਗਿਆ ,ਨੰਨ੍ਹੇ ਮੁੰਨੇ ਬੱਚੇ ਬਾਪ ਤੋਂ ਯਤੀਮ ਹੋ ਗਏ ਹਨ , ਜਿਹੜੇ ਮਾਂ ਬਾਪ ਦਾ ਲਾਡਲਾ ਪੁੱਤ ਇਸ ਜਹਾਨੋਂ ਤੁਰ ਗਿਆ । ਜਿਸ ਪਰਿਵਾਰ ਦੀ ਜ਼ਿੰਦਗੀ ਹੀ ਇੱਕ ਹਨ੍ਹੇਰਾ ਬਣ ਗਈ ਹੈ। ਇਸ ਗੱਲ ਦਾ ਜਵਾਬ ਤਾਂ ਸ਼ਾਇਦ ਸੰਦੀਪ ਨੰਗਲ ਅੰਬੀਆਂ ਦੇ ਕਾਤਲਾਂ ਕੋਲ ਵੀ ਨਾ ਹੋਵੇ ਇਹ ਵੀ ਹੈ ਕਿ ਕੁਦਰਤ ਦੀ ਅਦਾਲਤ ਉਨ੍ਹਾਂ ਕਾਤਲਾਂ ਨੂੰ ਕਦੇ ਮੁਆਫ਼ ਨਹੀਂ ਕਰੇਗੀ ।ਕਬੱਡੀ ਖੇਡ ਵਿੱਚ ਖਿਡਾਰੀਆਂ ਤੇ ਗੋਲੀਆਂ ਚੱਲਣੀਆਂ ,ਖਿਡਾਰੀਆਂ ਦੇ ਕਤਲ ਹੋਣੇ ਬਹੁਤ ਹੀ ਮੰਦਭਾਗਾ ਹੈ। ਜੇਕਰ ਕਬੱਡੀ ਖੇਡ ਵਿੱਚ ਇਹ ਕੰਮ ਨਾ ਰੁਕਿਆ ਤਾਂ ਇਸ ਦੇ ਸਿੱਟੇ ਆਉਣ ਵਾਲੇ ਸਮੇਂ ਵਿੱਚ ਹੋਰ ਵੀ ਭਿਆਨਕ ਹੋਣਗੇ। ਪ੍ਰਮਾਤਮਾ ਸੰਦੀਪ ਸਿੰਘ ਨੰਗਲ ਅੰਬੀਆਂ ਨੂੰ ਆਪਣੇ ਚਰਨਾਂ ਵਿਚ ਨਿਵਾਸ ਦੇਵੇ ,ਕੌਡੀ ਦੇ ਰਖਵਾਲਿਆਂ ਨੂੰ ਅਜਿਹੀ ਸੋਝੀ ਦੇਵੇ ਕਿ ਇਹ ਕਬੱਡੀ ਖੇਡ , ਇੱਕ ਖੇਡ ਤਕ ਹੀ ਸੀਮਤ ਰਹੇ। ਕਬੱਡੀ ਖੇਡ ਦਾ ਅਤੇ ਕਬੱਡੀ ਖਿਡਾਰੀਆਂ ਦਾ ਰੱਬ ਹੀ ਰਾਖਾ ।

– ਜਗਰੂਪ ਸਿੰਘ ਜਰਖੜ

# ਕੌਮਾਂਤਰੀ ਕਬੱਡੀ ਖਿਡਾਰੀ ਸੰਦੀਪ ਦਾ ਗੈਂਗਸਟਰਾਂ ਵਲੋਂ ਕਤਲ



**ਮੱਲੀਆਂ ਕਲਾਂ–**ਬੀਤੇ ਦਿਨੀਂ ਪਿੰਡ ਮੱਲੀਆਂ ਖ਼ੁਰਦ ਵਿਖੇ ਚੱਲ ਰਹੇ ਕਬੱਡੀ ਟੂਰਨਾਮੈਂਟ ਦੌਰਾਨ ਅਣਪਛਾਤੇ ਹਥਿਆਰਬੰਦ ਵਿਅਕਤੀਆਂ ਵੱਲੋਂ ਤਾਬੜਤੋੜ ਗੋਲੀਆਂ ਚਲਾਈਆਂ ਗਈਆਂ ਜਿਸ ਨਾਲ ਕੌਮਾਂਤਰੀ ਕਬੱਡੀ ਖਿਡਾਰੀ ਸੰਦੀਪ ਨੰਗਲ ਅੰਬੀਆਂ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ ਜਿਸ ਨੂੰ ਤੁਰੰਤ ਛਾਬੜਾ ਹਸਪਤਾਲ ਨਕੋਦਰ ਵਿਖੇ ਲਿਜਾਇਆ ਗਿਆ ਜਿੱਥੇ ਇਸ ਖਿਡਾਰੀ ਦੀ ਮੌਤ ਹੋ ਗਈ। ਇਸ ਕਤਲ ਪਿਛੇ ਬਿਸ਼ਨੋਈ ਗੈਂਗ ਦਾ ਹਥ ਦਸਿਆ ਜਾ ਰਿਹਾ ਹੈ।

ਜਾਣਕਾਰੀ ਅਨੁਸਾਰ ਪਿੰਡ ਮੱਲੀਆਂ ਖ਼ੁਰਦ ਵਿਖੇ ਕਬੱਡੀ ਦਾ ਟੂਰਨਾਮੈਂਟ ਚੱਲ ਰਿਹਾ ਸੀ ਇਸ ਦੌਰਾਨ ਕੌਮਾਂਤਰੀ ਕਬੱਡੀ ਖਿਡਾਰੀ ਸੰਦੀਪ ਨੰਗਲ ਅੰਬੀਆਂ ਜੋ ਆਪਣੀ ਟੀਮ ਲੈ ਕੇ ਇੱਥੇ ਪੁੱਜਾ ਹੋਇਆ ਸੀ ਅਤੇ ਆਪਣਾ ਸਟੇਜ ਤੋਂ ਸਨਮਾਨ ਲੈ ਕੇ ਜਦੋਂ ਆਪਣੇ ਸਾਥੀਆਂ ਨਾਲ ਸੜਕ ’ਤੇ ਪੁੱਜਾ ਤਾਂ ਪਹਿਲਾਂ ਤੋਂ ਹੀ ਮੌਜੂਦ ਖੜ੍ਹੇ ਚਾਰ ਅਣਪਛਾਤੇ ਵਿਅਕਤੀਆਂ ਨੇ ਪਿਸਤੌਲਾਂ ਨਾਲ ਗੋਲੀਆਂ ਦੀ ਵਾਛੜ ਕਰ ਦਿੱਤੀ ਜੋ ਕਿ ਕਬੱਡੀ ਖਿਡਾਰੀ ਸੰਦੀਪ ਦੇ ਸਿਰ ਵਿੱਚ ਲੱਗੀਆਂ ਜੋ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ ਇਸ ਦੇ ਨਾਲ ਹੀ ਇਕ ਵਿਅਕਤੀ ਜਤਿਨ ਮੱਲ੍ਹੀਆਂ ਖੁਰਦ ਉਸ ਦੀ ਲੱਤ ਵਿੱਚ ਗੋਲੀ ਲੱਗੀ ਜਿਸ ਨੂੰ ਕਮਲ ਹਸਪਤਾਲ ਨਕੋਦਰ ਵਿਖੇ ਦਾਖ਼ਲ ਕਰਵਾਇਆ ਗਿਆ ਹੈ ਤੇ ਇਕ ਹੋਰ ਵਿਅਕਤੀ ਪ੍ਰਤਾਪ ਸਿੰਘ ਵਾਸੀ ਹੁੰਦਲ ਢੱਡਾ ਦੇ ਵੀ ਛਾਤੀ ਦੇ ਕੋਲ ਸ਼ਰਾ ਲੱਗ ਕੇ ਨਿਕਲ ਗਿਆ ਜੋ ਮਾਮੂਲੀ ਫੱਟੜ ਹੋਇਆ। ਗੋਲੀ ਚੱਲਣ ਦੀ ਆਵਾਜ਼ ਸੁਣ ਕੇ ਹਫੜਾ ਦਫੜੀ ਵਿੱਚ ਸਟੈਂਡ ਤੇ ਬੈਠੇ ਵਿਅਕਤੀ ਥੱਲੇ ਡਿੱਗਣ ਨਾਲ ਜ਼ਖ਼ਮੀ ਹੋ ਗਏ। ਗੋਲੀਆਂ ਚਲਾਉਣ ਉਪਰੰਤ ਹਮਲਾਵਰ ਜੋ ਕਿ ਚਿੱਟੀ ਸਵਿਫਟ ਕਾਰ ਦੇ ਵਿਚ ਆਏ ਸਨ ਪਿੰਡ ਗਿੱਲਾਂ ਵੱਲ ਨੂੰ ਗੱਡੀ ਵਿੱਚ ਬੈਠ ਕੇ ਫ਼ਰਾਰ ਹੋ ਗਏ। ਐਸਐਚਓ ਪਰਮਿ-ਦਰ ਸਿੰਘ ਨੇ ਕਿਹਾ ਕਿ ਹਮਲਾਵਰਾਂ ਨੂੰ ਜਲਦੀ ਟਰੇਸ ਕਰ ਲਿਆ ਜਾਵੇਗਾ। ਘਟਨਾ ਸਥਾਨ ਤੋਂ ਪੁਲੀਸ ਨੇ ਦਸ ਬਾਰਾਂ ਦੇ ਕਰੀਬ ਰਿਵਾਲਵਰ ਚੋਂ ਚਲੇ ਖਾਲੀ ਰੌਂਦ ਬਰਾਮਦ ਕੀਤੇ ਹਨ। ਇਸ ਉਪਰੰਤ ਪ੍ਰਬੰਧਕਾਂ ਨੂੰ ਆਪਣਾ ਟੂਰਨਾਮੈਂਟ ਵੀ ਸਮਾਪਤ ਕਰਨਾ ਪਿਆ। ਟੂਰਨਾਮੈਂਟ ਦੇ ਪ੍ਰਬੰਧਕਾਂ ਅਤੇ ਨਗਰ ਨਿਵਾਸੀਆਂ ਨੇ ਇਸ ਘਟਨਾ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਪੁਲਸ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਹਮਲਾਵਰਾਂ ਨੂੰ ਜਲਦੀ ਤੋਂ ਜਲਦੀ ਗ੍ਰਿਫਤਾਰ ਕੀਤਾ ਜਾਵੇ।

**ਨਾਰਥ ਇੰਡੀਆ ਕਬੱਡੀ ਫੈਡਰੇਸ਼ਨ ਨੇ ਸਾਰੇ ਕਬੱਡੀ ਟੂਰਨਾਮੈਂਟ ਕੀਤੇ ਰੱਦ**

ਕਬੱਡੀ ਖਿਡਾਰੀ ਸੰਦੀਪ ਨੰਗਲ ਅੰਬੀਆਂ ਦੀ ਮੌਤ ਤੋਂ ਬਾਅਦ ਨਾਰਥ ਇੰਡੀਆ ਕਬੱਡੀ ਫੈਡਰੇਸ਼ਨ ਨੇ ਆਉਣ ਵਾਲੇ ਦਿਨਾਂ ਲਈ ਸਾਰੇ ਕਬੱਡੀ ਟੂਰਨਾਮੈਂਟ ਰੱਦ ਕਰ ਦਿੱਤੇ ਹਨ। ਫੈਡਰੇਸ਼ਨ ਦੇ ਪ੍ਰਧਾਨ ਸੁਰਜਨ ਸਿੰਘ ਚੱਠਾ ਨੇ ਦੱਸਿਆ ਕਿ ਸੰਦੀਪ ਨੰਗਲ ਅੰਬੀਆਂ ਦੀ ਮੌਤ ਨਾਲ ਖੇਡ ਜਗਤ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਉਨ੍ਹਾਂ ਮੰਗ ਕੀਤੀ ਕਿ ਸੰਦੀਪ ਦਾ ਕਤਲ ਕਰਨ ਵਾਲੇ ਦੋਸ਼ੀਆਂ ਨੂੰ ਜਲਦ ਤੋਂ ਜਲਦ ਫੜ੍ਹਿਆ ਜਾਵੇ।

# ਕਾਲੇ ਵਿਦਿਆਰਥੀਆਂ ਦੀ ਝੂਠੀ ਮੂਠੀ ਨਿਲਾਮੀ ਰਾਹੀਂ ਵਿਕਰੀ ਦੇ ਮਾਮਲੇ ਸਾਹਮਣੇ ਆਉਣ ਤੋਂ ਬਾਅਦ ਮਾਪੇ ਹੋਏ ਪ੍ਰੇਸ਼ਾਨ




**ਸੈਕਰਾਮੈਂਟੋ 16 ਮਾਰਚ (ਹੁਸਨ ਲੜੋਆ ਬੰਗਾ)** ਨਸਲੀ ਆਧਾਰ 'ਤੇ ਵਿਦਿਆਰਥੀਆਂ ਦੀ ਝੂਠੀ ਮੂਠੀ ਨਿਲਾਮੀ ਰਾਹੀਂ ਵਿਕਰੀ ਦੇ ਮਾਮਲੇ ਸਾਹਮਣੇ ਆਉਣ ਤੋਂ ਬਾਅਦ ਨਾਰਥ ਕੈਰੋਲੀਨਾ ਦੇ ਇਕ ਸਕੂਲ ਬੋਰਡ ਨੇ ਸਰਬਸੰਮਤੀ ਨਾਲ ਕਾਰਵਾਈ ਯੋਜਨਾ ਬਣਾਉਣ ਨੂੰ ਪ੍ਰਵਾਨਗੀ ਦਿੱਤੀ ਹੈ। ਮਾਪਿਆਂ ਤੇ ਸਮਾਜ ਦੇ ਹੋਰ ਲੋਕਾਂ ਨੇ ਜਿਲੇ ਦੇ ਸਕੂਲਾਂ ਵਿਚ ਵਿਦਿਆਰਥੀਆਂ ਵੱਲੋਂ ਨਸਲੀ ਆਧਾਰ 'ਤੇ ਆਪਣੇ ਸਿਆਹ-ਫਾਮ ਸਾਥੀਆਂ ਦੀਆਂ ਬੋਲੀਆਂ ਦੇ ਮਾਮਲੇ ਸਾਹਮਣੇ ਆਉਣ ਤੋਂ ਬਾਅਦ ਚਥਮ ਕਾਊਂਟੀ ਸਕੂਲ ਡਿਸਟ੍ਰਿਕਟ ਤੋਂ ਇਸ ਸਬੰਧੀ ਕੋਈ ਕਾਰਗਰ ਯੋਜਨਾ ਬਣਾਉਣ ਦੀ ਮੰਗ ਕੀਤੀ ਹੈ।

ਐਸ਼ਲੇ ਪਲਮਰ ਨੇ ਫੇਸ ਬੁੱਕ ਉਪਰ ਪਾਈ ਇਕ ਪੋਸਟ ਵਿਚ ਕਿਹਾ ਹੈ ਕਿ ਜੇ ਐਸ ਵਾਟਰਜ ਸਕੂਲ ਵਿਚ 8 ਵੀਂ ਸ਼੍ਰੇਣੀ ਵਿਚ ਪੜਦੇ ਉਸ ਦੇ ਸਿਆਹਫਾਮ ਪੁੱਤਰ ਨੇ ਦੱਸਿਆ ਕਿ ਉਸ ਦੀ ਕਲਾਸ ਦੇ ਕੁਝ ਵਿਦਿਆਰਥੀਆਂ ਨੂੰ ਗੁਲਾਮਾਂ ਦੀ ਝੂਠੀ ਮੂਠੀ ਨਿਲਾਮੀ ਰਾਹੀਂ ਵੇਚਿਆ ਗਿਆ।

ਪਲਮਰ ਅਨੁਸਾਰ ਉਸ ਦੇ ਪੁੱਤਰ ਨੂੰ ਵੀ ਇਸ ਅਣਸੁਖਾਵੇਂ ਤਜ਼ਰਬੇ ਵਿਚੋਂ ਲੰਘਣਾ ਪਿਆ ਹੈ। ਸਿਆਹਫਾਮ ਵਿਦਿਆਰਥੀਆਂ ਨੇ ਇਸ ਵਿਰੁੱਧ ਰੋਸ ਪ੍ਰਦਰਸ਼ਨ ਵੀ ਕੀਤਾ ਹੈ। ਪਲਮਰ ਨੇ ਪਾਈ ਪੋਸਟ ਵਿਚ ਹੋਰ ਕਿਹਾ ਹੈ ਕਿ ਨਿਲਾਮੀ ਵਿਚ ਸ਼ਾਮਿਲ ਵਿਦਿਆਰਥੀਆਂ ਨੂੰ ਇਕ ਦਿਨ ਲਈ ਸਕੂਲ ਵਿਚੋਂ ਮੁਅਤਲ ਕੀਤਾ ਗਿਆ ਪਰੰਤੂ ਇਸ ਦਾ ਵਿਦਿਆਰਥੀਆਂ ਉਪਰ ਕੋਈ ਅਸਰ ਨਹੀਂ ਪਿਆ ਹੈ ਤੇ ਉਸ ਦੇ ਪੁੱਤਰ ਨੂੰ ਨਿਰੰਤਰ ਪ੍ਰੇਸ਼ਾਨੀ ਦੇ ਹਾਲਾਤ ਵਿਚੋਂ ਲੰਘਣਾ ਪੈ ਰਿਹਾ ਹੈ।

****






# ਪਿੰਡ ਈਸ਼ਰਵਾਲ 'ਚ ਥਿੰਦ ਆਈ ਹਸਪਤਾਲ ਦੇ ਸਹਿਯੋਗ ਨਾਲ 'ਆਸਰਾ ਫਾਊਂਡੇਸ਼ਨ' ਨੇ ਲਗਾਇਆ ਅੱਖਾਂ ਦਾ ਮੁਫ਼ਤ ਜਾਂਚ ਕੈਂਪ

## ਡਾ ਪਰਮਿੰਦਰ ਸਿੰਘ 'ਤੇ ਟੀਮ ਦੇ ਸਹਿਯੋਗ ਲਈ ਧੰਨਵਾਦੀ ਹਾਂ- ਅਰਵਿੰਦਰ ਸਿੰਘ ਲਾਖਨ





**ਜਲੰਧਰ (ਕੁਲਵੀਰ ਹੇਅਰ)–** ਮਾਨਵਤਾ ਦੀ ਸੇਵਾ ਲਈ ਵਿਸ਼ੇਸ਼ ਯੋਗਦਾਨ ਦੇ ਰਹੀ ਸਮਾਜ ਸੇਵੀ ਐਨਜੀਓ ਆਸਰਾ ਫਾਊਂਡੇਸ਼ਨ ਵਲੋਂ ਅੱਜ ਈਸ਼ਰਵਾਲ ਪਿੰਡ ਵਿਖੇ ਅੱਖਾਂ ਦਾ ਮੁਫ਼ਤ ਜਾਂਚ ਕੈਂਪ ਲਗਾਇਆ ਗਿਆ। ਇਸ ਦੌਰਾਨ ਕਰੀਬ 250 ਤੋਂ ਲੋਕਾਂ ਨੇ ਕੈਂਪ ਦਾ ਲਾਭ ਲਿਆ। ਇਸ ਸੰਬੰਧ ਵਿਚ ਜਾਣਕਾਰੀ ਦਿੰਦੇ ਹੋਏ ਸੰਸਥਾ ਦੇ ਸੰ-ਸਥਾਪਕ ਅਰਵਿੰਦਰ ਸਿੰਘ ਲਾਖਨ ਨੇ ਦੱਸਿਆ ਕਿ ਥਿੰਦ ਆਈ ਹਸਪਤਾਲ ਅਤੇ ਆਸਰਾ ਐਨ।ਜੀ।ਓ। ਵਲੋਂ ਪਿੰਡ ਈਸ਼ਰਵਾਲ ਵਿਖੇ ਅੱਖਾਂ ਦਾ ਮੁਫ਼ਤ ਜਾਂਚ ਕੈਂਪ ਲਗਾਇਆ ਗਿਆ। ਇਸ ਮੌਕੇ 'ਤੇ ਪ੍ਰਵਾਸੀ ਪੰਜਾਬੀਆਂ ਅਤੇ ਸਮੂਹ ਨਗਰ ਨਿਵਾਸੀ (ਸੰਸਥਾ) ਅਤੇ ਪਿੰਡ ਦੀ ਸਰਪੰਚ ਆਸ਼ਾ ਕੁਮਾਰੀ ਵਲੋਂ ਆਸਰਾ ਫਾਊਂਡੇਸ਼ਨ ਇੰਟਰਨੈਸ਼ਨਲ ਐਨ।ਜੀ।ਓ ਦੀ ਸਮੂਹ ਕਾਰਜਕਾਰਣੀ ਦਾ ਨਿੱਘਾ ਸਵਾਗਤ ਕੀਤਾ ਗਿਆ ਅਤੇ ਸੰਸਥਾ ਦੇ ਨਿਰਦੇਸ਼ਕ ਨੂੰ ਯਾਦਗਾਰੀ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਕੈਂਪ ਵਿਚ ਥਿੰਦ ਆਈ ਹਸਪਤਾਲ ਤੋਂ ਅੱਖਾਂ ਦੇ ਮਾਹਿਰ ਡਾ ਪਰਮਿੰਦਰ ਸਿੰਘ ਨੇ ਆਪਣੀ ਟੀਮ ਨਾਲ ਲੋੜਵੰਦਾਂ ਦੀ ਜਾਂਚ ਕੀਤੀ। ਸੰਸਥਾ ਵਲੋਂ ਲੋੜਵੰਦਾਂ ਨੂੰ ਮੁਫ਼ਤ ਦਵਾਈਆਂ ਵੀ ਦਿੱਤੀਆਂ। ਕੈਂਪ ਦੇ ਮੌਕੇ 'ਤੇ ਡਾ। ਪਰਮਿੰਦਰ ਸਿੰਘ ਨੇ ਸਾਰਿਆਂ ਨੂੰ ਅੱਖਾਂ ਦੇ ਵੱਖ-ਵੱਖ ਰੋਗਾਂ ਬਾਰੇ ਸਾਵਧਾਨੀ ਵਰਤਣ ਲਈ ਪ੍ਰੇਰਿਤ ਕੀਤਾ ਗਿਆ। ਡਾ। ਸਿੰਘ ਨੇ ਬਚਿੱਆਂ ਨੂੰ ਉਚੇਚੇ ਤੌਰ 'ਤੇ ਮੋਬਾਈਲ ਅਤੇ ਕੰਪਿਊਟਰ ਚਲਾਉਣ ਸਮੇ ਸਾਵਧਾਨੀਆਂ ਵਰਤਣ ਅਤੇ ਕੋਰੋਨਾ ਮਹਾਂਮਾਰੀ ਨੂੰ ਦੇਖਦੇ ਹੋਏ ਮਾਸਕ ਲਗਾਉਣ, ਦੋ ਗਜ਼ ਦੀ ਦੂਰੀ ਅਤੇ ਸੈਣੀ ਟਾਇਜ਼ਰ ਦੀ ਵਰਤੋਂ ਕਰਨ ਦੀ ਵੀ ਅਪੀਲ ਕੀਤੀ। ਇਸ ਮੌਕੇ 'ਤੇ ਸੰਸਥਾ ਦੇ ਨਿਰਦੇਸ਼ਕ ਜੋਗਿੰਦਰ ਸਿੰਘ, ਸੁਰਿੰਦਰ ਖੁਰਾਣਾ, ਰਵਿੰਦਰ ਕੌਰ, ਜਤਿੰਦਰ ਸਿੰਘ, ਰਸ਼ਮਿੰਦਰ ਸਿੰਘ, ਵਰਿੰਦਰ ਸਿੰਘ ਨਰਵਾਲ, ਸ਼ਵਿੰਦਰ ਕੌਰ ਪਰਮਾਰ ਆਦਿ ਮੁੱਖ ਤੌਰ 'ਤੇ ਹਾਜ਼ਰ ਹੋਏ।

# ਸ਼ਹੀਦ ਭਗਤ ਸਿੰਘ ਤੇ ਸਾਥੀਆਂ ਦੀ ਸ਼ਹੀਦੀ ਨੂੰ ਸਮਰਪਿਤ ਫਰਿਜ਼ਨੋਂ ਵਿਖੇ ਸ਼ਹੀਦੀ ਸਮਾਗਮ 27 ਨੂੰ

## ਫੋਰਮ ਦਾ ਸਲਾਨਾ ਮੇਲਾ ਗਦਰੀ ਬਾਬਿਆਂ ਦਾ 15 ਮਈ ਨੂੰ

**ਫਰਿਜ਼ਨੋਂ (ਕੁਲਵੀਰ ਹੇਅਰ) –** ਇੰਡੋ ਅਮੈਰਕਿਨ ਹੈਰੀਟੇਜ ਫੋਰਮ ਫਰਿਜ਼ਨੋਂ ਵਲੋਂ ਸ਼ਹੀਦ ਭਗਤ ਸਿੰਘ, ਸ਼ਹੀਦ ਰਾਜਗੁਰੂ ਅਤੇ ਸ਼ਹੀਦ ਸੁਖਦੇਵ ਦੀਆਂ ਸ਼ਹਾਦਤਾਂ ਸਬੰਧੀ ਸ਼ਹੀਦੀ ਸਮਾਗਮ 27 ਮਾਰਚ, ਦਿਨ ਐਤਵਾਰ ਨੂੰ ਦੁਪਹਿਰ 2 ਤੋਂ 5 ਵਜੇ ਤੱਕ ਇੰਡੀਆ ਓਵਨ ਰੈਸਟੋਰੈਂਟ ਵਿਖੇ ਕਰਵਾਇਆ ਜਾ ਰਿਹਾ ਹੈ।



ਇਸ ਸਬੰਧੀ ਫੋਰਮ ਦੇ ਉਪ ਪ੍ਰਧਾਨ ਨਵਦੀਪ ਧਾਲੀਵਾਲ ਨੇ ਜਾਣਕਾਰੀ ਦਿ-ਦਿਆਂ ਦੱਸਿਆ ਕਿ ਇਸ ਸ਼ਹੀਦੀ ਸਮਾਗਮ ਵਿਚ ਬੱਚਿਆਂ ਤੋਂ ਇਲਾਵਾ ਉੱਚ ਕੋਟੀ ਦੇ ਬੁਲਾਰੇ ਪਹੁੰਚ ਰਹੇ ਹਨ ਜੋ ਸ਼ਹੀਦਾਂ ਦੇ ਜੀਵਨ ਅਤੇ ਸੰਘਰਸ਼ ਸਬੰਧੀ ਜਾਣਕਾਰੀ ਦੇਣਗੇ। ਇਸ ਮੌਕੇ ਸਥਾਨਕ ਕਲਾਕਾਰਾਂ ਵਲੋਂ ਸ਼ਹੀਦਾਂ ਨੂੰ ਗੀਤਾਂ ਰਾਹੀਂ ਸ਼ਰਧਾਂਜਲੀਆਂ ਦਿੱਤੀਆਂ ਜਾਣਗੀਆਂ। ਉਨਾਂ ਕਿਹਾ ਕਿ ਆਓ ਸਾਰੇ ਪਰਿਵਾਰਾਂ ਸਮੇਤ ਪਹੁੰਚ ਕੇ ਦੇਸ਼ ਦੇ ਮਹਾਨ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰੀਏ। ਉਨਾਂ ਅੱਗੇ ਦੱਸਿਆ ਕਿ ਇਸ ਸਾਲ ਦਾ ਸਲਾਨਾ ਮੇਲਾ ਗਦਰੀ ਬੱਬਿਓਂ ਦੱ ਜੋ ਫੋਰਮ ਵਲੋਂ ਹਰ ਸਾਲ ਕਰਵਾਇਆ ਜਾਂਦਾ ਹੈ, 15 ਮਈ ਨੂੰ ਰੱਖਿਆ ਗਿਆ ਹੈ ਜਿਸ ਸਬੰਧੀ ਹੋਰ ਜਾਣਕਾਰੀ ਆਉਣ ਵਾਲੇ ਦਿਨਾਂ ਵਿਚ ਜਾਰੀ ਕੀਤੀ ਜਾਵੇਗੀ। 27 ਮਾਰਚ ਦੇ ਸਮਾਗਮ ਵਿਚ ਚਾਹ ਪਾਣੀ ਦਾ ਖਾਸ ਪ੍ਰਬੰਧ ਕੀਤਾ ਗਿਆ ਹੈ। ਹੋਰ ਜਾਣਕਾਰੀ ਲਈ ਨਵਦੀਪ ਧਾਲੀਵਾਲ ਨਾਲ 559-287-0822 ਤੇ ਸੰਪਰਕ ਕੀਤਾ ਜਾ ਸਕਦਾ ਹੈ।

NSB Insurance
NIRMAL SINGH BADHAN
for Insurance Call:
NIRMAL SINGH BADHAN
707-228-2020
HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS

Call: 707-228-2020,
Fax: 707-260-2813
Lic #0144676
www.nsbinsures.com
1519 Gary CT., Rohnert Park, CA 94928

RE/MAX® Gold
Each Office Independently Owned and Operated
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ
Dil Nijjar REALTOR ®
CalBRE # 01418648
Honesty Starts From Here
SELL OR BUY
Residential • Business • Commercial
Lease • Investment Property and Land
Serving in Greater Sacramento area since 2004
Cell: 916-628-2210
Fax: 916-745-3424
Office: 916-285-1000
Email : Dil.Realtor@gmail.com

2081 Arena Blvd # 100 Sacramento, CA 95834

# 'ਹੋਲੀ ਤੇ ਹੋਲੇ ਮਹੱਲੇ ਦੀ ਇਤਿਹਾਸਕਤਾ ਤੇ ਪ੍ਰਭਾਵ'



ਪ੍ਰੋ: ਐਚ.ਐਲ.ਕਪੂਰ

ਹੋਲਾ ਮਹੱਲਾ ਇਕ ਸਿੱਖ ਤਿਉਹਾਰ ਹੈ ਜੋ ਭਾਰਤ ਦੇ ਪੰਜਾਬ ਖੇਤਰ ਵਿਚ ਆਨੰਦਪੁਰ ਸਾਹਿਬ ਵਿਖੇ ਮਨਾਇਆ ਜਾਂਦਾ ਹੈ। ਸਿੱਖ ਧਰਮ ਇਕ ਸੁਤੰਤਰ ਵਿਸ਼ਵਾਸ ਹੈ ਜੋ ਭਾਰਤ ਵਿਚ ਪੰਦਰਵੀਂ ਸਦੀ ਦੌਰਾਨ ਵਿਕਸਤ ਹੋਇਆ ਸੀ। ਸਿੱਖ ਸ਼ਬਦ ਸੰਸਕ੍ਰਿਤ ਦੇ ਸ਼ਬਦ ਸ਼ਿਸ਼ਯ ਤੋਂ ਆਇਆ ਹੈ, ਜਿਸ ਦਾ ਅਰਥ ਹੈ ਚੇਲਾ ਜਾਂ ਵਿਦਿਆਰਥੀ। ਸਿੱਖਾਂ ਦਾ ਮੰਨਣਾ ਹੈ ਕਿ ਪ੍ਰਮਾਤਮਾ ਮੂਲ ਗੁਰੂ ਸੀ ਭਾਵ ਗੁਰੂ ਦਾ ਅਰਥ ਹੈ ਬ੍ਰਹਮ ਪ੍ਰੇਰਿਤ ਪੈਗੰਬਰ ਜਾਂ ਅਧਿਆਪਕ ਅਤੇ ਉਸ ਨੇ ਆਪਣਾ ਸੰਦੇਸ਼ ਗੁਰੂ ਨਾਨਕ ਦੇਵ ਜੀ ਪਹਿਲੇ ਸਿੱਖ ਗੁਰੂ, ਨੂੰ ਪ੍ਰਗਟ ਕਰਨ ਲਈ ਚੁਣਿਆ ਸੀ। ਸਿੱਖ ਵਿਸ਼ਵਾਸ ਕਰਦੇ ਹਨ ਕਿ ਉਹਨਾਂ ਦੇ ਗੁਰੂ ਲੋਕਾਂ ਨੂੰ ਸਚਾਈ ਵੱਲ ਅਗਵਾਈ ਕਰਨ ਲਈ ਰੱਬ ਦੁਆਰਾ ਭੇਜੇ ਗਏ ਪੈਗੰਬਰ ਸਨ। ਉਹ ਵੱਖ-ਵੱਖ ਜਾਤਾਂ ਦੇ ਲੋਕਾਂ ਵਿਚ ਸਮਾਨਤਾ 'ਤੇ ਜ਼ੋਰ ਦਿੰਦੇ ਹਨ, ਕਿਰਤ ਕਰਨੀ ਜੋ ਕਿ ਇਕ ਸਿਧਾਂਤ ਹੈ, ਦਾ ਅਭਿਆਸ ਕਰਦੇ ਹਨ ਅਤੇ ਦਾਨ ਦੇ ਸਿਧਾਂਤ ਦੀ ਪਾਲਣਾ ਕਰਦੇ ਹਨ।

ਹੋਲਾ ਮਹੱਲਾ, ਜਿਸ ਨੂੰ ਹੋਲਾ ਵੀ ਕਿਹਾ ਜਾਂਦਾ ਹੈ, ਇਕ ਤਿੰਨ ਦਿਨਾਂ ਲੰਬਾ ਸਿੱਖ ਤਿਉਹਾਰ ਹੈ ਜੋ ਆਮ ਤੌਰ 'ਤੇ ਮਾਰਚ ਵਿਚ ਪੈਂਦਾ ਹੈ ਅਤੇ ਹਿੰਦੂ ਬਸੰਤ ਤਿਉਹਾਰ ਹੋਲੀ ਦੇ ਇਕ ਦਿਨ ਬਾਅਦ, ਚੇਤ ਦੇ ਚੰਦਰ ਮਹੀਨੇ ਦੇ ਦੂਜੇ ਦਿਨ ਹੁੰਦਾ ਹੈ ਪਰ ਇਹ ਹੋਲੀ ਨਾਲ ਵੀ ਮੇਲ ਖਾਂਦਾ ਹੈ। ਹੋਲਾ ਮਹੱਲਾ ਦੁਨੀਆਂ ਭਰ ਦੇ ਸਿੱਖਾਂ ਲਈ ਇਕ ਵੱਡਾ ਤਿਉਹਾਰ ਹੈ। ਆਨੰਦਪੁਰ ਸਾਹਿਬ ਵਿਖੇ ਹੋਲੀ ਅਤੇ ਹੋਲੇ ਦੇ ਦੌਰਾਨ ਲੱਗਣ ਵਾਲਾ ਮੇਲਾ ਰਵਾਇਤੀ ਤੌਰ 'ਤੇ ਤਿੰਨ ਦਿਨਾਂ ਦਾ ਸਮਾਗਮ ਹੁੰਦਾ ਹੈ ਪਰ ਭਾਗੀਦਾਰੀ ਇਕ ਹਫਤੇ ਲਈ ਆਨੰਦਪੁਰ ਸਾਹਿਬ ਵਿਚ ਹਾਜ਼ਰੀ ਭਰਦੇ ਹਨ, ਬਾਹਰ ਕੈਂਪਿੰਗ ਕਰਦੇ ਹਨ ਅਤੇ ਲੜਾਈ ਦੇ ਹੁਨਰ ਅਤੇ ਬਹਾਦਰੀ ਦੇ ਵੱਖ-ਵੱਖ ਪ੍ਰਦਰਸ਼ਨਾਂ ਦਾ ਆਨੰਦ ਲੈਂਦੇ ਹਨ ਅਤੇ ਕੀਰਤਨ, ਸੰਗੀਤ ਅਤੇ ਕਵਿਤਾ ਸੁਣਦੇ ਹਨ। ਭੋਜਨ ਲਈ ਜੋ ਸਿੱਖ ਸੰਸਥਾ ਦਾ ਇਕ ਅਨਿੱਖੜਵਾਂ ਅੰਗ ਹੈ, ਸੈਲਾਨੀ ਪੰਗਤਾਂ ਵਿਚ ਇਕੱਠੇ ਬੈਠਦੇ ਹਨ ਅਤੇ ਲੰਗਰਾਂ ਦਾ ਸ਼ਾਕਾਹਾਰੀ ਭੋਜਨ ਖਾਂਦੇ ਹਨ। ਇਹ ਸਮਾਗਮ ਹੋਲਾ ਮੁਹੱਲਾ ਦੇ ਦਿਨ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਨੇੜੇ ਇਕ ਲੰਮੇ, ਫੌਜੀ ਸ਼ੈਲੀ' ਦੇ ਜਲੂਸ ਦੇ ਨਾਲ ਸਮਾਪਤ ਹੁੰਦਾ ਹੈ, ਜੋ ਸਿੱਖਾਂ ਦੇ ਸਥਾਈ ਅਥਾਰਟੀ ਦੀਆਂ ਪੰਜ ਸੀਟਾਂ ਵਿਚੋਂ ਇਕ ਹੈ।

ਭਾਈ ਕਾਹਨ ਸਿੰਘ ਜੀ ਨਾਭਾ, ਜਿਨ੍ਹਾਂ ਨੇ 20ਵੀਂ ਸਦੀ ਦੇ ਅੰਤ ਵਿਚ ਮਹਾਨ ਕੋਸ਼ ਜਿਸਨੂੰ ਪਹਿਲਾ ਸਿੱਖ ਵਿਸ਼ਵਕੋਸ਼ ਵੀ ਕਿਹਾ ਜਾਂਦਾ ਹੈ, ਦਾ ਸੰਕਲਨ ਕੀਤਾ, ਨੇ ਸਮਝਾਇਆ ਹੈ ਕਿ ਹੋਲਾ ਸ਼ਬਦ ਹੱਲਾ (ਇਕ ਫੌਜੀ ਦੋਸ਼) ਤੋਂ ਲਿਆ ਗਿਆ ਹੈ ਅਤੇ ਮਹੱਲਾ ਸ਼ਸ਼ਦ ਸੰਗਠਿਤ ਜਲੂਸ ਜਾਂ ਫੌਜ ਲਈ ਹੈ। ਸ਼ਬਦ 'ਹੋਲਾ ਮਹੱਲਾ' ਦਾ ਮਤਲਬ ਹੋਵੇਗਾ 'ਫੌਜ ਦਾ ਚਾਰਜ'। ਡਾ. ਐਮ. ਐਸ. ਆਹਲੂਵਾਲੀਆ ਨੋਟ ਕਰਦੇ ਹਨ ਕਿ ਸਬੰਧਤ ਪੰਜਾਬੀ ਸ਼ਬਦ ਮਹਲੀਆ ਜੋ ਕਿ ਮੂਲ ਹਲ ਤੋਂ ਲਿਆ ਗਿਆ ਸੀ, ਜਿਸ ਦਾ ਅਰਥ ਹੈ ਉਤਰਨਾ 'ਇਕ ਫੌਜੀ ਕਾਲਮ ਦੇ ਰੂਪ ਵਿਚ ਇਕ ਸੰਗਠਿਤ ਜਲੂਸ ਜਿਸ ਵਿਚ ਜੰਗੀ ਢੋਲ ਅਤੇ ਮਿਆਰੀ-ਧਾਰਕਾਂ ਦੇ ਨਾਲ ਹੁੰਦਾ ਹੈ ਅਤੇ ਇਕ ਦਿੱਤੇ ਸਥਾਨ ਵੱਲ ਵਧਣਾ ਜਾਂ ਇਕ ਗਜ ਤੋਂ ਦੂਜੇ ਗਜ ਵਿਚ ਜਾਣਾ।' ਹੋਲਾ ਇਕ ਸੰਸਕ੍ਰਿਤ ਸ਼ਸ਼ਦ ਹੈ ਜਿਸ ਦਾ ਅਰਥ ਹੋਲੀ ਤੋਂ ਵੱਖਰਾ ਕੀਤਾ ਗਿਆ ਹੈ, ਰੰਗਾਂ ਦਾ ਹਿੰਦੂ 'ਬਸੰਤ ਤਿਉਹਾਰ' ਹੋਲੀ ਜੋ ਕਿ ਹੋਲਾ ਮੁਹੱਲਾ ਤੋਂ ਇਕ ਦਿਨ ਪਹਿਲਾਂ ਹੁੰਦਾ ਹੈ।

ਹੋਲਾ ਮਹੱਲਾ ਦਾ ਤਿਉਹਾਰ ਹੋਲੀ ਦੇ 'ਬਸੰਤ ਤਿਉਹਾਰ' 'ਤੇ ਉਸਰਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਪ੍ਰਮਾਤਮਾ ਦੀ ਸੇਵਾ ਕਰਕੇ ਹੋਲੀ ਦਾ ਤਿਉਹਾਰ ਮਨਾਉਣ ਦੇ ਹਵਾਲੇ ਦਿੱਤੇ ਗਏ ਹਨ। ਹੋਲੀ ਦੇ ਰੰਗ ਪ੍ਰਭੂ ਦੇ ਪਿਆਰ ਵਿਚ ਪ੍ਰਗਟ ਹੁੰਦੇ ਹਨ। ਜਿਵੇਂ ਕਿ ਹੋਲੀ ਫੱਗਣ ਜਾਂ ਫੱਗਣ ਦੀ ਪੂਰਨਮਾਸ਼ੀ ਦੀ ਰਾਤ ਨੂੰ ਹੋਲਿਕਾ ਦਹਿਨ ਨਾਲ ਸ਼ੁਰੂ ਹੁੰਦੀ ਹੈ, ਹੋਲੀ ਦੇ ਤਿਉਹਾਰ ਨੂੰ 'ਫੱਗਣ ਦੇ ਤਿਉਹਾਰ' ਵਜੋਂ ਵੀ ਜਾਣਿਆ ਜਾਂਦਾ ਹੈ, ਭਾਵੇਂ ਕਿ ਹੋਲੀ ਦਾ ਅਸਲ ਦਿਨ ਚੇਤ ਦੇ ਚੰਦਰ ਮਹੀਨੇ ਦੇ ਪਹਿਲੇ ਦਿਨ ਆਉਂਦਾ ਹੈ। ਪਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਕ ਮਾਰਸ਼ਲ ਤੱਤ ਜੋੜ ਕੇ ਹੋਲੀ ਮਨਾਣ ਦੀ ਇਸ ਵਿਧੀ 'ਤੇ ਬਣਾਇਆ ਅਤੇ ਹੋਲੀ ਦੇ ਇਕ ਦਿਨ ਬਾਅਦ ਮਨਾਉਣ ਲਈ ਹੋਲਾ ਮੁਹੱਲਾ ਬਣਾਇਆ।

ਗੁਰੂ ਗੋਬਿੰਦ ਸਿੰਘ ਜੀ, ਸਿੱਖਾਂ ਦੇ ਮਨੁੱਖੀ ਗੁਰੂਆਂ ਵਿਚੋਂ ਦਸਵੇਂ ਅਤੇ ਆਖਰੀ ਗੁਰੂ ਸਨ, ਨੇ 1680 ਵਿਚ ਪ੍ਰਸਿੱਧ ਹਿੰਦੂ ਤਿਉਹਾਰ ਦੇ ਬਦਲ ਵਜੋਂ ਹੋਲਾ ਮੁਹੱਲਾ ਦੀ ਸਥਾਪਨਾ ਕੀਤੀ। ਉਨ੍ਹਾਂ ਨੇ ਸਿੱਖਾਂ ਦੇ ਹੋਲੀ ਦੇ ਤਿਉਹਾਰ ਵਿਚ ਹਿੱਸਾ ਲੈਣ ਤੋਂ ਅਸਵੀਕਾਰ ਕੀਤਾ ਅਤੇ ਆਨੰਦਪੁਰ ਸਾਹਿਬ ਵਿਖੇ ਇਕ ਵਿਕਲਪਿਕ ਇਕੱਠ ਪ੍ਰਦਾਨ ਕਰਨ ਦਾ ਫੈਸਲਾ ਕੀਤਾ, ਜਿੱਥੇ ਇਕ ਮਹੱਤਵਪੂਰਨ ਗੁਰਦੁਆਰਾ ਹੈ। ਇਹ ਆਨੰਦਪੁਰ ਸਾਹਿਬ ਵਿਖੇ ਹੀ ਸੀ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਨਿਹੰਗਾਂ ਦੇ ਆਰਡਰ ਦੀ ਸਥਾਪਨਾ ਕੀਤੀ ਸੀ, ਇਕ ਸਿੱਖ ਫੌਜੀ ਫੋਰਸ ਜੋ ਮੁਗਲਾਂ ਦੇ ਹੱਥੋਂ ਧਾਰਮਿਕ ਅੱਤਿਆਚਾਰ ਦੇ ਵਿਰੁੱਧ ਲੜਦੀ ਸੀ। ਇਸ ਲਈ, ਨਿਹੰਗਾਂ ਦੇ ਮਾਰਸ਼ਲ ਆਰਟਸ ਵਿਚ ਹੁਨਰ ਨੂੰ ਦਿਖਾਉਣ ਲਈ ਤਿਆਰ ਕੀਤੇ ਗਏ ਇਕ ਤਿਉਹਾਰ ਦਾ ਮੰਚਨ ਕਰਨ ਲਈ ਇਹ ਇਕ ਢੁਕਵੀਂ ਥਾਂ ਜਾਪਦੀ ਸੀ।

ਅੱਜ, ਤਿੰਨ ਦਿਨਾਂ ਦੇ ਜਸ਼ਨ ਵਿਚ ਰਵਾਇਤੀ ਹਥਿਆਰਾਂ ਦੀ ਵਰਤੋਂ ਕਰਦੇ ਹੋਏ ਨਕਲੀ ਲੜਾਈਆਂ, ਖੇਡਾਂ ਦੇ ਮੁਕਾਬਲੇ ਅਤੇ ਮਾਰਸ਼ਲ ਆਰਟਸ ਦੇ ਪ੍ਰਦਰਸ਼ਨ ਸ਼ਾਮਲ ਹਨ। ਇਹ ਆਨੰਦਪੁਰ ਸਾਹਿਬ ਦੀਆਂ ਗਲੀਆਂ ਰਾਹੀਂ ਇਕ ਰਸਮੀ ਜਲੂਸ ਨਾਲ ਸਥਾਪਤ ਹੋਇਆ। ਪੰਜਾਬ ਤੋਂ ਬਾਹਰ ਅਤੇ ਖਾਸ ਕਰਕੇ ਪੱਛਮ ਵਿਚ, ਹੋਲਾ ਮੁਹੱਲਾ ਮਨਾਏ ਜਾਂਦੇ ਹਨ ਜਿਵੇਂ ਅਨੰਦਪੁਰ ਸਾਹਿਬ ਵਿਖੇ ਮਨਾਇਆ ਜਾਂਦਾ ਹੈ। ਪੂਰੀ ਸਿੱਖ ਕੌਮ ਦੇ ਸਾਹਮਣੇ ਫੌਜੀ ਅਭਿਆਸ ਕਰਵਾਏ ਜਾਂਦੇ ਹਨ, ਅਤੇ ਵੱਖ-ਵੱਖ ਸਿੱਖ ਸੰਸਥਾਵਾਂ ਦੁਆਰਾ ਖੇਡਾਂ ਅਤੇ ਟੂਰਨਾਮੈਂਟ ਕਰਵਾਏ ਜਾਂਦੇ ਹਨ। ਆਖਰੀ ਦਿਨ, ਲੋਕ ਆਪਣੀ ਸਿਹਤ ਅਤੇ ਤਾਕਤ ਦੀ ਅਰਦਾਸ ਕਰਨ ਲਈ ਗੁਰਦੁਆਰਾ ਸਾਹਿਬ ਜਾਂਦੇ ਹਨ।



ਵੱਖ-ਵੱਖ ਮਾਰਸ਼ਲ ਆਰਟਸ ਵਿਚ ਨਿਹੰਗਾਂ ਦਾ ਹੁਨਰ ਅਜੇ ਵੀ ਆਨੰਦਪੁਰ ਸਾਹਿਬ ਵਿਖੇ ਹੋਲਾ ਮਹੱਲਾ ਮਨਾਉਣ ਵਿਚ ਕੇਂਦਰੀ ਭੂਮਿਕਾ ਨਿਭਾਉਂਦਾ ਹੈ। ਉਹ ਉਹੀ ਹਥਿਆਰਾਂ ਦੀ ਵਰਤੋਂ ਕਰਨਾ ਜਾਰੀ ਰੱਖਦੇ ਹਨ ਜੋ ਉਨ੍ਹਾਂ ਦੀ ਪੂਰਵਜਾਂ ਨੇ ਮੱਧਯੁਗੀ ਸਮੇਂ ਵਿਚ ਵਰਤੇ ਸਨ ਅਤੇ ਪ੍ਰਦਰਸ਼ਨ ਸਾਲਾਂ ਦੇ ਸਮਰਪਿਤ ਅਭਿਆਸ ਦੇ ਨਤੀਜੇ ਦਰਸਾਉਂਦੇ ਹਨ।

ਨਿਹੰਗ ਪ੍ਰੰਪਰਾਗਤ ਤੌਰ 'ਤੇ ਲੰਬੇ ਚਮਕਦਾਰ ਨੀਲੇ ਰੰਗ ਦੇ ਖੁੱਲ੍ਹੇ ਅਤੇ ਵਿਸਤ੍ਰਿਤ ਪਗੜੀ ਪਹਿਨਦੇ ਹਨ, ਕਈ ਵਾਰ ਆਕਾਰ 'ਚ ਬਹੁਤ ਵੱਡੇ ਹੁੰਦੇ ਹਨ, ਚਮਕਦਾਰ ਪੀਲੇ ਰੰਗ ਦੇ ਬੈਂਡ ਦੇ ਨਾਲ। ਉਹ ਧਨੁਸ਼ ਅਤੇ ਤੀਰ, ਬਰਛੇ, ਤਲਵਾਰਾਂ ਅਤੇ ਢਾਲਾਂ, ਮਸਕਟਾਂ ਜਾਂ ਹੋਰ ਕਿਸੇ ਵੀ ਹਥਿਆਰ ਨਾਲ ਲੈਸ ਹੁੰਦੇ ਹਨ ਜੋ ਉਹ ਆਪਣੇ ਹੁਨਰ ਨੂੰ ਪ੍ਰਦਰਸ਼ਿਤ ਕਰਨ ਲਈ ਚੁਣ ਸਕਦੇ ਹਨ। ਉਹ ਜਸ਼ਨ ਵਿਚ ਹਿੱਸਾ ਲੈਣ ਲਈ ਪੂਰੇ ਭਾਰਤ ਤੋਂ ਆਨੰਦਪੁਰ ਸਾਹਿਬ ਦੀ ਯਾਤਰਾ ਕਰਦੇ ਹਨ।

ਹੋਲਾ ਮਹੱਲਾ ਦੌਰਾਨ ਸਭ ਤੋਂ ਪ੍ਰਸਿੱਧ ਖੇਡ ਮੁਕਾਬਲਿਆਂ ਵਿਚ ਤਲਵਾਰਬਾਜ਼ੀ ਅਤੇ ਘੋੜਸਵਾਰੀ ਸ਼ਾਮਲ ਹੁੰਦੀ ਹੈ, ਹਾਲਾਂਕਿ ਬੱਚਿਆਂ ਦੀਆਂ ਖੇਡਾਂ ਆਧੁਨਿਕ ਤਿਉਹਾਰ ਮਨਾਉਣ ਦਾ ਇਕ ਮਹੱਤਵਪੂਰਨ ਹਿੱਸਾ ਹਨ। ਤੀਰਅੰਦਾਜ਼ੀ, ਕੰਡਿਆਲੀ ਤਾਰ, ਟੈਂਟ-ਪੈਗਿੰਗ ਅਤੇ ਪ੍ਰਾਚੀਨ ਹਥਿਆਰਾਂ ਦੀ ਕੁਸ਼ਲਤਾ ਨਾਲ ਪ੍ਰਬੰਧਨ ਆਨੰਦਪੁਰ ਸਾਹਿਬ ਦੇ ਤਿਉਹਾਰ ਦਾ ਕੇਂਦਰ ਬਣਿਆ ਹੋਇਆ ਹੈ। ਨਕਲੀ ਲੜਾਈਆਂ ਦੀ ਸਮਾਪਤੀ ਤੋਂ ਬਾਅਦ ਭਾਗੀਦਾਰਾਂ ਦੁਆਰਾ ਇਕ ਦੂਜੇ 'ਤੇ ਰੰਗ ਸੁੱਟੇ ਜਾਂਦੇ ਹਨ: ਗੁਲਾਬ ਜਲ, ਅੰਬਰ, ਕਸਤੂਰੀ ਅਤੇ ਭਗਵੇਂ ਰੰਗ ਦੇ ਪਾਣੀ ਦੀ ਵਰਤੋਂ ਕੀਤੀ ਜਾਂਦੀ ਹੈ।

ਹੋਲੇ ਮਹੱਲੇ ਤਿਉਹਾਰ ਦੀਆਂ ਜੜ੍ਹਾਂ ਬਾਲ ਭਗਤ, ਪ੍ਰਹਿਲਾਦ ਦੀ ਕਹਾਣੀ ਵਿਚ ਵੀ ਹਨ ਜੋ ਆਪਣੇ ਪਿਤਾ ਹਰਨਾਕਸ਼ ਨੂੰ ਭਗਵਾਨ ਵਜੋਂ ਸਵੀਕਾਰ ਨਹੀਂ ਕਰਦਾ ਸੀ। ਸੁਰਜੀਤ ਸਿੰਘ ਗਾਂਧੀ (2007) 'ਸਿੱਖ ਗੁਰੂਆਂ ਦੀ ਇਤਿਹਾਸ ਰੀਟੋਲਡ' ਦੇ ਅਨੁਸਾਰ 'ਆਪਣੇ ਭਰਾ ਨੂੰ ਖੁਸ਼ ਕਰਨ ਲਈ, ਹੋਲਿਕਾ ਨੇ ਪ੍ਰਹਿਲਾਦ ਨੂੰ ਸਾੜਨ ਲਈ ਯੋਜਨਾ ਬਣਾਈ। ਉਸ ਨੇ ਉਸਨੂੰ ਆਪਣੀ ਗੋਦ ਵਿਚ ਲਿਆ, ਆਸਾਨੀ ਨਾਲ ਜਲਣਸ਼ੀਲ ਤੂੜੀ ਦੇ ਢੇਰ ਦੇ ਵਿਚਕਾਰ ਬੈਠ ਗਈ। ਹੋਲਿਕਾ ਨੇ ਸੋਚਿਆ ਕਿ ਉਹ ਇਕ ਕੱਪੜੇ ਨਾਲ ਸੁਰੱਖਿਅਤ ਰਹੇਗੀ ਪਰ ਇਹ ਪ੍ਰਹਿਲਾਦ ਸੀ ਜੋ ਬਚ ਗਿਆ ਅਤੇ ਹੋਲਿਕਾ ਅੱਗ ਵਿਚ ਮਰ ਗਈ। ਇਸ ਘਟਨਾ ਨੇ ਇਸ ਵਿਸ਼ਵਾਸ ਨੂੰ ਜਨਮ ਦਿੱਤਾ ਕਿ ਬੁਰਾਈ ਉਤੇ ਚੰਗੇ ਦੀ ਜਿੱਤ ਹੁੰਦੀ ਹੈ। ਹਰਨਾਕਸ਼ ਮੁਲਤਾਨ ਦਾ ਰਾਜਾ ਸੀ, ਪ੍ਰਹਿਲਾਦ ਦੁਆਰਾ ਚੰਗੇ ਦੇ ਰੂਪ ਵਿਚ ਉਸ ਨੇ ਰਾਜੇ ਨੂੰ ਹਰਾ ਦਿੱਤਾ ਗਿਆ ਸੀ। ਲੋਰੇਨਜ਼ੋਨ, ਡੇਵਿਡ ਐਨ. (1996) 'ਇਕ ਨਿਰਾਕਾਰ ਪਰਮਾਤਮਾ ਦੀ ਉਸਤਤ' 'ਚ ਇਹ ਲਿਖਦੇ ਹਨ ਕਿ ਪ੍ਰਹਿਲਾਦ ਦੀ ਕਹਾਣੀ ਮੁਢਲੇ ਸਿੱਖਾਂ ਵਿਚ ਪ੍ਰਸਿੱਧ ਸੀ। ਗੁਰੂ ਗ੍ਰੰਥ ਸਾਹਿਬ ਵਿਚ ਸੰਤਾਂ ਨਾਮਦੇਵ ਜੀ ਅਤੇ ਸੰਤ ਕਬੀਰ ਜੀ ਦੁਆਰਾ ਅਤੇ ਤੀਜੇ ਗੁਰੂ ਸਾਹਿਬ ਗੁਰੂ ਅਮਰਦਾਸ ਜੀ ਦੁਆਰਾ ਪ੍ਰਹਿਲਾਦ ਦਾ ਪਾਠ ਕਰਨ ਵਾਲੀ ਬਾਣੀ ਸ਼ਾਮਲ ਹੈ।

ਹੋਲੀ ਇਕ ਪ੍ਰਾਚੀਨ ਪ੍ਰਸਿੱਧ ਹਿੰਦੂ ਤਿਉਹਾਰ ਹੈ। ਇਸ ਨੂੰ 'ਪਿਆਰ ਦਾ ਤਿਉਹਾਰ' ਵੀ ਕਿਹਾ ਜਾਂਦਾ ਹੈ। ਰੰਗਾਂ ਦਾ ਤਿਉਹਾਰ ਤੇ ਬਸੰਤ ਦਾ ਤਿਉਹਾਰ ਦੇ ਨਾਮ ਨਾਲ ਵੀ ਯਾਦ ਕੀਤਾ ਜਾਂਦਾ ਹੈ। ਇਹ ਤਿਉਹਾਰ ਰਾਧਾ ਕ੍ਰਿਸ਼ਨ ਦੇ ਸਦੀਵੀ ਅਤੇ ਬ੍ਰਹਮ ਪਿਆਰ ਦਾ ਜਸ਼ਨ ਮਨਾਉਂਦਾ ਹੈ। ਇਹ ਮੁੱਖ ਤੌਰ 'ਤੇ ਦੱਖਣੀ ਏਸ਼ੀਆ ਵਿਚ ਮਨਾਇਆ ਜਾਂਦਾ ਹੈ ਪਰ ਇਹ ਭਾਰਤੀ ਡਾਇਸਪੋਰਾ ਦੁਆਰਾ ਏਸ਼ੀਆ ਦੇ ਹੋਰ ਦੇਸ਼ਾਂ ਅਤੇ ਪੱਛਮੀ ਸੰਸਾਰ ਦੇ ਕਈ ਹਿੱਸਿਆਂ ਵਿਚ ਵੀ ਫੈਲ ਗਿਆ ਹੈ।

ਇਹ ਇਕ 'ਰੰਗਾਂ ਦਾ ਤਿਉਹਾਰ' ਵੀ ਹੈ। ਲੋਕ ਇਸ ਦਿਨ 'ਤੇ ਲੋਕ ਇਕ ਦੂਜੇ ਨੂੰ ਰੰਗਾਂ ਨਾਲ ਰੰਗਦੇ ਹਨ ਤੇ ਇਕ ਦੂਜੇ ਨੂੰ ਰੰਗਾਂ ਨਾਲ ਭਿਉਂ ਦਿੰਦੇ ਹਨ। ਵਾਟਰ ਗਨ ਅਤੇ ਪਾਣੀ ਨਾਲ ਭਰੇ ਗੁਬਾਰੇ ਵੀ ਇਕ ਦੂਜੇ ਨੂੰ ਖੇਡਣ ਅਤੇ ਰੰਗ ਦੇਣ ਲਈ ਵਰਤੇ ਜਾਂਦੇ ਹਨ। ਕੋਈ ਵੀ ਅਤੇ ਹਰ ਕੋਈ ਨਿਰਪੱਖ ਖੇਡ ਹੈ, ਦੋਸਤ ਜਾਂ ਅਜਨਬੀ, ਅਮੀਰ ਜਾਂ ਗਰੀਬ, ਆਦਮੀ ਜਾਂ ਔਰਤ, ਬੱਚੇ ਅਤੇ ਬਜ਼ੁਰਗ। ਖੁੱਲ੍ਹੀਆਂ ਗਲੀਆਂ, ਪਾਰਕਾਂ, ਮੰਦਰਾਂ ਅਤੇ ਇਮਾਰਤਾਂ ਦੇ ਬਾਹਰ ਰੰਗਾਂ ਨਾਲ ਝਗੜਾ ਅਤੇ ਲੜਾਈ ਵੀ ਹੁੰਦੀ ਹੈ। ਸਮੂਹ ਢੋਲ ਅਤੇ ਹੋਰ ਸੰਗੀਤਕ ਸਾਜ਼ ਲੈ ਕੇ, ਜਗ੍ਹਾ-ਜਗ੍ਹਾ ਜਾਂਦੇ ਹਨ, ਆਉਂਦੇ ਹਨ ਅਤੇ ਨੱਚਦੇ ਹਨ ਲੋਕ ਪਰਿਵਾਰ, ਦੋਸਤ ਅਤੇ ਦੁਸ਼ਮਣ ਇਕ ਦੂਜੇ 'ਤੇ ਰੰਗਦਾਰ ਪਾਊਡਰ ਸੁੱਟਣ, ਹੱਸਣ ਅਤੇ ਗੱਪਾਂ ਮਾਰਨ ਲਈ ਇਕੱਠੇ ਹੁੰਦੇ ਹਨ, ਫਿਰ ਹੋਲੀ ਦੇ ਪਕਵਾਨਾਂ, ਭੋਜਨ ਅਤੇ ਪਾਣੀ ਵਾਲੇ ਪਦਾਰਥ ਸਾਂਝੇ ਕਰਦੇ ਹਨ। ਸ਼ਾਮ ਨੂੰ, ਲੋਕ ਕੱਪੜੇ ਪਾਉਂਦੇ ਹਨ ਅਤੇ ਦੋਸਤਾਂ ਅਤੇ ਪਰਿਵਾਰਾਂ ਨੂੰ ਮਿਲਣ ਜਾਂਦੇ ਹਨ।


ਹੋਲੀ ਦੇ ਤਿਉਹਾਰ ਦਾ ਭਾਰਤੀ ਉਪ ਮਹਾਂਦੀਪ ਦੀਆਂ ਵੱਖ-ਵੱਖ ਹਿੰਦੂ ਪ੍ਰੰਪਰਾਵਾਂ ਵਿਚ ਇਕ ਸਭਿਆਚਾਰਕ ਮਹੱਤਵ ਹੈ। ਇਹ ਤਿਉਹਾਰਾਂ ਦਾ ਦਿਨ ਹੈ ਅਤੇ ਆਪਣੇ ਆਪ ਨੂੰ ਪਿਛਲੀਆਂ ਗਲਤੀਆਂ ਤੋਂ ਛੁਟਕਾਰਾ ਪਾਉਣ ਦਾ, ਦੂਜਿਆਂ ਨੂੰ ਮਿਲ ਕੇ ਝਗੜਿਆਂ ਨੂੰ ਖਤਮ ਕਰਨ ਦਾ, ਭੁੱਲਣ ਅਤੇ ਮੁਆਫ ਕਰਨ ਦਾ ਦਿਨ ਹੈ। ਲੋਕ ਕਰਜ਼ੇ ਦਾ ਭੁਗਤਾਨ ਜਾਂ ਮਾਫ ਕਰਦੇ ਹਨ, ਨਾਲ ਹੀ ਉਹਨਾਂ ਦੇ ਜੀਵਨ ਵਿਚ ਉਹਨਾਂ ਨਾਲ ਨਵੇਂ ਸਿਰੇ ਤੋਂ ਨਜਿੱਠਦੇ ਹਨ। ਹੋਲੀ ਬਸੰਤ ਦੀ ਸ਼ੁਰੂਆਤ ਨੂੰ ਦਰਸਾਉਂਦੀ ਹੈ, ਲੋਕਾਂ ਲਈ ਬਦਲਦੇ ਮੌਸਮ ਦਾ ਆਨੰਦ ਲੈਣ ਅਤੇ ਨਵੇਂ ਦੋਸਤ ਬਣਾਉਣ ਦਾ ਇਕ ਮੌਕਾ ਵੀ ਹੈ।

ਹੋਲੀ ਤੇ ਹੋਲੇ ਮਹੱਲੇ ਦੇ ਤਿਉਹਾਰਾਂ 'ਚ ਜੋ ਰੰਗ ਵਰਤੇ ਜਾਂਦੇ ਹਨ, ਉਹ ਬੜੇ ਘਟੀਆ ਕਿਸਮ ਦੇ ਹੁੰਦੇ ਹਨ। ਸੰਨ 2007 ਦੇ ਇਕ ਅਧਿਐਨ ਵਿਚ ਪਾਇਆ ਗਿਆ ਹੈ ਕਿ ਇਨ੍ਹਾਂ ਤਿਉਹਾਰਾਂ ਦੇ ਦਿਨਾਂ 'ਚ ਰੰਗਾਂ ਵਿਚ ਵਰਤਿਆ ਜਾਣ ਵਾਲਾ ਇਕ ਸਿੰਥੈਟਿਕ ਨੀਲਾ- ਹਰਾ ਰੰਗ ਮੈਲਾਚਾਈਟ ਗ੍ਰੀਨ, ਦਿੱਲੀ ਵਿਚ ਅੱਖਾਂ ਦੀ ਗੰਭੀਰ ਜਲਣ ਲਈ ਜ਼ਿੰਮੇਵਾਰ ਸੀ, ਜੇਕਰ ਅੱਖਾਂ ਦੇ ਸੰਪਰਕ ਵਿਚ ਆਉਣ 'ਤੇ ਅੱਖਾਂ ਨੂੰ ਨਾ ਧੋਇਆ ਜਾਵੇ। ਹਾਲਾਂਕਿ ਅਧਿਐਨ ਵਿਚ ਪਾਇਆ ਗਿਆ ਹੈ ਕਿ ਪਿਗਮੈਂਟ ਕੋਰਨੀਆ ਰਾਹੀਂ ਪ੍ਰਵੇਸ਼ ਨਹੀਂ ਕਰਦਾ ਹੈ, ਮੈਲਾਚਾਈਟ ਗ੍ਰੀਨ ਚਿੰਤਾ ਦਾ ਵਿਸ਼ਾ ਹੈ ਅਤੇ ਇਸ 'ਤੇ ਅਜੇ ਹੋਰ ਅਧਿਐਨ ਦੀ ਲੋੜ ਹੈ।

2009 ਦਾ ਇਕ ਹੋਰ ਅਧਿਐਨ ਰਿਪੋਰਟ ਕਰਦਾ ਹੈ ਕਿ ਭਾਰਤ ਵਿਚ ਪੈਦਾ ਕੀਤੇ ਅਤੇ ਵੇਚੇ ਜਾਂਦੇ ਕੁਝ ਰੰਗਾਂ ਵਿਚ ਧਾਤ-ਆਧਾਰਿਤ ਉਦਯੋਗਿਕ ਰੰਗ ਹੁੰਦੇ ਹਨ, ਜਿਸ ਨਾਲ ਹੋਲੀ ਤੋਂ ਬਾਅਦ ਦੇ ਦਿਨਾਂ ਵਿਚ ਕੁਝ ਲੋਕਾਂ ਲਈ ਚਮੜੀ ਦੀਆਂ ਸਮੱਸਿਆਵਾਂ ਵਿਚ ਵਾਧਾ ਹੁੰਦਾ ਹੈ। ਇਹ ਰੰਗ ਭਾਰਤ ਵਿਚ, ਖਾਸ ਤੌਰ 'ਤੇ ਛੋਟੇ ਗੈਰ ਰਸਮੀ ਕਾਰੋਬਾਰਾਂ ਦੁਆਰਾ, ਬਿਨਾਂ ਕਿਸੇ ਗੁਣਵੱਤਾ ਜਾਂਚ ਦੇ ਪੈਦਾ ਕੀਤੇ ਜਾਂਦੇ ਹਨ ਅਤੇ ਬਾਜ਼ਾਰ ਵਿਚ ਮੁਫਤ ਵੇਚੇ ਜਾਂਦੇ ਹਨ। ਰੰਗ ਬਿਨਾਂ ਲੇਬਲ ਦੇ ਵੇਚੇ ਜਾਂਦੇ ਹਨ ਅਤੇ ਉਪਭੋਗਤਾ ਕੋਲ ਰੰਗਾਂ ਦੇ ਸਰੋਤ, ਉਹਨਾਂ ਦੀ ਸਮੱਗਰੀ ਅਤੇ ਸੰਭਾਵੀ ਜ਼ਹਿਰੀਲੇ ਪ੍ਰਭਾਵਾਂ ਬਾਰੇ ਜਾਣਕਾਰੀ ਦੀ ਘਾਟ ਹੁੰਦੀ ਹੈ। ਹਾਲ ਹੀ ਦੇ ਸਾਲਾਂ ਵਿਚ, ਕਈ ਗੈਰ ਸਰਕਾਰੀ ਸੰਗਠਨਾਂ ਨੇ ਰੰਗਾਂ ਦੀ ਵਰਤੋਂ ਨਾਲ ਸਬੰਧਤ ਸੁਰੱਖਿਅਤ ਅਭਿਆਸਾਂ ਲਈ ਮੁਹਿੰਮ ਸ਼ੁਰੂ ਕੀਤੀ ਹੈ। ਕੁਝ ਕੁਦਰਤੀ ਸਰੋਤਾਂ ਜਿਵੇਂ ਕਿ ਸਬਜ਼ੀਆਂ ਅਤੇ ਫੁੱਲਾਂ ਤੋਂ ਪ੍ਰਾਪਤ ਸੁਰੱਖਿਅਤ ਰੰਗਾਂ ਦੀਆਂ ਰੇਜ਼ਾਂ ਦਾ ਉਤਪਾਦਨ ਅਤੇ ਮਾਰਕੀਟਿੰਗ ਕਰ ਰਹੇ ਹਨ। ਇਹਨਾਂ ਰਿਪੋਰਟਾਂ ਨੇ ਇਨ੍ਹਾਂ ਤਿਉਹਾਰਾਂ ਦੇ ਕੁਦਰਤੀ ਜਸ਼ਨਾਂ ਨੂੰ ਉਤਸ਼ਾਹਿਤ ਕਰਨ ਲਈ ਬਹੁਤ ਸਾਰੇ ਸਮੂਹਾਂ ਨੂੰ ਉਤਸ਼ਾਹਿਤ ਕੀਤਾ ਹੈ। ਬੱਚਿਆਂ ਨੂੰ ਇਨ੍ਹਾਂ ਤਿਉਹਾਰਾਂ 'ਤੇ ਵਰਤੇ ਜਾਣ ਵਾਲੇ ਰੰਗਾਂ ਤੇ ਕਾਫੀ ਸੁਚੇਤ ਕੀਤਾ ਹੈ ਤੇ ਉਨ੍ਹਾਂ ਨੂੰ ਸੁਰੱਖਿਅਤ ਰੱਖਣ ਲਈ, ਕੁਦਰਤੀ ਤੱਤਾਂ ਤੋਂ ਆਪਣੇ ਰੰਗ ਬਣਾਉਣਾ ਸਿੱਖਣ ਵਿਚ ਮਦਦ ਕਰਨ ਲਈ ਮੁਹਿੰਮਾਂ ਸ਼ੁਰੂ ਕੀਤੀਆਂ ਹਨ। ਕਈ ਕੰਪਨੀਆਂ ਨੇ ਇਨ੍ਹਾਂ ਤਿਉਹਾਰਾਂ 'ਤੇ 'ਹਰਬਲ' ਰੰਗ ਬਣਾਉਣੇ ਸ਼ੁਰੂ ਕਰ ਦਿੱਤੇ ਹਨ ਭਾਵੇਂ ਇਹ ਰੰਗ ਮਹਿੰਗੇ ਹਨ ਪਰ ਬਹੁਤ ਹੀ ਸੁਰੱਖਿਅਤ ਹਨ। ਖਤਰਨਾਕ ਰੰਗਾਂ ਤੋਂ ਬਚਣ ਲਈ ਸਿਹਤ ਵਿਭਾਗ ਮੂੰਹ 'ਤੇ ਮਾਸਕ ਪਾਉਣ ਦੀ ਸਲਾਹ ਵੀ ਦਿੰਦੇ ਹਨ ਤਾਂ ਕਿ ਇਨ੍ਹਾਂ ਰੰਗਾਂ ਦੀ ਗੰਧ ਸਰੀਰ ਦੇ ਅੰਦਰ ਨਾ ਜਾ ਸਕੇ ਤੇ ਫੇਫੜਿਆਂ ਦੇ ਨੁਕਸਾਨ ਤੋਂ ਬਚਿਆ ਜਾ ਸਕੇ।

# ਚੀਨ ਨੂੰ ਅਮਰੀਕਾ ਨੇ ਕੀਤਾ ਖ਼ਬਰਦਾਰ, ਰੂਸ ਦੀ ਮਦਦ ਕੀਤੀ ਤਾਂ ਕਰ ਦਿਆਂਗੇ ਇਕੱਲੇ

ਰੋਮ – ਯੂਕਰੇਨ 'ਚ ਰੂਸ ਵੱਲੋਂ ਕੀਤੇ ਜਾ ਰਹੇ ਹਮਲੇ ਦੌਰਾਨ ਅਮਰੀਕਾ ਦੇ ਰਾਸ਼ਟਰੀ ਸੁਰੱਖਿਆ ਸਲਾਹਕਾਰ (ਐਨਐਸਏ) ਜੈਕ ਸੁਲੀਵਾਨ ਨੇ ਚੀਨ ਦੇ ਸਿਖਰਲੇ ਸਫ਼ਾਰਤਕਾਰ ਯਾਂਗ ਜਾਏਚੀ ਨਾਲ ਇਟਲੀ ਦੀ ਜਾਰਧਾਨੀ ਰੋਮ 'ਚ ਬੈਠਕ ਕੀਤੀ। ਕਰੀਬ ਸੱਤ ਘੰਟੇ ਚੱਲੀ ਇਸ ਬੈਠਕ 'ਚ ਸੁਲੀਵਨ ਨੇ ਰੂਸ ਨਾਲ ਚੀਨ ਦੇ ਗਠਜੋੜ 'ਤੇ ਚਿੰਤਾ ਪ੍ਰਗਟਾਈ। ਨਾਲ ਹੀ ਯੂਕਰੇਨ ਜੰਗ 'ਚ ਰੂਸ ਦੀ ਮਦਦ ਕਰਨ 'ਤੇ ਮਾੜੇ ਨਤੀਜੇ ਭੁਗਤਣ ਤੇ ਇਕੱਲੇ ਪਾ ਦਿੱਤੇ ਜਾਣ ਦੀ ਚਿਤਾਵਨੀ ਦਿੱਤੀ। ਬਰਤਾਨੀਆ ਨੇ ਵੀ ਚੀਨ ਨੂੰ ਕਿਹਾ ਕਿ ਉਸ ਨੂੰ ਯੂਕਰੇਨ ਜੰਗ 'ਚ ਰੂਸ ਦਾ ਸਹਿਯੋਗ ਨਹੀਂ ਕਰਨਾ ਚਾਹੀਦਾ। ਏਧਰ ਚੀਨੀ ਵਿਦੇਸ਼ ਮੰਤਰਾਲੇ ਨੇ ਰੂਸ ਵੱਲੋਂ ਚੀਨ ਨੂੰ ਹਥਿਆਰ ਤੇ ਆਰਥਿਕ ਮਦਦ ਮੰਗਣ ਦੀ ਖ਼ਬਰ ਨੂੰ ਅਮਰੀਕਾ ਦਾ ਕੂੜ ਪ੍ਰਚਾਰ ਦੱਸਿਆ। ਕਿਹਾ ਕਿ ਰੂਸ ਵੱਲੋਂ ਅਜਿਹੀ ਕੋਈ ਮੰਗ ਨਹੀਂ ਕੀਤੀ ਗਈ। ਰੂਸ ਦੇ ਰਾਸ਼ਟਰਪਤੀ ਭਵਨ ਕ੍ਰੈਮਲਿਨ ਨੇ ਵੀ ਸਾਫ਼ ਕੀਤਾ ਕਿ ਉਸ ਨੇ ਚੀਨ ਤੋਂ ਕੋਈ ਹੋਰ ਮਦਦ ਨਹੀਂ ਮੰਗੀ।





ਅਮਰੀਕੀ ਐਨਐਸਏ ਤੇ ਚੀਨੀ ਸਫ਼ਾਰਤਕਾਰ ਦੀ ਮੁਲਾਕਾਤ ਤੋਂ ਬਾਅਦ ਵ੍ਹਾਈਟ ਹਾਊਸ ਨੇ ਇਕ ਬਿਆਨ 'ਚ ਦੱਸਿਆ ਕਿ ਸੁਲੀਵਾਨ ਨੇ ਅਮਰੀਕਾ ਤੇ ਚੀਨ ਸਬੰਧਾਂ ਨਾਲ ਜੁੜੇ ਕਈ ਮੁੱਦੇ ਉਠਾਏ। ਉਨ੍ਹਾਂ ਨੇ ਯੂਕਰੇਨ ਖ਼ਿਲਾਫ਼ ਰੂਸ ਦੇ ਹਮਲੇ 'ਤੇ ਵੀ ਚਰਚਾ ਕੀਤੀ। ਬਾਇਡਨ ਪ੍ਰਸਾਸਨ ਦੇ ਇਕ ਸੀਨੀਅਰ ਅਧਿਕਾਰੀ ਨੇ ਪੱਤਰਕਾਰਾਂ ਨੂੰ ਕਿਹਾ ਕਿ ਅਸੀਂ ਰੂਸ ਨਾਲ ਚੀਨ ਦੇ ਸਬੰਧਾਂ ਬਾਰੇ ਬਹੁਤ ਚਿੰਤਤ ਹਾਂ। ਰਾਸ਼ਟਰੀ ਸੁਰੱਖਿਆ ਸਲਾਹਕਾਰ ਨੂੰ ਇਹ ਕਿਹਾ ਗਿਆ ਸੀ ਕਿ ਉਹ ਚੀਨ ਨੂੰ ਇਨ੍ਹਾਂ ਚਿੰਤਾਵਾਂ ਤੋਂ ਜਾਣੂ ਕਰਵਾਏ ਤੇ ਮਾੜੇ ਨਤੀਜੇ ਭੁਗਤਣ ਦਾ ਸੰਦੇਸ਼ ਵੀ ਦੇਵੇ। ਉਨ੍ਹਾਂ ਨੇ ਦੱਸਿਆ ਕਿ ਦੋਵਾਂ ਨੇਤਾਵਾਂ ਦੀ ਚੰਗੇ ਮਾਹੌਲ 'ਚ ਗੱਲਬਾਤ ਹੋਈ, ਪਰ ਕੋਈ ਖ਼ਾਸ ਨਤੀਜਾ ਨਹੀਂ

## (ਸਾਹਿਬ ਕਾਂਸ਼ੀ ਰਾਮ ਦੇ ਜਨਮ ਦਿਨ ਨੂੰ ਸਮਰਪਿਤ 14 ਮਾਰਚ 2022)



ਆਖਾਂ ਕਾਂਸ਼ੀ ਰਾਮ ਨੂੰ, ਉਠ ਸਾਹਿਬ! ਉਠ!! ਬੋਲ।
ਲੀਡਰ ਤੇਰੇ ਕੱਦ ਦਾ, ਅੱਜ ਹੈ ਨਹੀਂ ਸਾਡੇ ਕੋਲ ।
ਦਲਿਤ ਸ਼ੋਸ਼ਿਤ ਰੁਲ ਰਿਹਾ ਬਾਬਾ ਸਾਹਿਬ ਤੋਂ ਬਾਅਦ।
ਆਪਣੇ ਸੁਖ ਤਿਆਗ ਕੇ ਤੁਰ ਪਿਆ ਕਰਨ ਆਜ਼ਾਦ।
ਦੋ ਪਹੀਏ ਦੋ ਪੈਰਾਂ ਨਾਲ ਤੈਂ ਕੀਤਾ ਬੜਾ ਕਮਾਲ।
ਸਿਰੜ ਤਪੱਸਿਆ ਨਾਲ ਤੈਂ ਬਦਲ ਸਮੇਂ ਦੀ ਚਾਲ।
ਇਕੋ ਦਿਲ ਵਿਚ ਠਾਣ ਲਈ ਸਮਾਜ ਕਰੂੰ ਤਬਦੀਲ।
ਸਾਈਕਲ ਲੈਕੇ ਚੱਲਿਆ, ਕਈ ਹਜ਼ਾਰਾਂ ਮੀਲ।
ਭੁਖਾਂ ਤੇਹਾਂ ਕੱਟਦਾ, ਇਕੋ ਟੀਚਾ ਮਿੱਥ ।
ਕਰਨੀ ਦੂਰ ਸਮਾਜ ਚੋਂ, ਊਚ ਨੀਚ ਦੀ ਵਿੱਥ।
ਪਚਾਸੀ ਉਪਰ ਰਹਿਣ ਕਿਉਂ, ਹਾਵੀ ਪੰਦਰਾਂ ਲੋਕ।
ਚੂਸਣ ਕਿਉਂ ਬਹੁਜਨਾਂ ਦੀ, ਰੱਤ ਕੁਝ ਵਿਹਲੜ ਲੋਕ।
ਝੁੱਗੀਆਂ ਢਾਰਿਆਂ ਵਿਚ ਤੈਂ , ਬਾਲ਼ੀ ਇਕ ਮਸਾਲ।
ਬੰਨ੍ਹ ਬੰਨ੍ਹ ਕੇ ਕਾਫ਼ਲੇ ਤੁਰ ਪਏ, ਕਿਰਤੀ ਨਾਲ।
ਕਈ ਕਰੋੜਾਂ ਆਦਮੀ, ਤੁਰੇ ਕਤਾਰਾਂ ਬੰਨ੍ਹ।
ਤੇਰੀ ਆਖੀ ਗੱਲ ਨੂੰ, ਹੁਕਮ ਇਲਾਹੀ ਮੰਨ।
ਅਣਹੋਏ, ਅਣਗੌਲਿਆਂ ਦੀ, ਧਿਰ ਬਣੀ ਦਮਦਦਾਰ।
ਤੇਰੇ ਸਫ਼ਲ ਸੰਘਰਸ਼ ਨਾਲ, ਡੋਲ ਗਈ ਸਰਕਾਰ।
ਕੀਤੇ ਗੋਡਿਆਂ ਹੇਠ ਤੈਂ, ਵੱਡੇ ਖੱਬੀ ਖਾਨ ।
ਕੰਬ ਉਠੇ ਭਬਕਾਰ ਸੁਣ, ਲੈਕੇ ਮੁੱਠ 'ਚ ਜਾਨ।
ਮਨੂਵਾਦੀ ਗੜ੍ਹਾਂ ਵਿਚ, ਪਾਈ ਤੈਂ ਤਰਥੱਲ।
ਰਾਜਨੀਤੀ ਦਾ ਚਾਣਕਿਆ, ਬਣਗੀ ਤੇਰੀ ਭੱਲ।
ਰਾਜਨੀਤਕ ਪੰਡਤਾਂ ਦੇ, ਦਿੱਤੇ ਗਣਿਤ ਵਿਗਾੜ।
ਵੱਡੇ ਵੱਡੇ ਰੋਲ 'ਤੇ, ਹਾਥੀ ਹੇਠ ਲਿਤਾੜ।
ਵੱਡੀ ਤਾਕਤ ਤੀਸਰੀ, ਬਣ ਗਈ ਬਸਪਾ ਇਕ।
ਤਖਤ ਦਿੱਲੀ ਦਾ ਸਾਂਭਣਾ, ਕਿਹਾ ਠੋਕ ਕੇ ਹਿੱਕ।
ਰਾਜ ਯੂ ਪੀ ਦਾ ਲੈ ਲਿਆ, ਜਦ ਤੈਂ ਮੁੱਠੀ ਵਿੱਚ ।
ਪੰਦਰਾਂ ਮਨੂਵਾਦੀਏ, ਹੋ ਗਏ ਡਾਹਢੇ ਜਿੱਚ।
ਪਾਉਣ ਲੱਗੇ ਤਦ ਬਾਘੀਆਂ, ਤੁਰ ਗਿਆ ਬੱਬਰ ਸ਼ੇਰ।
ਨਿੱਤ ਨਿੱਤ ਨਹੀਂ ਜੰਮਦੇ, "ਕਾਂਸ਼ੀ ਰਾਮ" ਦਲੇਰ।
ਭਿੱਜੀ ਬਿੱਲੀ ਬਣੇ ਸੀ ਜੋ, ਫੇਰ ਰਹੇ ਲਲਕਾਰ।
ਬੇਬੱਸ ਬਹੁਜਨ ਘਿਰ ਗਿਆ, ਫਿਰ ਓਹਨਾਂ ਵਿਚਕਾਰ।
ਦੱਸੋ ਕਿੱਥੋਂ ਭਾਲੀਏ ਬਿਸ਼ਨੀ ਮਾਂ ਦਾ "ਲਾਲ"।
ਤੋੜੇ ਆਪਣੀ ਜੁਗਤ ਨਾਲ ਜੋ ਮਨੂੰ ਦਾ ਜਾਲ।



**ਲਾਲ ਸਿੰਘ ਸੁਲਹਾਣੀ**
91-98721-55120

### 15 ਮਾਰਚ 2022 ਲਈ ਸਵਰਗੀ ਕਾਂਸ਼ੀ ਰਾਮ ਦੇ ਜਨਮ ਦਿਵਸ ਸਬੰਧੀ ਵਿਸ਼ੇਸ਼


# ਬਹੁਜਨ ਆਗੂ ਅਤੇ ਬੀਐਸਪੀ ਦੇ ਸੰਸਥਾਪਕ ਸਾਹਿਬ ਕਾਂਸ਼ੀ ਰਾਮ



**ਕੁਲਦੀਪ ਚੰਦ**
91-9417563054

ਭਾਰਤ ਲੰਬਾ ਸਮਾਂ ਵਿਦੇਸ਼ੀ ਹਾਕਮਾਂ ਦਾ ਗੁਲਾਮ ਰਿਹਾ ਹੈ ਅਤੇ ਦੇਸ਼ ਦੀ ਅਬਾਦੀ ਦਾ ਇੱਕ ਵੱਡਾ ਹਿੱਸਾ ਸਮਾਜਿਕ ਅਤੇ ਧਾਰਮਿਕ ਕੁਰਿਤੀ ਜਾਤ ਅਧਾਰਤ ਵਿਤਕਰੇ ਦਾ ਸ਼ਿਕਾਰ ਰਿਹਾ ਹੈ। ਇਸ ਵਿੱਤਕਰੇ ਨੂੰ ਖਤਮ ਕਰਨ ਲਈ ਸਮੇਂ ਸਮੇਂ ਤੇ ਕਈ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਆਗੂਆਂ ਨੇ ਮੁਹਿੰਮ ਚਲਾਈ ਹੈ। 15 ਅਗੱਸਤ 1947 ਨੂੰ ਦੇਸ਼ ਅਜ਼ਾਦ ਹੋ ਗਿਆ ਪਰ ਜਾਤ ਪਾਤ ਅਧਾਰਿਤ ਵਿਤਕਰੇ ਤੋਂ ਬਹੁਤੇ ਲੋਕਾਂ ਨੂੰ ਅਜਾਦੀ ਨਾਂ ਮਿਲ ਸਕੀ। ਇਸ ਅਜਾਦੀ ਦੀ ਲੋਅ ਅਛੂਤਾਂ ਅਤੇ ਪੱਛੜੇ ਵਰਗਾਂ ਦੇ ਘਰਾਂ ਤੱਕ ਪਹੁੰਚਾਣ ਲਈ ਦਲਿਤ ਆਗੂ ਅਤੇ ਬਹੁਜਨ ਸਮਾਜ ਪਾਰਟੀ ਦੇ ਸੰਸਥਾਪਕ ਬਾਬੂ ਕਾਂਸ਼ੀ ਰਾਮ ਜਿਨ੍ਹਾਂ ਨੂੰ ਸਾਹਿਬ ਅਤੇ ਮਾਨਿਆਵਾਰ ਵੀ ਕਿਹਾ ਜਾਂਦਾ ਹੈ ਨੇ ਮੁਹਿੰਮ ਚਲਾਈ ਅਤੇ ਉੱਤਰ ਪ੍ਰਦੇਸ਼ ਵਰਗੇ ਸੂੱਬੇ ਵਿੱਚ ਸਰਕਾਰ ਬਣਾਕੇ ਮੰਨੂਵਾਦੀ ਸੱਤਾਧਾਰੀ ਪ੍ਰਥਾ ਨੂੰ ਤੋੜਿਆ। ਸਾਹਿਬ ਕਾਂਸ਼ੀ ਰਾਮ ਦਾ ਜਨਮ 15 ਮਾਰਚ 1934 ਨੂੰ ਉਨ੍ਹਾਂ ਦੇ ਨਾਨਕੇ ਘਰ ਨਾਨਾ ਸਾਹਿਬ ਦਿਤਾ ਅਤੇ ਨਾਨੀ ਪ੍ਰਸਿੰਨੀ ਦੇਵੀ ਨੰਗਲ-ਚੰਡੀਗੜ੍ਹ ਮੁੱਖ ਮਾਰਗ ਤੇ ਬੂੰਗਾ ਸਾਹਿਬ ਕੋਲ ਪੈਂਦੇ ਪਿੰਡ ਪ੍ਰਿਥੀਪੁਰ ਜਿਲ੍ਹਾ ਰੂਪਨਗਰ ਵਿੱਚ ਹੋਇਆ। ਆਪ ਮਾਤਾ ਸਵਰਗੀ ਬਿਸ਼ਨ ਕੌਰ ਅਤੇ ਪਿਤਾ ਹਰੀ ਸਿੰਘ ਦੇ 7 ਬੱਚਿਆਂ ਵਿਚੋਂ ਸਭ ਤੋਂ ਵੱਡੇ ਸਨ ਅਤੇ ਚਮਾਰ ਜਾਤ ਨਾਲ ਸਬੰਧ ਰੱਖਦੇ ਸਨ ਜੋਕਿ ਕਈ ਹੋਰ ਜਾਤਾਂ ਵਾਂਗ ਹੀ ਸਦੀਆਂ ਤੋਂ ਅਛੂਤ ਰਹੀ ਹੈ। ਆਪ ਦਾ ਪਰਿਵਾਰ ਨੰਗਲ-ਚੰਡੀਗੜ੍ਹ ਮੁੱਖ ਮਾਰਗ ਤੇ ਰੂਪਨਗਰ ਜਿਲ੍ਹੇ ਦੇ ਪਿੰਡ ਖੁਆਸਪੁਰਾ ਵਿੱਚ ਰਹਿੰਦਾ ਸੀ ਅਤੇ ਪਰਿਵਾਰ ਦੇ ਬਾਕੀ ਮੈਂਬਰਾਂ ਦੇ ਨਾਮ ਸਿੱਖ ਧਰਮ ਨਾਲ ਸਬੰਧਿਤ ਸਨ ਪ੍ਰੰਤੂ ਆਪ ਦਾ ਜਨਮ ਨਾਨਕੇ ਪਿੰਡ ਹੋਣ ਕਾਰਨ ਉਨ੍ਹਾਂ ਦਾ ਨਾਮ ਕਾਂਸ਼ੀ ਰਾਮ ਰੱਖਿਆ ਗਿਆ। ਆਪ ਦਾ ਨਾਨੀ ਨਾਲ ਗੂੜ੍ਹਾ ਪਿਆਰ ਸੀ ਜਿਸ ਕਰਕੇ ਅਕਸਰ ਨਾਨਕੇ ਪਿੰਡ ਜਾਂਦੇ ਰਹਿੰਦੇ ਸਨ ਅਤੇ ਆਪਣਾ ਮਕਾਨ ਵੀ ਨਾਨਕੇ ਪਿੰਡ ਵਿੱਚ ਹੀ ਬਣਾਇਆ ਸੀ। ਆਪ ਨੇ ਮੁਢਲੀ ਪੜ੍ਹਾਈ ਪਿੰਡ ਮਲਿਕਪੁਰ ਦੇ ਸਰਕਾਰੀ ਸਕੂਲ ਅਤੇ ਇਸਲਾਮਿਕ ਸਕੂਲ ਰੋਪੜ੍ਹ ਤੋਂ ਕਰਨ ਉਪਰੰਤ ਸਰਕਾਰੀ ਕਾਲਜ ਰੋਪੜ੍ਹ ਤੋਂ 1956 ਵਿੱਚ ਵਿਗਿਆਨ ਵਿਸ਼ੇ ਵਿੱਚ ਗ੍ਰੈਜੂਏਸ਼ਨ ਕੀਤੀ। ਇਸ ਦੌਰਾਨ ਆਪ ਦੀ ਮੰਗਣੀ ਇੱਕ ਕਾਂ-ਗਰਸੀ ਵਿਧਾਇਕ ਦੀ ਲੜਕੀ ਨਾਲ ਹੋ ਚੁੱਕੀ ਸੀ ਪਰ ਆਪ ਨੇ ਵਿਆਹ ਕਰਵਾਉਣ ਤੋਂ ਮਨ੍ਹਾਂ ਹੀ ਕਰ ਦਿਤਾ ਅਤੇ ਸਾਰੀ ਉਮਰ ਵਿਆਹ ਨਹੀਂ ਕਰਵਾਇਆ। 1957 ਵਿੱਚ ਆਪ ਨੇ ਸਰਵੇ ਆਫ ਇੰਡੀਆ ਦੀ ਪ੍ਰੀਖਿਆ ਪਾਸ ਕੀਤੀ ਅਤੇ ਇਸਦੀ ਟ੍ਰੇਨਿੰਗ ਲਈ ਦੇਹਰਾਦੂਨ ਚੱਲੇ ਗਏ। ਇਸ ਟ੍ਰੇਨਿੰਗ ਲਈ ਸਮੂਹ ਸਿਖਿਆਰਥੀਆਂ ਨੂੰ ਇੱਕ ਬਾਂਡ ਭਰਨ ਲਈ ਕਿਹਾ ਗਿਆ ਜਿਸ ਅਨੁਸਾਰ ਇੱਕ ਨਿਸ਼ਚਿੱਤ ਸਮੇਂ ਲਈ ਸਰਵੇ ਆਫ ਇੰਡੀਆ ਵਿੱਚ ਨੌਕਰੀ ਕਰਨਾ ਜਰੂਰੀ ਸੀ ਪਰੰਤੂ ਆਪ ਨੇ ਮਨ੍ਹਾਂ ਕਰ ਦਿੱਤਾ ਅਤੇ ਇਹ ਟ੍ਰੇਨਿੰਗ ਛੱਡਕੇ ਵਾਪਸ ਆ ਗਏ। ਇਸਤੋਂ ਬਾਦ ਆਪ ਨੇ ਰੱਖਿਆ ਉਤਪਾਦਨ ਵਿਭਾਗ ਪੂਨਾ ਵਿੱਚ ਸਹਾਇਕ ਵਿਗਿਆਨੀ ਦੇ ਤੋਰ ਤੇ ਨੌਕਰੀ ਸ਼ੁਰੂ ਕੀਤੀ। 1965 ਵਿੱਚ ਉਨ੍ਹਾਂ ਨੇ ਅਪਣੇ ਅਦਾਰੇ ਵਿੱਚ ਇੱਕ ਹੋਰ ਅਛੂਤ ਸਟਾਫ ਮੈਂਬਰ ਦੀਨਾ ਭਾਨਾ ਨਾਲ ਮਿਲਕੇ ਡਾਕਟਰ ਅੰਬੇਡਕਰ ਅਤੇ ਮਹ-ਾਤਮਾ ਬੁੱਧ ਦੇ ਜਨਮ ਦਿਵਸ ਸਬੰਧੀ ਹੋਣ ਵਾਲੀਆਂ ਛੁੱਟੀਆਂ ਪ੍ਰਬੰਧਕਾਂ ਵਲੋਂ ਰੱਦ ਕਰਨ ਦੇ ਵਿਰੋਧ ਵਿੱਚ ਰੋਸ ਪ੍ਰਦਰਸ਼ਨ ਕੀਤਾ ਅਤੇ ਸੰਘਰਸ ਕਰਕੇ ਬੰਦ ਕੀਤੀਆਂ ਗਈਆਂ ਇਹ ਛੁੱ-ਟੀਆਂ ਮੁੜ੍ਹ ਸ਼ੁਰੂ ਕਰਵਾਈਆਂ। ਇਸ ਤੋਂ ਬਾਦ ਆਪ ਨੇ 1971 ਵਿੱਚ ਅਪਣੀ ਇਸ ਨੌਕਰੀ ਤੋਂ ਤਿਆਗ ਪੱਤਰ ਦੇ ਦਿਤਾ ਅਤੇ ਦੇਸ਼ ਵਿੱਚ ਦਲਿਤਾਂ ਨੂੰ ਜਾਗਰੂਕ ਕਰਨ ਲਈ ਮੁਹਿੰਮ ਸ਼ੁਰੂ ਕਰ ਦਿਤੀ ਅਤੇ ਅਨੁਸੂਚਿਤ ਜਾਤੀ, ਅਨੁਸੂਚਿਤ ਜਨਜਾਤੀ, ਹੋਰ ਪੱਛੜੀਆਂ ਜਾਤੀਆਂ ਅਤੇ ਘੱਟ ਗਿਣਤੀ ਕਰਮਚਾਰੀ ਵੈਲਫੇਅਰ ਸੰਸਥਾ ਬਾਮਸੇਫ ਦੀ ਸਥਾਪਨਾ ਕੀਤੀ। ਆਦਿ ਧਰਮ ਲਹਿਰ ਦੇ ਆਗੂ ਅਤੇ ਸੰਸਥਾਪਕ ਬਾਬੂ ਮੰਗੂ ਰਾਮ ਮੂਗੋਵਾਲੀਆ ਅਤੇ ਡਾਕਟਰ ਭੀਮ ਰਾਓ ਅੰਬੇਡਕਰ ਤੋਂ ਬਾਅਦ ਉਹਨਾਂ ਨੇ ਦੇਸ਼ ਦੇ ਦਲਿਤਾਂ ਨੂੰ ਸਹੀ ਅਰਥਾਂ ਵਿੱਚ ਏਕੇ ਦੇ ਸੂਤਰ ਵਿੱਚ ਬੰਨਣ ਦਾ ਸੁਪਨਾ ਸੱਚ ਕਰ ਦਿਖਾਇਆ।

ਆਪ ਨੇ ਮੋਜੂਦਾ ਦਲਿਤ ਲੀਡਰਸ਼ਿਪ ਨੂੰ ਨਕ-ਾਰਦਿਆਂ ਕਿਹਾ ਕਿ ਪੂਨਾ ਪੈਕਟ ਜੋਕਿ ਡਾਕਟਰ ਭੀਮ ਰਾਓ ਅੰਬੇਡਕਰ ਅਤੇ ਕਾਂਗਰਸੀ ਆਗੂ ਮੋਹਨ ਦਾਸ ਕਰਮ ਚੰਦ ਗਾਂਧੀ ਵਿਚਕਾਰ ਸਮਝੋਤਾ ਸੀ ਨੇ ਸਿਰਫ ਚੱਮਚੇ ਹੀ ਪੈਦਾ ਕੀਤੇ ਹਨ। ਉਹ ਅਕਸਰ ਪੂਨਾ ਪੈਕਟ ਦੀ ਵਿਰੋਧਤਾ ਕਰਦਿਆਂ ਕਹਿੰਦੇ ਸਨ ਕਿ ਇਸ ਸਮਝੋਤੇ ਕਾਰਨ ਪੀ ਐਮ ਰਾਮਸੇ ਮੈਕਡੋਨਲਡ ਦੇ ਕਮਿਊਨਲ ਐਵਾਰਡ ਦੁਆਰਾ ਦਿੱਤੇ ਗਏ ਵੱਖਰੇ ਵੋਟ ਦੇ ਅਧਿਕਾਰ ਤੋਂ ਸਦੀਆਂ ਤੋਂ ਲਿਤਾੜੇ ਵਰਗਾਂ ਨੂੰ ਬਾਂਝੇ ਰਹਿਣਾ ਪਿਆ ਹੈ। ਆਪ ਨੇ ਇਸ ਸਬੰਧੀ ਅਪਣੀ ਕਿਤਾਬ ਚੱਮਚਾ ਯੁੱਗ ਵਿੱਚ ਵਿਸਥਾਰ ਵਿੱਚ ਵਰਣਨ ਕੀਤਾ ਹੈ।



ਆਪ ਨੇ ਮੋਜੂਦਾ ਦਲਿਤ ਲੀਡਰਸ਼ਿਪ ਨੂੰ ਨਕਾਰਦਿਆਂ ਕਿਹਾ ਕਿ ਪੂਨਾ ਪੈਕਟ ਜੋਕਿ ਡਾਕਟਰ ਭੀਮ ਰਾਓ ਅੰਬੇਡਕਰ ਅਤੇ ਕਾਂਗਰਸੀ ਆਗੂ ਮੋਹਨ ਦਾਸ ਕਰਮ ਚੰਦ ਗਾਂਧੀ ਵਿਚਕਾਰ ਸਮਝੋਤਾ ਸੀ ਨੇ ਸਿਰਫ ਚੱਮਚੇ ਹੀ ਪੈਦਾ ਕੀਤੇ ਹਨ। ਉਹ ਅਕਸਰ ਪੂਨਾ ਪੈਕਟ ਦੀ ਵਿਰੋਧਤਾ ਕਰਦਿਆਂ ਕਹਿੰਦੇ ਸਨ ਕਿ ਇਸ ਸਮਝੋਤੇ ਕਾਰਨ ਪੀ ਐਮ ਰਾਮਸੇ ਮੈਕਡੋਨਲਡ ਦੇ ਕਮਿਊਨਲ ਐਵਾਰਡ ਦੁਆਰਾ ਦਿੱਤੇ ਗਏ ਵੱਖਰੇ ਵੋਟ ਦੇ ਅਧਿਕਾਰ ਤੋਂ ਸਦੀਆਂ ਤੋਂ ਲਿਤਾੜੇ ਵਰਗਾਂ ਨੂੰ ਬਾਂਝੇ ਰਹਿਣਾ ਪਿਆ ਹੈ। ਆਪ ਨੇ ਇਸ ਸਬੰਧੀ ਅਪਣੀ ਕਿਤਾਬ ਚੱਮਚਾ ਯੁੱਗ ਵਿੱਚ ਵਿਸਥਾਰ ਵਿੱਚ ਵਰਣਨ ਕੀਤਾ ਹੈ। 1973 ਵਿੱਚ ਬੈਕਵਰਡ ਐਂਡ ਮਾਇਨਾਰਿਟੀ ਕਮਿਉਨਿਟੀ ਇੰਮਪਲਾਇਜ਼ ਫੈਡਰੇਸ਼ਨ -ਬਾਮਸੇਫ ਦੀ ਸਥਾਪਨਾ ਕੀਤੀ ਅਤੇ ਇਸਦਾ ਦਫਤਰ 1976 ਵਿੱਚ ਦਿੱਲੀ ਵਿੱਚ ਖੋਲਿਆ ਗਿਆ। ਇਸ ਸੰਸਥਾ ਦਾ ਮੁੱਖ ਉਦੇਸ਼ ਡਾਕਟਰ ਅੰਬੇਡਕਰ ਵਲੋਂ ਦਿੱਤੇ ਗਏ ਪੜ੍ਹੋ, ਜੁੜ੍ਹੋ ਅਤੇ ਸੰਘਰਸ਼ ਕਰੋ ਰੱਖਿਆ ਗਿਆ। ਆਪ ਨੇ ਡਾਕਟਰ ਅੰਬੇਡਕਰ ਅਤੇ ਸਮਾਜ ਦੇ ਹੋਰ ਰਹਿਵਰਾਂ ਦੇ ਵਿਚਾਰ ਲੋਕਾਂ ਤੱਕ ਪਹੁੰਚਾਣ ਲਈ ਅਪਣੇ ਕੁੱਝ ਸਾਥੀਆਂ ਨਾਲ ਸਾਇਕਲ ਯਾਤਰਾ ਕੀਤੀ ਅਤੇ ਬਹੁਜਨ ਹਿਤਾਏ, ਬਹੁਜਨ ਸੁਖਾਏ ਲਹਿਰ ਚਲਾਈ। ਸਾਲ 1980 ਵਿੱਚ ਆਪ ਨੇ ਅੰਬੇਡਕਰ ਮੇਲਾ ਨਾਮ ਤੇ ਪੈਦਲ ਯਾਤਰਾ ਕੀਤੀ। ਡਾਕਟਰ ਅੰਬੇਡਕਰ ਦੇ ਪ੍ਰੀਨਿਰਵਾਣ ਦਿਵਸ ਮੌਕੇ 6 ਦਸੰਬਰ 1981 ਨੂੰ ਦਲਿਤ ਸ਼ੋਸ਼ਿਤ ਸਮਾਜ ਸੰਘਰਸ਼ ਸਮਿਤੀ ਡੀ ਐਸ-4 ਨਾਮ ਦਾ ਸਮਾਜਿਕ ਸੰਗਠਨ ਤਿਆਰ ਕੀਤਾ ਅਤੇ ਡਾਕਟਰ ਅੰਬੇਡਕਰ ਦੇ ਜਨਮ ਦਿਵਸ ਮੌਕੇ 14 ਅਪ੍ਰੈਲ 1984 ਨੂੰ ਰਾਜਨੀਤਿਕ ਪਾਰਟੀ ਬਹੁਜਨ ਸਮਾਜ ਪਾਰਟੀ (ਬੀ ਐਸ ਪੀ) ਬਣਾ ਦਿਤੀ ਅਤੇ ਕਰੋੜ੍ਹਾਂ ਦਲਿਤਾਂ ਦਾ ਸੁਪਨਾ ਪੂਰਾ ਕਰਨ ਲਈ ਦੇਸ਼ ਦੀ ਸੱਤਾ ਤੇ ਕਾਬਜ ਹੋਣ ਦਾ ਐਲਾਨ ਕਰ ਦਿਤਾ। 1989 ਦੀਆਂ ਲੋਕ ਸਭਾ ਚੋਣਾਂ ਵਿੱਚ ਬੀ ਐਸ ਪੀ ਨੇ ਦੇਸ਼ ਵਿੱਚ 2.07 ਫਿਸਦੀ ਵੋਟਾਂ ਪ੍ਰਾਪਤ ਕੀਤੀਆਂ ਅਤੇ 3 ਲੋਕ ਸਭਾ ਮੈਂਬਰ ਬਣੇ। 1992 ਵਿੱਚ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਬਹੁਜਨ ਸਮਾਜ ਪਾਰਟੀ ਇੱਕ ਵੱਡੀ ਰਾਜਨੀਤਿਕ ਪਾਰਟੀ ਵਜੋਂ ਸਾਹਮਣੇ ਆਈ ਜਿਸ ਵਿੱਚ 9 ਵਿਧਾਇਕ ਚੁਣੇ ਗਏ ਅਤੇ ਪੰਜਾਬ ਵਿੱਚ ਮੁੱਖ ਵਿਰੋਧੀ ਪਾਰਟੀ ਬਣੀ। ਸਾਲ 1993 ਵਿੱਚ ਦੇਸ਼ ਦੀ ਰਾਜਨੀਤੀ ਦਾ ਗੜ੍ਹ ਰਹਿਣ ਵਾਲੇ ਉੱਤਰ ਪ੍ਰਦੇਸ਼ ਵਿੱਚ ਬੀ ਐਸ ਪੀ ਨੇ 67 ਵਿਧਾਇਕ ਬਣਾਕੇ ਵੱਡੀ ਜਿੱਤ ਹਾਸਲ ਕੀਤੀ। ਆਪ ਦੋ ਵਾਰ 1991 ਅਤੇ 1996 ਵਿੱਚ ਲੋਕ ਸਭਾ ਮੈਂਬਰ ਚੁਣੇ ਗਏ। ਦੱਸਣ ਯੋਗ ਹੈ ਕਿ 1996 ਵਿੱਚ ਪੰਜਾਬ ਦੇ ਜਿਸ ਲੋਕ ਸਭਾ ਹਲਕੇ ਹੁਸ਼ਿਆਰਪੁਰ ਤੋਂ ਆਪ ਲੋਕ ਸਭਾ ਮੈਂਬਰ ਬਣੇ ਇਸੇ ਹਲਕੇ ਤੋਂ ਹੀ 50 ਸਾਲ ਪਹਿਲਾਂ ਆਦਿ ਧਰਮ ਮੁਹਿੰਮ ਦੇ ਮੋਢੀ ਬਾਬੂ ਮੰਗੂ ਰਾਮ ਮੂਗੋਵਾਲੀਆ ਵਿਧਾਇਕ ਬਣੇ ਸਨ। 18 ਫਰਵਰੀ 2001 ਨੂੰ ਆਦਿ ਧਰਮ ਮੰਡਲ ਦੀ ਸਥਾਪਨਾ ਦੇ 75 ਸਾਲ ਹੋਣ ਤੇ ਬਹੁਜਨ ਸਮਾਜ ਪਾਰਟੀ ਵਲੋਂ ਹੁਸ਼ਿਆਰਪੁਰ ਵਿੱਚ ਇੱਕ ਵਿਸ਼ਾਲ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਆਪ ਨੇ ਆਦਿ ਧਰਮ ਮੁਹਿੰਮ ਦੇ ਸਿਧਾਂਤਾਂ ਤੇ ਚੱਲਣ ਦਾ ਸੁਨੇਹਾ ਦਿਤਾ। 1998 ਵਿੱਚ ਆਪ ਨੇ ਇਹ ਵਾਅਦਾ ਕੀਤਾ ਕਿ ਉਹ ਉਦੋਂ ਤੱਕ ਆਪ ਚੋਣ ਨਹੀਂ ਲੜ੍ਹਣਗੇ ਜਦੋਂ ਤੱਕ ਲੋਕ ਸਭਾ ਵਿੱਚ ਘਟੋ ਘੱਟ 100 ਮੈਂਬਰ ਜਿੱਤਕੇ ਨਹੀਂ ਜਾਂਦੇ ਤਾਂ ਜੋ ਦੇਸ਼ ਦੀ ਸੱਤਾ ਦੀ ਚਾਬੀ ਦਲਿਤਾਂ ਦੇ ਹੱਥਾਂ ਵਿੱਚ ਆ ਸਕੇ। ਉਸਤੋਂ ਬਾਦ ਬਹੁਜਨ ਸਮਾਜ ਪਾਰਟੀ ਬੇਸੱਕ ਪੰਜਾਬ ਵਿੱਚ ਪੂਰੀ ਤਰਾਂ ਕਾਮਯਾਬ ਨਹੀਂ ਹੋ ਸਕੀ ਪਰ ਉੱਤਰ ਪ੍ਰਦੇਸ਼ ਵਿੱਚ ਬੀ ਐਸ ਪੀ ਨੇ ਕਈ ਵਾਰ ਸਰਕਾਰ ਬਣਾਈ। ਆਪ ਦੇਸ਼ ਦੇ ਬਹੁਜਨ ਸਮਾਜ ਨੂੰ ਪ੍ਰਧਾਨ ਮੰਤਰੀ ਦੀ ਕੁਰਸੀ ਤੇ ਬੈਠਾਉਣਾ ਚਾਹੁੰਦੇ ਸਨ ਪਰ ਸਫਲ ਨਾਂ ਹੋ ਸਕੇ। ਸਵਰਗੀ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਈ ਨੇ ਆਪ ਨੂੰ ਰਾਸ਼ਟਰਪਤੀ ਅਹੁਦੇ ਦੀ ਪੇਸ਼ਕਸ਼ ਕੀਤੀ ਪਰੰਤੂ ਆਪ ਨੇ ਸਾਫ ਕਹਿ ਦਿੱਤਾ ਕਿ ਉਹ ਪ੍ਰਧਾਨ ਮੰਤਰੀ ਬਣਨਾ ਚਾਹੁੰਦੇ ਹਨ ਜਿਸ ਨਾਲ ਉਹ ਦਲਿਤਾਂ ਸਮੇਤ ਬਾਕੀ ਲੋਕਾਂ ਦੇ ਭਲੇ ਲਈ ਕੰਮ ਕਰ ਸਕਣ। ਜਿਸਕੀ ਜਿਤਨੀ ਸੰਖਿਆ ਭਾਰੀ ਉਤਨੀ ਉਸਦੀ ਹਿੱਸੇਦਾਰੀ ਦਾ ਨਾਅਰਾ ਦੇਣ ਵਾਲੇ ਕਾਂਸ਼ੀ ਰਾਮ ਸੱਤਾ ਦਾ ਚਸਕਾ ਪਾਕੇ ਸੱਤਾ ਨੂੰ ਦੱਲਿਤਾਂ ਦੇ ਦਰਵਾਜੇ ਤੱਕ ਲਿਆਉਣਾ ਚਾਹੁੰਦੇ ਸਨ। ਉਹ ਰਾਸ਼ਟਰਪਤੀ ਬਣਕੇ ਚੁੱਪਚਾਪ ਬੈਠਣ ਲਈ ਤਿਆਰ ਨਹੀਂ ਹੋਏ। ਉਹ ਸ਼ੂਗਰ ਦੀ ਬਿਮਾਰੀ ਤੋਂ ਪੀੜ੍ਹਿਤ ਸਨ ਅਤੇ 1994 ਵਿੱਚ ਦਿਲ ਦਾ ਦੌਰਾ ਪੈ ਗਿਆ। 2003 ਵਿੱਚ ਆਪ ਦੀ ਹਾਲਤ ਹੋਰ ਜਿਆਦਾ ਖਰਾਬ ਹੋ ਗਈ ਅਤੇ 2004 ਤੋਂ ਬਾਦ ਹਰ ਤਰਾਂ ਦੇ ਜਨਤਕ ਪ੍ਰੋਗਰਾਮਾਂ ਵਿੱਚ ਜਾਣਾ ਬੰਦ ਕਰ ਦਿਤਾ। ਅੰਤ ਮਿਤੀ 09 ਅਕਤੂਬਰ 2006 ਨੂੰ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਦੇ ਪਰਿਵਾਰ ਵਲੋਂ ਬਾਬੂ ਕਾਂਸ਼ੀ ਰਾਮ ਮੈਮੋਰੀਅਲ ਟਰੱਸਟ ਬਣਾਇਆ ਗਿਆ ਹੈ ਜਿਸ ਵਲੋਂ ਬਾਬੂ ਜੀ ਦੀ ਯਾਦ ਵਿੱਚ ਉਨ੍ਹਾ ਦੇ ਨਾਨਕੇ ਪਿੰਡ ਪ੍ਰਿਥੀਪੁਰ ਬੂੰਗਾ ਵਿੱਚ ਬਾਬੂ ਕਾਂਸ਼ੀ ਰਾਮ ਨਾਲ ਜੁੜ੍ਹੀਆਂ ਵਸਤਾਂ ਦੀ ਇੱਕ ਲਾਇਬ੍ਰੇਬੀ ਤਿਆਰ ਕੀਤੀ ਗਈ ਹੈ।

ਇਸ ਟਰਸਟ ਦਾ ਨੀਂਹ ਪੱਥਰ ਮੋਜੂਦਾ ਬੀ ਐਸ ਪੀ ਸੁਪਰੀਮੋ ਕੁਮਾਰੀ ਮਾਇਆਵਤੀ ਨੇ 01 ਅਗਸਤ, 1997 ਨੂੰ ਰੱਖਿਆ ਸੀ ਅਤੇ ਇਸਦਾ ਉਦਘਾਟਨ 15 ਮਾਰਚ, 2013 ਨੂੰ ਪੀ ਐਲ ਪੂਨੀਆ ਚੇਅਰਮੈਨ ਰਾਸ਼ਟਰੀ ਅਨੁਸੂਚਿਤ ਜਾਤਿ ਆਯੋਗ ਨੇ ਕੀਤਾ ਸੀ। ਕਾਂਗਰਸੀ ਆਗੂ ਰਾਜ ਸਭਾ ਮੈਂਬਰ ਸ਼ਮਸੇਰ ਸਿੰਘ ਦੂਲੋਂ ਵਲੋਂ ਇਸ ਪਿੰਡ ਵਿੱਚ ਵਿਸੇਸ ਤੌਰ ਤੇ ਇੱਕ ਭਵਨ ਬਣਵਾਇਆ ਗਿਆ ਹੈ। ਬਾਬੂ ਕਾਂਸ਼ੀ ਰਾਮ ਬੇਸ਼ੱਕ ਬਹੁਜਨ ਸਮਾਜ ਪਾਰਟੀ ਨਾਲ ਹੀ ਜੁੜ੍ਹੇ ਰਹੇ ਪਰੰਤੂ ਹੁਣ ਉਨ੍ਹਾਂ ਨੂੰ ਹਰ ਰਾਜਨੀਤਿਕ ਪਾਰਟੀ ਪੂਰਾ ਮਾਣ ਸਨਮਾਨ ਦਿੰਦੀ ਹੈ ਅਤੇ ਸਮੇਂ ਸਮੇਂ ਤੇ ਸਮਾਜਿਕ, ਧਾਰਮਿਕ ਅਤੇ ਵੱਖ ਵੱਖ ਰਾਜਨੀ-ਤਿਕ ਪਾਰਟੀਆਂ ਦੇ ਹੋਰ ਆਗੂ ਇਸ ਟਰੱਸਟ ਵਿੱਚ ਆਂਦੇ ਹਨ ਅਤੇ ਬਾਬੂ ਜੀ ਦੇ ਸੰ-ਘਰਸ਼ਮਈ ਜੀਵਨ ਤੋਂ ਸੇਧ ਲੈਂਦੇ ਹਨ। ਹਰ ਸਾਲ ਦੀ ਤਰ੍ਹਾਂ ਅੱਜ 15 ਮਾਰਚ, 2022 ਨੂੰ ਇਸ ਟਰੱਸਟ ਵਲੋਂ ਬਾਬੂ ਜੀ ਦੇ ਜਨਮ ਦਿਵਸ ਸਬੰਧੀ ਵਿਸੇਸ ਸਮਾਗਮ ਕਰਵਾਇਆ ਜਾ ਰਿਹਾ ਹੈ ਜਿਸ ਵਿੱਚ ਵੱਖ ਵੱਖ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਆਗੂ ਪਹੁੰਚਕੇ ਉਨ੍ਹਾਂ ਦੇ ਸੰਘਰਸ਼ਮਈ ਜੀਵਨ ਬਾਰੇ ਵਿਚਾਰ ਵਟਾਂਦਰਾ ਕਰਨਗੇ।

# 21 ਮਾਰਚ 2022 ਲਈ ਨਸਲੀ ਵਿਤਕਰੇ ਦੇ ਖਾਤਮੇ ਲਈ ਅੰਤਰਰਾਸ਼ਟਰੀ ਦਿਵਸ ਸਬੰਧੀ ਵਿਸ਼ੇਸ਼



ਕੁਲਦੀਪ ਚੰਦ
91-9417563054

ਸੰਸਾਰ ਦੇ ਵੱਖ ਵੱਖ ਹਿੱਸਿਆਂ ਵਿੱਚ ਨਸਲ ਅਧਾਰ ਤੇ ਵਿਤਕਰੇ ਅਤੇ ਪੱਖਪਾਤ ਦੀ ਕੁਪ੍ਰਥਾ ਲੰਬਾ ਸਮਾਂ ਕਾਇਮ ਰਹੀ ਹੈ ਅਤੇ ਇਸਨੂੰ ਖਤਮ ਕਰਨ ਲਈ ਅਣਗਿਣਤ ਅੰਦੋਲਨ ਕੀਤੇ ਗਏ ਹਨ। ਨੋਬਲ ਪੁਰਸਕਾਰ ਜੇਤੂ ਨੈਲਸਨ ਮੰਡੇਲਾ ਰੰਗਭੇਦ ਦੇ ਵਿਰੁੱਧ ਅਭਿਆਨ ਚਲਾਉਣ ਵਾਲੇ ਇੱਕ ਪ੍ਰਮੁੱਖ ਨੇਤਾ ਸਨ। ਉਹਨਾਂ ਨੇ ਆਪਣੀ ਜ਼ਿੰਦਗੀ ਦੇ 27 ਸਾਲ ਰਾਬੇਨ ਟਾਪੂ ਤੇ ਜੇਲ੍ਹ ਵਿੱਚ ਰੰਗ-ਭੇਦ ਨੀਤੀ ਦੇ ਖਿਲਾਫ ਲੜਦੇ ਹੋਏ ਬਿਤਾਏ। ਦੱਖਣੀ ਅਫਰੀਕਾ ਅਤੇ ਸਮੁੱਚੇ ਸੰਸਾਰ ਵਿੱਚ ਰੰਗਭੇਦ ਨੀਤੀ ਦਾ ਵਿਰੋਧ ਕਰਦੇ ਹੋਏ ਜਿੱਥੇ ਨੈਲਸਨ ਮੰਡੇਲਾ ਪੂਰੀ ਦੁਨੀਆ ਵਿੱਚ ਆਜ਼ਾਦੀ ਅਤੇ ਸਮਾਨਤਾ ਦੇ ਪ੍ਰਤੀਕ ਬਣ ਗਏ ਸਨ ਉਥੇ ਰੰਗਭੇਦ ਦੀ ਨੀਤੀ ਉੱਤੇ ਚਲਣ ਵਾਲੀ ਸਰਕਾਰਾਂ ਨੈਲਸਨ ਮੰਡੇਲਾ ਨੂੰ ਕਮਿਊਨਿਸਟ ਅਤੇ ਆਤੰਕਵਾਦੀ ਦੱਸਦੀਆਂ ਸਨ ਅਤੇ ਅਫਰੀਕਨ ਨੈਸ਼ਨਲ ਕਾਂਗਰਸ ਨੂੰ ਅਜਿਹੇ ਲੋਕਾਂ ਦੀ ਪਨਾਹਗਾਹ ਮੰਨਦੇ ਸਨ। ਹਰ ਸਾਲ 21 ਮਾਰਚ ਨੂੰ ਨਸਲੀ ਵਿਤਕਰੇ ਦੇ ਖਾਤਮੇ ਲਈ ਅੰਤਰ-ਰਾਸ਼ਟਰੀ ਦਿਵਸ ਵਜੋਂ ਮਨਾਇਆ ਜਾਂਦਾ ਹੈ। ਇਤਿਹਾਸ ਗਵਾਹ ਹੈ ਕਿ ਦੱਖਣੀ ਅਫ਼ਰੀਕਾ ਵਿੱਚ ਗੋਰਿਆਂ ਅਤੇ ਕਾਲੇ ਲੋਕਾਂ ਦਰਮਿਆਨ ਨਸਲੀ ਵਿਤਕਰੇ ਦੇ ਕਾਰਨ ਭਾਰਤੀ ਕਾਂਗਰਸੀ ਆਗੂ ਗਾਂਧੀ ਨੂੰ ਵੀ ਅਪਮਾਨ ਦਾ ਸਾਹਮਣਾ ਕਰਨਾ ਪਿਆ। 21 ਮਾਰਚ 1960 ਨੂੰ ਪੁਲਿਸ ਨੇ ਰੰਗਭੇਦ ਸਬੰਧੀ ਪਾਸ ਕਾਨੂੰਨਾਂ ਦੇ ਵਿਰੁੱਧ ਦੱਖਣੀ ਅਫਰੀਕਾ ਦੇ ਸ਼ਾਰਪਵਿਲੇ ਵਿੱਚ ਇੱਕ ਸ਼ਾਂਤਮਈ ਪ੍ਰਦਰਸ਼ਨ ਤੇ ਗੋਲੀਬਾਰੀ ਕੀਤੀ ਸੀ ਜਿਸ ਵਿੱਚ 69 ਲੋਕ ਮਾਰੇ ਗਏ ਅਤੇ 180 ਜ਼ਖਮੀ ਹੋਏ ਸਨ। ਸਾਲ 1966 ਵਿੱਚ ਇਸ ਦਿਨ ਦਾ ਐਲਾਨ ਕਰਦੇ ਹੋਏ ਸੰਯੁਕਤ ਰਾਸ਼ਟਰ ਮਹਾਸਭਾ ਨੇ ਅੰਤਰਰਾਸ਼ਟਰੀ ਭਾਈਚਾਰੇ ਨੂੰ ਹਰ ਕਿਸਮ ਦੇ ਨਸਲੀ ਵਿਤਕਰੇ ਨੂੰ ਖਤਮ ਕਰਨ ਲਈ ਆਪਣੇ ਯਤਨਾਂ ਨੂੰ ਦੁੱਗਣਾ ਕਰਨ ਲਈ ਕਿਹਾ ਸੀ। 1979 ਵਿੱਚ ਸੰਯੁਕਤ ਰਾਸ਼ਟਰ ਜਨਰਲ ਅਸੈਂਬਲੀ ਨੇ ਨਸਲਵਾਦ ਅਤੇ ਨਸਲੀ ਵਿਤਕਰੇ ਦਾ ਮੁਕਾਬਲਾ ਕਰਨ ਲਈ ਦਹਾਕੇ ਦੇ ਦੂਜੇ ਅੱਧ ਦੌਰਾਨ ਕੀਤੀਆਂ ਜਾਣ ਵਾਲੀਆਂ ਗਤੀਵਿਧੀਆਂ ਦਾ ਇੱਕ ਪ੍ਰੋਗਰਾਮ ਅਪਣਾਇਆ ਸੀ। ਜਨਰਲ ਅਸੈਂਬਲੀ ਨੇ ਫੈਸਲਾ ਕੀਤਾ ਕਿ 21 ਮਾਰਚ ਤੋਂ ਸ਼ੁਰੂ ਹੋ ਕੇ ਨਸਲਵਾਦ ਅਤੇ ਨਸਲੀ ਵਿਤਕਰੇ ਵਿਰੁੱਧ ਸੰਘਰਸ਼ ਕਰ ਰਹੇ ਲੋਕਾਂ ਨਾਲ ਇਕਜੁੱਟਤਾ ਦਾ ਇੱਕ ਹਫ਼ਤਾ ਹਰ ਸਾਲ ਸਾਰੇ ਦੇਸ਼ਾਂ ਵਿੱਚ ਆਯੋਜਿਤ ਕੀਤਾ ਜਾਵੇਗਾ। ਉਦੋਂ ਤੋਂ ਦੱਖਣੀ ਅਫ਼ਰੀਕਾ ਵਿੱਚ ਰੰਗਭੇਦ ਪ੍ਰਣਾਲੀ ਨੂੰ ਖਤਮ ਕਰ ਦਿੱਤਾ ਗਿਆ ਹੈ। ਬਹੁਤ ਸਾਰੇ ਦੇਸ਼ਾਂ ਵਿੱਚ ਨਸਲੀ ਕਾਨੂੰਨਾਂ ਅਤੇ ਅਭਿਆਸਾਂ ਨੂੰ ਖਤਮ ਕਰ ਦਿੱਤਾ ਗਿਆ ਹੈ ਅਤੇ ਨਸਲੀ ਵਿਤਕਰੇ ਦੇ ਖਾਤਮੇ ਲਈ ਅੰਤਰਰਾਸ਼ਟਰੀ ਕਨਵੈਨਸ਼ਨ ਦੁਆਰਾ ਸੇਧਿਤ ਨਸਲਵਾਦ ਨਾਲ ਲੜਨ ਲਈ ਇੱਕ ਅੰਤਰਰਾਸ਼ਟਰੀ ਢਾਂਚਾ ਬਣਾਇਆ ਹੈ। ਕਨਵੈਨਸ਼ਨ ਹੁਣ ਵਿਸ਼ਵਵਿਆਪੀ ਪ੍ਰਵਾਨਗੀ ਦੇ ਨੇੜੇ ਹੈ ਫਿਰ ਵੀ ਅਜੇ ਕਈ ਖੇਤਰਾਂ ਵਿੱਚ ਬਹੁਤ ਸਾਰੇ ਵਿਅਕਤੀਆਂ ਨੂੰ ਨਸਲਵਾਦ ਦੇ ਕਾਰਨ ਬੇਇਨਸਾਫ਼ੀ ਅਤੇ ਕਲੰਕ ਦਾ ਸਾਹਮਣਾ ਕਰਨਾ ਪੈਂਦਾ ਹੈ। ਅਸਲ ਵਿੱਚ ਨਸਲਵਾਦ ਇੱਕ ਸਭਿਅਕ ਸਮਾਜ ਵਿੱਚ ਇੱਕ ਗੈਰ-ਕਾਨੂੰਨੀ ਅਭਿਆਸ ਹੈ ਜੋ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਦਾ ਹੈ। ਸਾਰੇ ਲੋਕਾਂ ਲਈ ਹਰ ਤਰ੍ਹਾਂ ਦੇ ਬਰਾਬਰ ਮੌਕੇ ਮੌਜੂਦ ਹੋਣੇ ਚਾਹੀਦੇ ਹਨ। ਸਮੂਹ ਨਾਗਰਿਕਾਂ ਨੂੰ ਜਾਤ, ਧਰਮ, ਰੰਗ, ਕੌਮੀਅਤ ਜਾਂ ਨਸਲੀ ਮੂਲ ਦੀ ਪਰਵਾਹ ਕੀਤੇ ਬਿਨਾਂ ਆਪਣੀ ਪੂਰੀ ਸਮਰੱਥਾ ਨੂੰ ਪ੍ਰਗਟਾਉਣ ਦਾ ਅਧਿਕਾਰ ਹੋਣਾ ਚਾਹੀਦਾ ਹੈ। ਨਸਲਵਾਦ ਅਤੇ ਨਸਲੀ ਵਿਤਕਰਾ ਮਨੁੱਖਤਾ ਦੇ ਵਿਰੁੱਧ ਇੱਕ ਅਜਿਹੀ ਸਥਿਤੀ ਹੈ ਜੋ ਮਨੁੱਖ ਨੂੰ ਜਾਨਵਰਾਂ ਵਾਂਗ ਗੈਰ-ਸਭਿਆਚਾਰੀ ਬਣਾ ਦਿੰਦੀ ਹੈ। ਇਸ ਦੇ ਉਲੱਟ ਹਰ ਵਿਅੱਕਤੀ ਦੀ ਸ਼ਾਨ ਅਤੇ ਯੋਗਤਾ ਨੂੰ ਪਛਾਣਿਆ ਜਾਣਾ ਚਾਹੀਦਾ ਹੈ ਅਤੇ ਉਸ ਨੂੰ ਬਣਦਾ ਸਤਿਕਾਰ ਦਿੱਤਾ ਜਾਣਾ ਚਾਹੀਦਾ ਹੈ। ਨਸਲੀ ਵਿਤਕਰੇ ਦਾ ਖਾਤਮਾ ਸਮਾਜਿਕ ਵਿਕਾਸ ਦੀ ਆਦਰਸ਼ ਸਥਿਤੀ ਹੈ। ਜੇਕਰ ਹਰ ਵਿਅਕਤੀ ਮਨੁੱਖੀ ਵਿਕਾਸ ਵਿੱਚ ਹਿੱਸਾ ਲੈਕੇ ਇੱਕ ਸ਼ਾਂਤੀਪੂਰਨ ਅਤੇ ਖੁਸ਼ਹਾਲ ਸਮਾਜ ਦੀ ਅਗਵਾਈ ਕਰੇਗਾ ਤਾਂ ਹੀ ਸਮਾਜ ਦਾ ਅਸਲੀ ਵਿਕਾਸ ਹੋਵੇਗਾ ਅਤੇ ਇਹ ਸਾਡੇ ਸਾਰਿਆਂ ਦੀ ਸਮਾਜਿਕ ਅਤੇ ਨੈਤਿਕ ਜ਼ਿੰਮੇਵਾਰੀ ਹੈ। ਸਾਲ 2001 ਵਿੱਚ ਨਸਲਵਾਦ ਦੇ ਵਿਰੁੱਧ ਵਿਸ਼ਵ ਕਾਨਫਰੰਸ ਨੇ ਨਸਲਵਾਦ, ਨਸਲੀ ਵਿਤਕਰੇ ਅਤੇ ਸੰਬੰਧਿਤ ਅਸਹਿਣਸ਼ੀਲਤਾ ਦਾ ਮੁਕਾਬਲਾ ਕਰਨ ਲਈ ਸਭ ਤੋਂ ਅਧਿਕਾਰਤ ਅਤੇ ਵਿਆਪਕ ਪ੍ਰੋਗਰਾਮ ਤਿਆਰ ਕੀਤਾ ਜਿਸਨੂੰ ਡਰਬਨ ਘੋਸ਼ਣਾ ਕਿਹਾ ਜਾਂਦਾ ਹੈ। ਅਪ੍ਰੈਲ 2009 ਵਿੱਚ ਡਰਬਨ ਰਿਵਿਊ ਕਾਨਫਰੰਸ ਨੇ ਨਸਲਵਾਦ ਦੀ ਸਮੱਸਿਆ ਤੇ ਕਾਬੂ ਪਾਉਣ ਲਈ ਵਿਸ਼ਵ ਵਿਆਪੀ ਤਰੱਕੀ ਦੀ ਜਾਂਚ ਕੀਤੀ ਅਤੇ ਸਿੱਟਾ ਕੱਢਿਆ ਕਿ ਅਜੇ ਬਹੁਤ ਕੁੱਝ ਕਰਨਾ ਬਾਕੀ ਹੈ। ਇਸ ਕਾਨਫਰੰਸ ਦੀ ਸਭ ਤੋਂ ਵੱਡੀ ਪ੍ਰਾਪਤੀ ਨਸਲਵਾਦ ਵਿਰੋਧੀ ਏਜੰਡੇ ਲਈ ਨਵੀਂ ਅੰਤਰਰਾਸ਼ਟਰੀ ਬਚਨਵੱਧਤਾ ਸੀ। ਸਤੰਬਰ 2011 ਵਿੱਚ ਸੰਯੁਕਤ ਰਾਸ਼ਟਰ ਜਨਰਲ ਅਸੈਂਬਲੀ ਨੇ ਡਰਬਨ ਘੋਸ਼ਣਾ ਪੱਤਰ ਅਤੇ ਪ੍ਰੋਗਰਾਮ ਆਫ਼ ਐਕਸ਼ਨ ਨੂੰ ਅਪਣਾਏ ਜਾਣ ਦੀ 10ਵੀਂ ਵਰ੍ਹੇਗੰਢ ਮਨਾਉਣ ਲਈ ਨਿਊਯਾਰਕ ਵਿੱਚ ਇੱਕ ਦਿਨ ਦੀ ਉੱਚ-ਪੱਧਰੀ ਮੀਟਿੰਗ ਕੀਤੀ ਜਿਸ ਵਿੱਚ ਵੱਡੀ ਗਿਣਤੀ ਵਿੱਚ ਵੱਖ ਵੱਖ ਦੇਸ਼ਾਂ ਦੇ ਆਗੂਆਂ ਨੇ ਭਾਗ ਲਿਆ। ਇਸ ਮੀਟਿੰਗ ਵਿੱਚ ਹਾਜਰ ਵਿਸ਼ਵ ਨੇਤਾਵਾਂ ਨੇ ਸਹਿਮਤੀ ਨਾਲ ਇੱਕ ਰਾਜਨੀਤਿਕ ਘੋਸ਼ਣਾ ਨੂੰ ਅਪਣਾਇਆ ਜਿਸ ਵਿੱਚ ਨਸਲਵਾਦ, ਨਸਲੀ ਵਿਤਕਰੇ ਅਤੇ ਸੰਬੰਧਿਤ ਅਸਹਿਣਸ਼ੀਲਤਾ ਅਤੇ ਇਸਦੇ ਪੀੜ੍ਹਿਤਾਂ ਦੀ ਸੁਰੱਖਿਆ ਕਰਨਾ ਸੀ। ਨਸਲਵਾਦ ਅਤੇ ਨਸਲੀ ਵਿਤਕਰੇ ਤੋਂ ਪ੍ਰਭਾਵਿਤ ਦੇਸ਼ਾਂ ਲਈ ਇਸ ਕੁਪ੍ਰਥਾ ਵਿਰੁੱਧ ਲੜਾਈ ਲਈ ਮਜ਼ਬੂਤ ????ਸੰਕਲਪ ਬਣਾਉਣ ਦਾ ਐਲਾਨ ਕੀਤਾ ਗਿਆ ਜਿਵੇਂ ਕਿ 2011 ਅੰਤਰਰਾਸ਼ਟਰੀ ਸਾਲ ਦੌਰਾਨ ਅਫਰੀਕੀ ਮੂਲ ਦੇ ਲੋਕਾਂ ਲਈ ਹੋਇਆ ਸੀ। ਇਸ ਤਰ੍ਹਾਂ 10ਵੀਂ ਵਰ੍ਹੇਗੰਢ ਨਸਲਵਾਦ ਅਤੇ ਨਸਲੀ ਵਿਤਕਰੇ ਨਾਲ ਲੜ੍ਹਣ ਵਿੱਚ ਰਾਜਨੀਤਿਕ ਬਚਨਵੱਧਤਾ ਨੂੰ ਮਜ਼ਬੂਤ ??ਕਰਨ ਦਾ ਇੱਕ ਮੌਕਾ ਸੀ। 25 ਮਈ 2020 ਨੂੰ ਸਾਰੀ ਦੁਨੀਆ ਕੋਵਿਡ-19 ਨਾਂ ਦੇ ਵਾਇਰਸ ਨਾਲ ਲੜ ਰਹੀ ਸੀ ਪਰ ਅਮਰੀਕਾ ਵਿੱਚ ਜਾਰਜ ਫਲਾਇਡ ਨਾਂ ਦੇ ਵਿਅਕਤੀ ਨੂੰ ਇਕ ਹੋਰ ਵਾਇਰਸ ਨਸਲਵਾਦ ਕਾਰਨ ਆਪਣੀ ਜਾਨ ਗੁਆਉਣੀ ਪਈ। ਇਹ ਨਸਲਵਾਦ ਸਦੀਆਂ ਤੋਂ ਅਮਰੀਕਾ ਦੇ ਸਮਾਜ ਵਿੱਚ ਫੈਲਿਆ ਹੋਇਆ ਹੈ ਅਤੇ ਵਿਸ਼ਵਾਸ ਕਰੋ ਜਾਰਜ ਫਲਾਇਡ ਨਾ ਤਾਂ ਇਸਦਾ ਪਹਿਲਾ ਸ਼ਿਕਾਰ ਹੈ ਅਤੇ ਨਾ ਹੀ ਆਖਰੀ। ਜਦੋਂ ਗੋਰੇ ਅਤੇ ਕਾਲੇ ਯਾਨੀ ਨਸਲਵਾਦ ਦੀ ਇਹ ਲੜਾਈ ਅਮਰੀਕਾ ਤੋਂ ਭਾਰਤ ਵਿੱਚ ਆਉਂਦੀ ਹੈ ਤਾਂ ਇਹ ਇੱਥੋਂ ਦੇ ਮਾਹੌਲ ਅਨੁਸਾਰ ਆਪਣੇ ਆਪ ਨੂੰ ਰੰਗਵਾਦ ਵਿੱਚ ਬਦਲ ਦਿੰਦੀ ਹੈ। ਵੱਖ-ਵੱਖ ਨਸਲਾਂ ਦੀ ਇਹ ਲੜਾਈ ਭਾਰਤ ਵਿੱਚ ਆਕੇ ਰੰਗਾਂ ਦੀ ਲੜ੍ਹਾਈ ਬਣ ਜਾਂਦੀ ਹੈ। ਭਾਰਤ ਵਿਚ ਰੰਗ-ਰੂਪ ਨੂੰ ਖੂਬਸੂਰਤੀ ਨਾਲ ਜੋੜ੍ਹਕੇ ਦੇਖਣਾ ਕੋਈ ਨਵੀਂ ਗੱਲ ਨਹੀਂ ਹੈ। ਇਸ ਦੀਆਂ ਜੜ੍ਹਾਂ ਸਾਡੇ ਸਮਾਜ ਅਤੇ ਲੋਕਾਂ ਦੀ ਸੋਚ ਵਿੱਚ ਡੂੰਘੀਆਂ ਪੈ ਗਈਆਂ ਹਨ। ਗੋਰੇ ਅਤੇ ਕਾਲੇ ਰੰਗ ਦੀ ਇਸ ਲੜਾਈ ਵਿੱਚ ਅਸੀਂ ਕਦੇ ਵੀ ਇਸ ਵਿਤਕਰੇ ਨੂੰ ਖਤਮ ਕਰਨ ਵੱਲ ਧਿਆਨ ਨਹੀਂ ਦਿੱਤਾ। ਸਾਡਾ ਧਿਆਨ ਹਮੇਸ਼ਾ ਇਸ ਗੱਲ ਤੇ ਰਿਹਾ ਹੈ ਕਿ ਕਾਲੇਪਨ ਨੂੰ ਦੂਰ ਕਰਕੇ ਚਿੱਟੇ ਰੰਗ ਵਿਚ ਕਿਵੇਂ ਬਦਲਿਆ ਜਾਵੇ। ਭਾਰਤ ਵਿੱਚ ਚਿੱਟੀ ਚਮੜੀ ਦੇ ਟੋਨ ਦਾ ਜਨੂੰਨ ਖਤਰਨਾਕ ਹੈ। ਵਿਆਹਾਂ ਦੇ ਇਸ਼ਤਿਹਾਰਾਂ ਵਿੱਚ ਲੋਕ ਇਸ ਚਮੜੀ ਦੇ ਟੋਨ ਨੂੰ ਵੇਖਦੇ ਹਨ। ਇੰਨਾ ਹੀ ਨਹੀਂ ਭਾਰਤ ਵਿੱਚ ਸਾਲਾਂ ਤੋਂ ਰੰਗ ਰੋਰਾ ਕਰਨ ਵਾਲੀਆਂ ਕਰੀਮਾਂ ਦੀ ਵਰਤੋਂ ਅਤੇ ਪ੍ਰਸਿੱਧੀ ਹੈ ਫਿਰ ਵੀ ਕਿਸੇ ਨੇ ਵੀ ਅਜਿਹੇ ਉਤਪਾਦਨਾਂ ਦਾ ਨੋਟਿਸ ਨਹੀਂ ਲਿਆ ਜੋ ਰੰਗ ਪੱਖਪਾਤ ਦੀ ਵਕਾਲਤ ਕਰਦੇ ਹਨ। ਬਹੁਤੇ ਇਸ਼ਤਿਹਾਰਾਂ ਵਿੱਚ ਅਕਸਰ ਵੇਖਣ ਨੂੰ ਮਿਲਦਾ ਹੈ ਕਿ ਇੱਕ ਚੰਗੀ ਪਤਨੀ ਅਤੇ ਚੰਗੀ ਨੂੰਹ ਬਣਨ ਲਈ ਤੁਹਾਨੂੰ ਗੋਰਾ ਰੰਗ ਕਰਨ ਵਾਲੀਆਂ ਕਰੀਮ ਲਗਾਉਣੀ ਚਾਹੀਦੀ ਹੈ। ਇਹ ਵੀ ਵਿਖਾਇਆ ਜਾਂਦਾ ਹੈ ਕਿ ਤੁਸੀਂ ਜ਼ਿੰਦਗੀ ਵਿਚ ਕਿਤੇ ਵੀ ਪਹੁੰਚ ਸਕਦੇ ਹੋ ਪਰ ਤੁਸੀਂ ਉਦੋਂ ਹੀ ਸਫਲ ਹੋਵੋਗੇ ਜਦੋਂ ਤੁਸੀਂ ਸੁੰਦਰ ਦਿਖੋਗੇ ਅਤੇ ਤੁਸੀਂ ਉਦੋਂ ਹੀ ਸੁੰਦਰ ਦਿਖੋਗੇ ਜਦੋਂ ਤੁਸੀਂ ਇਸ ਵਿਸ਼ੇਸ਼ ਕੰਪਨੀ ਦੀ ਫੇਅਰਨੈਸ ਕਰੀਮ ਲਗਾ ਕੇ ਆਪਣੀ ਚਮੜੀ ਨੂੰ ਗੋਰੀ ਬਣਾਉਂਦੇ ਹੋ। ਕਾਲਾ ਰੰਗ ਹੋਣਾ ਭਾਰਤ ਦੀ ਸਭ ਤੋਂ ਵੱਡੀ ਸਮੱਸਿਆ ਹੈ ਅਤੇ ਇਹ ਸਮੱਸਿਆ ਉਸ ਸਮੇਂ ਹੋਰ ਵੀ ਵੱਡੀ ਹੋ ਜਾਂਦੀ ਹੈ ਜਦੋਂ ਇਹ ਹੋਰ ਕੁਰੀਤੀਆਂ ਨਾਲ ਰਲ ਜਾਂਦੀ ਹੈ। ਮਿਸਾਲ ਦੇ ਤੌਰ ਤੇ ਜੇਕਰ ਇੱਥੇ ਕੋਈ ਲੜਕੀ ਕਾਲੇ ਰੰਗ ਦੀ ਪੈਦਾ ਹੁੰਦੀ ਹੈ ਤਾਂ ਉਸ ਦੇ ਮਾਪੇ ਉਸ ਦੇ ਵਿਆਹ ਦੇ ਦਾਜ ਦੀ ਚਿੰਤਾ ਕਰਨ ਲੱਗ ਪੈਂਦੇ ਹਨ। ਉਨ੍ਹਾਂ ਨੂੰ ਪਤਾ ਹੈ ਕਿ ਉਨ੍ਹਾਂ ਦੀ ਧੀ ਸਮਾਜ ਦੀਆਂ ਨਜ਼ਰਾਂ ਵਿਚ ਸੋਹਣੀ ਨਹੀਂ ਹੈ ਅਤੇ ਵਿਆਹ ਕਰਵਾਉਣ ਲਈ ਉਨ੍ਹਾਂ ਨੂੰ ਸਹੁਰਿਆਂ ਨੂੰ ਵੱਧ ਦਾਜ ਦੇਣਾ ਪਵੇਗਾ। ਸਾਡੀ ਬਾਲੀਵੁੱਡ ਇੰਡਸਟਰੀ ਵਿੱਚ ਵੀ ਰੰਗ ਅਧਾਰਿਤ ਵਿਤਕਰਾ ਵੇਖਣ ਨੂੰ ਨਜਰ ਆਂਦਾ ਹੈ ਅਤੇ ਕਾਲੇ ਰੰਗ ਦੇ ਐਕਟਰ ਵਧੀਆ ਰੋਲ ਵਿੱਚ ਨਜਰ ਨਹੀਂ ਆਂਦੇ ਹਨ। ਨਸਲੀ ਵਿਤਕਰੇ ਵਿਰੋਧੀ ਰੋਸ ਪ੍ਰਦਰਸ਼ਨਾਂ ਤੋਂ ਬਾਅਦ ਬਹੁਤ ਸਾਰੇ ਬ੍ਰਾਂਡਾਂ ਨੇ ਆਪਣੇ ਉਤਪਾਦਾਂ ਦੇ ਨਾਮ ਬਦਲਣ ਦਾ ਫੈਸਲਾ ਕੀਤਾ ਹੈ। 'ਡਾਰਕ ਇਜ਼ ਬਿਊਟੀਫੁੱਲ' ਮੁਹਿੰਮ ਦੀ ਅਗਵਾਈ ਕਰਨ ਵਾਲੀ ਔਰਤ ਕਵਿਤਾ ਇਮੈਨੁਅਲ ਨੇ ਅਪਣੇ ਇੱਕ ਇੰਟਰਵਿਊ ਵਿੱਚ ਕਿਹਾ ਸੀ ਪਿਛਲੇ ਕਈ ਸਾਲਾਂ ਵਿੱਚ ਹੋਏ ਨੁਕਸਾਨ ਨੂੰ ਪੂਰਾ ਕਰਨ ਲਈ ਨਾਂ ਬਦਲਣਾ ਕਾਫੀ ਨਹੀਂ ਹੋਵੇਗਾ। ਉਸਨੇ ਅੱਗੇ ਅਜਿਹੇ ਉਤਪਾਦਾਂ ਨੂੰ ਬੰਦ ਕਰਨ ਦਾ ਪ੍ਰਸਤਾਵ ਦਿੱਤਾ ਤਾਂ ਜੋ ਵੱਧ ਤੋਂ ਵੱਧ ਔਰਤਾਂ ਰੰਗ ਦੀ ਪਰਵਾਹ ਕੀਤੇ ਬਿਨਾਂ ਅਪਣੀ ਪਹਿਚਾਣ ਬਣਾ ਸਕਣ। ਇਸ ਤਰ੍ਹਾਂ ਅਜਿਹੀਆਂ ਕਈ ਉਦਾਹਰਣਾਂ ਹਨ ਜਿੱਥੇ ਰੰਗ, ਨਸਲ ਅਤੇ ਨਸਲ ਦੇ ਅਧਾਰ ਤੇ ਲੋਕਾਂ ਨਾਲ ਵਿਤਕਰਾ ਹੁੰਦਾ ਦੇਖਿਆ ਗਿਆ ਹੈ। ਭਾਰਤ ਵਿੱਚ ਨਸਲਵਾਦ ਮੌਜੂਦ ਹੈ ਪਰੰਤੂ ਅਸੀਂ ਇਸਨੂੰ ਕਦੇ ਵੀ ਗੰਭੀਰ ਮੁੱਦਾ ਨਹੀਂ ਸਮਝਿਆ ਹੈ। ਸਤੰਬਰ 2021 ਵਿੱਚ ਸੰਯੁਕਤ ਰਾਸ਼ਟਰ ਜਨਰਲ ਅਸੈਂਬਲੀ ਨੇ "ਮੁਆਵਜ਼ਾ ਨਸਲੀ ਨਿਆਂ ਅਤੇ ਲੋਕਾਂ ਲਈ ਬਰਾਬਰੀ" ਦੇ ਥੀਮ ਹੇਠ ਡਰਬਨ ਘੋਸ਼ਣਾ ਪੱਤਰ ਅਤੇ ਕਾਰਵਾਈ ਦੇ ਪ੍ਰੋਗਰਾਮ ਨੂੰ ਅਪਣਾਏ ਜਾਣ ਦੀ 20ਵੀਂ ਵਰ੍ਹੇਗੰਢ ਨੂੰ ਮਨਾਉਣ ਲਈ ਨਿਊਯਾਰਕ ਵਿੱਚ ਇੱਕ ਦਿਨ ਦੀ ਮੀਟਿੰਗ ਲਈ ਵਿਸ਼ਵ ਨੇਤਾਵਾਂ ਨੂੰ ਇਕੱਠਾ ਕੀਤਾ। ਨਸਲਵਾਦ ਦੇ ਖਿਲਾਫ ਕਾਰਵਾਈ ਲਈ ਅੰਤਰਰਾਸ਼ਟਰੀ ਦਿਵਸ ਦਾ 2022 ਲਈ ਐਡੀਸ਼ਨ "ਨਸਲਵਾਦ ਵਿਰੁੱਧ ਕਾਰਵਾਈ ਲਈ ਆਵਾਜ਼ ਦੇ ਉਦੇਸ਼ ਤੇ ਕੇਂਦਰਿਤ ਹੈ।" ਇਸ ਐਡੀਸ਼ਨ ਦਾ ਉਦੇਸ਼ ਖਾਸ ਤੌਰ ਤੇ ਨਸਲੀ ਵਿਤਕਰੇ ਨੂੰ ਰੋਕਣ ਅਤੇ ਇਸ ਦਾ ਮੁਕਾਬਲਾ ਕਰਨ ਲਈ ਫੈਸਲੇ ਲੈਣ ਦੇ ਸਾਰੇ ਖੇਤਰਾਂ ਵਿੱਚ ਅਰਥਪੂਰਨ ਅਤੇ ਸੁਰੱਖਿਅਤ ਜਨਤਕ ਭਾਗੀਦਾਰੀ ਅਤੇ ਪ੍ਰਤੀਨਿਧਤਾ ਨੂੰ ਮਜ਼ਬੂਤ ??ਕਰਨ ਦੇ ਮਹੱਤਵ ਨੂੰ ਉਜਾਗਰ ਕਰਨਾ, ਪ੍ਰਗਟਾਵੇ ਦੀ ਆਜ਼ਾਦੀ ਅਤੇ ਸ਼ਾਂਤਮਈ ਇਕੱਠ ਅਤੇ ਨਾਗਰਿਕ ਸਥਾਨ ਦੀ ਰੱਖਿਆ ਦੇ ਅਧਿਕਾਰਾਂ ਲਈ ਪੂਰੇ ਸਨਮਾਨ ਦੀ ਮਹੱਤਤਾ ਦੀ ਪੁਸ਼ਟੀ ਕਰਨਾ ਅਤੇ ਉਹਨਾਂ ਵਿਅਕਤੀਆਂ ਅਤੇ ਸੰਸਥਾਵਾਂ ਦੇ ਯੋਗਦਾਨ ਨੂੰ ਮਾਨਤਾ ਦੇਣਾ ਹੈ ਜੋ ਨਸਲੀ ਵਿਤਕਰੇ ਅਤੇ ਉਹਨਾਂ ਨੂੰ ਦਰਪੇਸ਼ ਚੁਣੌਤੀਆਂ ਦੇ ਵਿਰੁੱਧ ਖੜੇ ਹਨ। ਇਹ ਸਧਾਰਨ ਸੰਦੇਸ਼ ਹਰ ਥਾਂ ਦੇ ਲੋਕਾਂ ਨੂੰ ਨਸਲਵਾਦ ਦੇ ਵਿਰੁੱਧ ਆਪਣੀ ਆਵਾਜ਼ ਨੂੰ ਮਜ਼ਬੂਤ ????ਕਰਨ ਅਤੇ ਇੱਕਜੁੱਟ ਕਰਨ, ਨਸਲੀ ਵਿਤਕਰੇ ਅਤੇ ਬੇਇਨਸਾਫ਼ੀ ਦੇ ਸਾਰੇ ਰੂਪਾਂ ਅਤੇ ਪ੍ਰਗਟਾਵੇ ਵਿਰੁੱਧ ਲਾਮਬੰਦ ਕਰਨ ਅਤੇ ਬੋਲਣ ਵਾਲਿਆਂ ਲਈ ਇੱਕ ਸੁਰੱਖਿਅਤ ਮਾਹੌਲ ਯਕੀਨੀ ਬਣਾਉਣ ਲਈ ਸ਼ਕਤੀਸ਼ਾਲੀ ਹਥਿਆਰ ਹੋ ਸਕਦੇ ਹਨ। ਇਹ ਉਦੇਸ਼ ਨਸਲੀ ਨਿਆਂ ਬਾਰੇ ਹਾਈ ਕਮਿਸ਼ਨਰ ਦੀ ਰਿਪੋਰਟ ਅਤੇ ਨਸਲੀ ਨਿਆਂ ਅਤੇ ਸਮਾਨਤਾ ਲਈ ਪਰਿਵਰਤਨਸ਼ੀਲ ਤਬਦੀਲੀ ਵੱਲ ਏਜੰਡਾ ਤੋਂ ਵੀ ਪ੍ਰੇਰਨਾ ਲੈਂਦੀ ਹੈ ਜਿਸ ਅਨੁਸਾਰ ਇਹ ਯਕੀਨੀ ਬਣਾਇਆ ਗਿਆ ਹੈ ਕਿ ਅਫਰੀਕੀ ਮੂਲ ਦੇ ਲੋਕਾਂ ਅਤੇ ਨਸਲਵਾਦ ਦੇ ਵਿਰੁੱਧ ਖੜ੍ਹੇ ਹੋਣ ਵਾਲੇ ਲੋਕਾਂ ਦੀ ਸੁਰੱਖਿਆ ਕੀਤੀ ਜਾਂਦੀ ਹੈ ਅਤੇ ਉਨ੍ਹਾਂ ਦੀਆਂ ਚਿੰਤਾਵਾਂ ਸੁਣੀਆਂ ਜਾਂਦੀਆਂ ਹਨ ਤੇ ਬਣਦੀ ਯੋਗ ਕਾਰਵਾਈ ਕੀਤੀ ਜਾਂਦੀ ਹੈ। ਸੰਯੁਕਤ ਰਾਸ਼ਟਰ ਜਨਰਲ ਅਸੈਂਬਲੀ ਦੁਹਰਾਉਂਦੀ ਹੈ ਕਿ ਸਾਰੇ ਮਨੁੱਖ ਆਜ਼ਾਦ ਅਤੇ ਸਨਮਾਨ ਅਤੇ ਅਧਿਕਾਰਾਂ ਵਿੱਚ ਬਰਾਬਰ ਪੈਦਾ ਹੁੰਦੇ ਹਨ ਅਤੇ ਆਪਣੇ ਸਮਾਜਾਂ ਦੇ ਵਿਕਾਸ ਅਤੇ ਭਲਾਈ ਲਈ ਰਚਨਾਤਮਕ ਯੋਗਦਾਨ ਪਾਉਣ ਦੀ ਸਮਰੱਥਾ ਰੱਖਦੇ ਹਨ। ਆਪਣੇ ਸਭ ਤੋਂ ਤਾਜ਼ਾ ਮਤੇ ਵਿੱਚ ਜਨਰਲ ਅਸੈਂਬਲੀ ਨੇ ਇਸ ਗੱਲ ਤੇ ਵੀ ਜ਼ੋਰ ਦਿੱਤਾ ਕਿ ਨਸਲੀ ਪੱਧਰ ਤੇ ਉੱਚੇ-ਨੀਵੇਂ ਦਾ ਕੋਈ ਵੀ ਸਿਧਾਂਤ ਵਿਗਿਆਨਕ ਤੌਰ ਤੇ ਗਲਤ, ਨੈਤਿਕ ਤੌਰ ਤੇ ਨਿੰਦਣਯੋਗ, ਸਮਾਜਿਕ ਤੌਰ ਤੇ ਬੇਇਨਸਾਫ਼ੀ ਵਾਲਾ ਅਤੇ ਖ਼ਤਰਨਾਕ ਹੈ ਅਤੇ ਵੱਖ-ਵੱਖ ਮਨੁੱਖੀ ਨਸਲਾਂ ਦੀ ਹੋਂਦ ਨੂੰ ਨਿਰਧਾਰਤ ਕਰਨ ਦੀ ਕੋਸ਼ਿਸ਼ ਕਰਨ ਵਾਲੇ ਸਿਧਾਂਤਾਂ ਦੇ ਨਾਲ ਰੱਦ ਕੀਤਾ ਜਾਣਾ ਚਾਹੀਦਾ ਹੈ। ਸੰਯੁਕਤ ਰਾਸ਼ਟਰ ਆਪਣੀ ਬੁਨਿਆਦ ਤੋਂ ਹੀ ਇਸ ਮੁੱਦੇ ਨਾਲ ਚਿੰਤਿਤ ਹੈ ਅਤੇ ਨਸਲੀ ਵਿਤਕਰੇ ਦੀ ਮਨਾਹੀ ਸਾਰੇ ਮੁੱਖ ਅੰਤਰਰਾਸ਼ਟਰੀ ਮਨੁੱਖੀ ਅਧਿਕਾਰਾਂ ਵਿੱਚ ਦਰਜ ਹੈ। ਇਹ ਰਾਜਾਂ ਨੂੰ ਜਨਤਕ ਅਤੇ ਨਿੱਜੀ ਖੇਤਰਾਂ ਵਿੱਚ ਵਿਤਕਰੇ ਨੂੰ ਖਤਮ ਕਰਨ ਲਈ ਕੰਮ ਕਰਦਾ ਹੈ। ਸਮਾਨਤਾ ਦਾ ਸਿਧਾਂਤ ਰਾਜਾਂ ਨੂੰ ਅਜਿਹੀਆਂ ਸਥਿਤੀਆਂ ਨੂੰ ਖਤਮ ਕਰਨ ਲਈ ਵਿਸ਼ੇਸ਼ ਉਪਾਅ ਅਪਣਾਉਣ ਦੀ ਵੀ ਮੰਗ ਕਰਦਾ ਹੈ ਜੋ ਨਸਲੀ ਵਿਤਕਰੇ ਦਾ ਕਾਰਨ ਬਣਦੇ ਹਨ ਜਾਂ ਮੱਦਦ ਕਰਦੇ ਹਨ। ਹੁਣ ਸਮਾਂ ਆ ਗਿਆ ਹੈ ਕਿ ਸਰਕਾਰਾਂ ਅਤੇ ਸਮਾਜਿਕ, ਧਾਰਮਿਕ, ਰਾਜਨੀਤਿਕ ਸੰਗਠਨ ਮਿਲਕੇ ਨਸਲੀ ਵਿਤਕਰੇ ਦੀ ਇਸ ਕੁਪ੍ਰਥਾ ਨੂੰ ਜੜ੍ਹਾਂ ਤੋਂ ਖਤਮ ਕਰਨ ਤਾਂ ਜੋ 1966 ਵਿੱਚ ਐਲਾਨੇ ਇਸ ਦਿਨ ਦਾ ਮੰਤਵ ਪੂਰਾ ਹੋ ਸਕੇ।



# ਤਾਪਮਾਨ ਦੇ ਵਾਧੇ ਦਾ ਗਹਿਰਾਉਂਦਾ ਸੰਕਟ



ਡਾ. ਗੁਰਿੰਦਰ ਕੌਰ
001-408-493-9776

28 ਫਰਵਰੀ 2022 ਨੂੰ ਆਈ.ਪੀ.ਸੀ.ਸੀ. (ਇੰਟਰਗਵਰਨਮੈਂਟਲ ਪੈਨਲ ਔਨ ਕਲਾਈਮੇਟ ਚੇਂਜ) ਦੀ ਛੇਵੀਂ ਰਿਪੋਰਟ ਦੀ ਦੂਜੀ ਕਿਸ਼ਤ, "ਕਲਾਈਮੇਂਟ ਚੇਂਜ 2020 : ਇਮਪੈਕਟਸ, ਅਡੈਪਟੇਸ਼ਨ ਐਂਡ ਵਲਨਰਏਬਿਲੀਟੀ" ਜਨੇਵਾ ਵਿਚ ਜਾਰੀ ਹੋਈ ਹੈ। ਇਸ ਰਿਪੋਰਟ ਵਿਚ ਧਰਤੀ ਦੇ ਔਸਤ ਤਾਪਮਾਨ ਵਿਚ ਹੋਏ ਵਾਧੇ ਨਾਲ ਆ ਰਹੀਆਂ ਮੌਸਮੀ ਤਬਦੀਲੀਆਂ ਦੇ ਪ੍ਰਭਾਵਾਂ ਅਤੇ ਉਨ੍ਹਾਂ ਨਾਲ ਹੋ ਰਹੇ ਨੁਕਸਾਨਾਂ ਬਾਰੇ ਚਿਤਾਵਨੀਆਂ ਭਰਪੂਰ ਚਿੰਤਾਜਨਕ ਖ਼ੁਲਾਸੇ ਕੀਤੇ ਗਏ ਹਨ।

ਇਸ ਰਿਪੋਰਟ ਅਨੁਸਾਰ ਧਰਤੀ ਦਾ ਔਸਤ ਤਾਪਮਾਨ ਪਹਿਲੇ ਅਨੁਮਾਨਾਂ ਦੇ ਮੁਕਾਬਲੇ ਜ਼ਿਆਦਾ ਤੇਜ਼ੀ ਨਾਲ ਵਧ ਰਿਹਾ ਹੈ ਅਤੇ ਇਸ ਵਾਧੇ ਨਾਲ ਪੈ ਰਹੇ ਪ੍ਰਭਾਵਾਂ ਅਤੇ ਉਨ੍ਹਾਂ ਤੋਂ ਹੋ ਰਹੇ ਨੁਕਸਾਨਾਂ ਦੀ ਤੀਬਰਤਾ ਅਤੇ ਗਿਣਤੀ ਵੀ ਪਹਿਲਾਂ ਨਾਲੋਂ ਕਈ ਗੁਣਾ ਜ਼ਿਆਦਾ ਹੈ। ਧਰਤੀ ਦੇ ਔਸਤ ਤਾਪਮਾਨ ਵਿਚ ਉਦਯੋਗਿਕ ਇਨਕਲਾਬ ਦੇ ਸਮੇਂ ਤੋਂ ਪਹਿਲਾਂ ਨਾਲੋਂ 1.1 ਡਿਗਰੀ ਸੈਲਸੀਅਸ ਡਿਗਰੀ ਦਾ ਵਾਧਾ ਹੋਇਆ ਹੈ ਜਿਸ ਨਾਲ ਧਰਤੀ ਉਤਲੇ ਕਈ ਈਕੋਸਿਸਟਮ ਉਸ ਅਵਸਥਾ ਵਿਚ ਪਹੁੰਚ ਗਏ ਹਨ ਕਿ ਉਨ੍ਹਾਂ ਨੂੰ ਮੁੜ ਸੁਰਜੀਤ ਕਰਨਾ ਅਸੰਭਵ ਹੈ। ਚਿੰਤਾ ਦੀ ਗੱਲ ਤਾਂ ਇਹ ਹੈ ਕਿ ਹਾਲੇ ਗਰੀਨਹਾਊਸ ਗੈਸਾਂ ਦੀ ਨਿਕਾਸੀ ਵਿਚ ਨਾ ਤਾਂ ਤੇਜ਼ੀ ਨਾਲ ਕਟੌਤੀ ਨਹੀਂ ਕੀਤੀ ਜਾ ਰਹੀ ਹੈ ਅਤੇ ਨਾ ਹੀ ਕੋਈ ਠੋਸ ਵਿਉਂਤਬੰਦੀ ਹਾਲੇ ਤੱਕ ਉਲੀਕੀ ਗਈ ਹੈ। ਭਾਵੇਂ ਪਾਰਟੀਜ਼ ਆਫ ਕਾਨਫ਼ਰੰਸ-26 ਵਿਚ ਕਾਫ਼ੀ ਵਾਅਦੇ ਕੀਤੇ ਗਏ ਸਨ ਅਤੇ ਕਈ ਯੋਜਨਾਵਾਂ ਬਾਰੇ ਚਰਚਾ ਵੀ ਕੀਤੀ ਗਈ ਸੀ ਪਰ ਉਨ੍ਹਾਂ ਨੂੰ ਅਮਲ ਵਿਚ ਲਿਆਉਣ ਲਈ ਸਾਰੇ ਦੇਸ ਕਿੰਨਾ ਵਕਤ ਲਗਾਉਣਗੇ ਉਸ ਬਾਰੇ ਕੁਝ ਕਿਹਾ ਨਹੀਂ ਜਾ ਸਕਦਾ। ਆਈ.ਪੀ.ਸੀ.ਸੀ. ਦੀ ਛੇਵੀਂ ਰਿਪੋਰਟ ਦੀ ਦੂਜੀ ਕਿਸ਼ਤ ਅਨੁਸਾਰ ਮੌਸਮੀ ਤਬਦੀਲੀਆਂ ਹੁਣ ਦੁਨੀਆ ਦੇ ਹਰ ਇਕ ਖੇਤਰ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰ ਰਹੀਆਂ ਹਨ। ਜੇਕਰ ਇਸ ਦਹਾਕੇ (2020-30) ਤੱਕ ਗਰੀਨਹਾਊਸ ਗੈਸਾਂ ਦੇ ਨਿਕਾਸ ਨੂੰ ਅੱਧਾ ਕਰਨ ਵਿਚ ਦੁਨੀਆ ਦੇ ਸਾਰੇ ਦੇਸ ਅਸਫ਼ਲ ਰਹਿੰਦੇ ਹਨ ਤਾਂ ਇਸ ਦੇ ਬਹੁਤ ਹੀ ਮਾੜੇ ਪ੍ਰਭਾਵ ਪੈ ਸਕਦੇ ਹਨ।



ਆਈ.ਪੀ.ਸੀ.ਸੀ. ਇਸ ਰਿਪੋਰਟ ਅਨੁਸਾਰ ਦੁਨੀਆ ਦੀ ਹੁਣ 3.3 ਤੋਂ 3.6 ਮਿਲੀਅਨ ਆਬਾਦੀ ਉਨ੍ਹਾਂ ਖੇਤਰਾਂ ਵਿਚ ਰਹਿੰਦੀ ਹੈ ਜੋ ਤਾਪਮਾਨ ਦੇ ਵਾਧੇ ਕਾਰਨ ਕਿਸੇ ਨਾ ਕਿਸੇ ਕੁਦਰਤੀ ਆਫ਼ਤ ਦੀ ਮਾਰ ਦੀ ਲਪੇਟ ਵਿਚ ਆਏ ਰਹਿੰਦੇ ਹਨ ਅਤੇ 50 ਫ਼ੀਸਦ ਆਬਾਦੀ ਸਾਲ ਵਿਚ ਇਕ ਮਹੀਨਾ ਪਾਣੀ ਦੀ ਘਾਟ ਦੀ ਮਾਰ ਪੈਂਦੀ ਹੈ। ਤਾਪਮਾਨ ਦੇ ਵਾਧੇ ਨਾਲ ਤਿੰਨਾਂ ਵਿਚੋਂ ਇਕ ਵਿਅਕਤੀ ਨੂੰ ਗਰਮ ਹਵਾਵਾਂ ਦੀ ਮਾਰ ਵੀ ਸਹਿਣੀ ਪੈਂਦੀ ਹੈ ਅਤੇ ਸਦੀ ਦੇ ਅੰਤ ਤੱਕ ਇਸ ਵਿਚ 50 ਤੋਂ 75 ਫ਼ੀਸਦ ਤੱਕ ਦਾ ਵਾਧਾ ਹੋਣ ਦੀ ਅਨੁਮਾਨ ਹੈ। ਸਮੁੰਦਰਾਂ ਦੇ ਤੱਟਵਰਤੀ ਖੇਤਰਾਂ ਵਿਚ ਵੱਸੀ ਇਕ ਬਿਲੀਅਨ ਆਬਾਦੀ 2050 ਤੱਕ ਹਰ ਤਰ੍ਹਾਂ ਦੀਆਂ ਸਮੁੰਦਰੀ ਆਫ਼ਤਾਂ ਦੀ ਮਾਰ ਵੀ ਸਹੇਗੀ। ਤਾਪਮਾਨ ਦਾ ਵਾਧਾ ਲੋਕਾਂ ਦੀ ਮਾਨਸਿਕ ਅਤੇ ਸਰੀਰਕ ਸਿਹਤ ਨੂੰ ਵੀ ਬੁਰੀ ਤਰ੍ਹਾ ਪ੍ਰਭਾਵਿਤ ਕਰ ਰਿਹਾ ਹੈ। ਉੱਚ ਤਾਪਮਾਨ ਨਾਲ ਥੋੜ੍ਹੇ ਸਮੇਂ ਜ਼ਿਆਦਾ ਮੀਂਹ ਪੈਣ ਅਤੇ ਗਲੇਸ਼ੀਅਰਾਂ ਦੇ ਪਿਘਲਣ ਨਾਲ ਹੜ੍ਹ ਆਉਣ ਦੀਆਂ ਘਟਨਾਵਾਂ ਵਿਚ ਵਾਧਾ ਹੋਣ ਨਾਲ ਡੇਂਗੂ, ਮਲੇਰੀਆ, ਹੈਜ਼ੇ ਵਰਗੀਆਂ ਬਿਮਾਰੀਆਂ ਲੋਕਾਂ ਦੀ ਸਿਹਤ ਨੂੰ ਬਹੁਤ ਜ਼ਿਆਦਾ ਨੁਕਸਾਨ ਪਹੁੰਚਾ ਰਹੀਆਂ ਹਨ। ਗਰਮ ਅਤੇ ਠੰਡੀਆਂ ਲਹਿਰਾਂ ਹੜ੍ਹ, ਸੋਕਾ, ਜੰਗਲੀ ਅੱਗ ਅਤੇ ਹੋਰ ਕੁਦਰਤੀ ਆਫ਼ਤਾਂ ਦੀਆਂ ਘਟਨਾਵਾਂ ਵਿਚ ਵਾਧੇ ਨਾਲ ਲੋਕ ਤਣਾਅ, ਚਿੰਤਾ, ਉਦਾਸੀ, ਨੀਂਦ ਨਾ ਆਉਣ ਵਰਗੀਆਂ ਬਿਮਾਰੀਆਂ ਨਾਲ ਪੀੜਿਤ ਹੋ ਰਹੇ ਹਨ, ਤਾਪਮਾਨ ਦੇ ਵਾਧੇ ਨਾਲ ਬਾਲ ਮੌਤ ਦੇ ਵਧਣ ਦੀ ਸੰਭਾਵਨਾ ਤੋਂ ਵੀ ਇਨਕਾਰ ਕੀਤਾ ਜਾ ਸਕਦਾ ਕਿਉਂਕਿ ਬੱਚੇ ਸਰੀਰ ਦੇ ਤਾਪਮਾਨ ਨੂੰ ਆਪਣੇ-ਆਪ ਕੰਟਰੋਲ ਕਰਨ ਤੋਂ ਸਮਰੱਥ ਨਹੀਂ ਹੁੰਦੇ ਹਨ। 2030 ਤੱਕ ਕੇਵਲ ਦਸਤ ਲੱਗਣ ਨਾਲ 15 ਸਾਲ ਤੋਂ ਘੱਟ ਉਮਰ ਦੇ 48000 ਤੋਂ ਵੱਧ ਬੱਚੇ ਮਰ ਸਕਦੇ ਹਨ।

ਤਾਪਮਾਨ ਦੇ ਵਾਧੇ ਦਾ ਪ੍ਰਭਾਵ ਬਹੁਤ ਹੀ ਗੁੰਝਲਦਾਰ ਹੈ। ਇਸ ਦੇ ਲੜੀਵਾਰ ਪ੍ਰਭਾਵ ਪੈਂਦੇ ਹਨ ਜਿਵੇਂ ਤਾਪਮਾਨ ਦੇ ਵਾਧੇ ਨਾਲ ਥੋੜ੍ਹੇ ਸਮੇਂ ਵਿਚ ਵੱਧ ਮੀਂਹ ਪੈਣ ਦੀ ਔਸਤ ਮਾਤਰਾ ਵਿਚ ਬਦਲਾਅ ਨਾਲ ਕਦੇ ਹੜ੍ਹ ਆ ਜਾਂਦੇ ਹਨ ਅਤੇ ਕਦੇ ਸੋਕਾ ਪੈ ਜਾਂਦਾ ਹੈ ਜਿਸ ਨਾਲ ਫ਼ਸਲਾਂ ਦਾ ਝਾੜ ਘਟ ਜਾਂਦਾ ਹੈ। ਤਾਪਮਾਨ ਵਿਚ 1 ਤੋਂ 4 ਡਿਗਰੀ ਸੈਲਸੀਅਸ ਦੇ ਵਾਧੇ ਨਾਲ ਦੱਖਣੀ ਏਸ਼ੀਆ ਦੇ ਦੇਸਾਂ ਵਿਚ ਮੱਕੀ ਦੇ ਉਤਪਾਦਨ ਵਿਚ 25 ਤੋਂ 70 ਫ਼ੀਸਦ ਅਤੇ ਚੋਲਾਂ ਦੇ ਉਤਪਾਦਨ ਵਿਚ 10 ਤੋਂ 30 ਫ਼ੀਸਦ ਘਟ ਸਕਦੀ ਹੈ, ਨਤੀਜੇ ਵਜੋਂ ਘਰੇਲੂ ਆਮਦਨ ਘਟੇਗੀ ਅਤੇ ਅਨਾਜ ਦੀ ਥੁੜ੍ਹ ਪੈਂਦਾ ਹੋ ਜਾਵੇਗੀ। ਅਨਾਜ ਦੀ ਥੁੜ੍ਹ ਕਾਰਨ ਖਾਧ ਪਦਾਰਥਾਂ ਦੀਆਂ ਕੀਮਤਾਂ ਵਿਚ ਵਾਧਾ ਹੋ ਜਾਵੇਗਾ ਜੋ ਗ਼ਰੀਬਾਂ ਦੀ ਪਹੁੰਚ ਤੋਂ ਬਾਹਰ ਹੋ ਜਾਵੇਗਾ ਅਤੇ ਕੁਪੋਸ਼ਣ ਵਧੇਗਾ ਜਿਸ ਕਾਰਨ ਭੁੱਖਮਰੀ ਨਾਲ ਹੋਣ ਵਾਲੀਆਂ ਮੌਤਾਂ ਵਿਚ ਵਾਧਾ ਹੋਵੇਗਾ। ਇਸ ਰਿਪੋਰਟ ਵਿਚ ਇਹ ਵੀ ਕਿਹਾ ਕਿ ਜੇਕਰ ਤਾਪਮਾਨ ਮੌਜੂਦਾ ਦਰ ਉੱਤੇ ਵਧਦਾ ਰਿਹਾ ਤਾਂ 2050 ਤੱਕ 183 ਮਿਲੀਅਨ ਲੋਕ ਭੁੱਖਮਰੀ ਦਾ ਸ਼ਿਕਾਰ ਹੋ ਜਾਣਗੇ। ਸਦੀ ਦੇ ਅੰਤ ਤੱਕ ਇਕੱਲੇ ਅਫ਼ਰੀਕਾ ਦੇ ਇਕ ਮਿਲੀਅਨ ਬੱਚੇ ਅਨਾਜ ਦੀ ਥੁੜ੍ਹ ਕਾਰਨ ਮਰ ਸਕਦੇ ਹਨ।

ਤਾਪਮਾਨ ਦੇ ਵਾਧੇ ਨਾਲ ਜੈਵ-ਵਿਭਿੰਨਤਾ ਦਾ ਵੀ ਬਹੁਤ ਨੁਕਸਾਨ ਹੋ ਰਿਹਾ ਹੈ। ਜੰਗਲੀ ਜੀਵਾਂ ਦੀਆਂ ਕਈ ਪ੍ਰਜਾਤੀਆਂ ਖ਼ਤਮ ਹੋ ਰਹੀਆਂ ਹਨ। ਇਸ ਰਿਪੋਰਟ ਵਿਚ ਇਕ ਖੋਜ ਅਧਿਐਨ ਦਾ ਜ਼ਿਕਰ ਕੀਤਾ ਗਿਆ ਹੈ ਜਿਸ ਅਨੁਸਾਰ ਬਨਸਪਤੀ ਅਤੇ ਜੀਵ-ਜੰਤੂਆਂ ਦੀਆਂ 947 ਪ੍ਰਜਾਤੀਆਂ ਵਿਚੋਂ 47 ਫ਼ੀਸਦ ਦਾ ਖ਼ਾਤਮਾ ਤਾਪਮਾਨ ਦੇ ਵਾਧੇ ਕਾਰਨ ਹੋ ਰਿਹਾ ਹੈ। ਆਸਟਰੇਲੀਆ ਵਿਚ 2005 ਵਿਚ ਪਈ ਭਿਆਨਕ ਗਰਮੀ ਕਾਰਨ ਚਿੱਟੇ ਰੰਗ ਦੇ ਲੋਮਰੌਇਡ ਰਿੰਗਟੇਲ ਪੋਸਮ ਅਤੇ 2009 ਵਿਚ ਸਮੁੰਦਰ ਦੇ ਜਲ-ਪੱਧਰ ਦੇ ਵਧਣ ਨਾਲ ਬਰੈਂਬਲ ਕੇ ਮੇਲੋਮਿਸ (ਮੇਲੋਮਿਸ ਰੂਬੀਕੋਲਾ) ਇਸ ਦੁਨੀਆ ਨੂੰ ਸਦਾ ਲਈ ਅਲਵਿਦਾ ਕਹਿ ਗਏ ਹਨ। ਸਮੁੰਦਰ ਦੇ ਜਲ-ਪੱਧਰ ਦੇ ਵਧਣ ਨਾਲ ਤੱਟਵਰਤੀ ਖੇਤਰ ਲਗਾਤਾਰ ਘਟ ਰਹੇ ਹਨ ਜਿਸ ਨਾਲ ਕਈ ਤਰ੍ਹਾਂ ਦੀਆਂ ਕਛੂਆਂ ਦੀਆਂ ਪ੍ਰਜਾਤੀਆਂ ਘਟ ਰਹੀਆਂ ਹਨ ਕਿਉਂਕਿ ਉਹ ਅੰਡੇ ਤੱਟਵਰਤੀ ਖੇਤਰਾਂ ਵਿਚ ਹੀ ਦਿੰਦੇ ਹਨ। ਵਧਦੇ ਤਾਪਮਾਨ ਨਾਲ ਧਰੁਵਾਂ ਉੱਤੇ ਜੰਮੀ ਬਰਫ਼ ਅਤੇ ਗਲੇਸ਼ੀਅਰ ਤੇਜ਼ੀ ਨਾਲ ਪਿਘਲ ਰਹੇ ਹਨ ਜਿਸ ਨਾਲ ਇਕ ਪਾਸੇ ਸਮੁੰਦਰ ਦਾ ਜਲ-ਪੱਧਰ ਵਧੇਗਾ ਅਤੇ ਦੂਜੇ ਪਾਸੇ ਪਹਾੜ ਅਤੇ ਧਰੁਵ ਬਰਫ਼-ਵਿਹੂਣੇ ਹੋ ਜਾਣਗੇ। ਇਸ ਤਰ੍ਹਾਂ ਦੇ ਵਰਤਾਰੇ ਨਾਲ ਸਮੁੰਦਰਾਂ ਦੇ ਤੱਟਵਰਤੀ ਖੇਤਰਾਂ, ਅਤੇ ਪਹਾੜਾਂ ਦਾ ਈਕੋਸਿਸਅਮ ਡਾਵਾਂਡੋਲ ਹੋ ਜਾਵੇਗਾ। ਪਹਾੜੀ ਅਤੇ ਠੰਡੇ ਖੇਤਰਾਂ ਦੀ ਜੈਵ-ਵਿਭਿੰਨਤਾ ਹੌਲੀ ਹੌਲੀ ਖ਼ਤਮ ਹੋ ਜਾਵੇਗੀ ਅਤੇ ਗਰਮ ਖੇਤਰਾਂ ਦੀ ਬਨਸਪਤੀ ਅਤੇ ਜੀਵ-ਜੰਤੂ ਧਰੁਵਾਂ ਵੱਲ ਨੂੰ ਖਿਸਕ ਜਾਣਗੇ। ਸਮੁੰਦਰ ਦੇ ਪਾਣੀ ਦੇ ਗਰਮ ਹੋਣ ਅਤੇ ਉਸ ਵਿਚ ਤੇਜ਼ਾਬੀ ਮਾਦੇ ਦੇ ਵਧਣ ਕਾਰਨ ਮੂੰਗਾ ਭਿੱਤੀਆ ਖ਼ਤਮ ਹੋ ਰਹੀਆਂ ਹਨ। ਇਸ ਰਿਪੋਰਟ ਅਨੁਸਾਰ ਤਾਪਮਾਨ ਦੇ ਵਾਧੇ ਨਾਲ ਧਰਤੀ ਉਤਲੀ ਵਾਹੀਯੋਗ ਜ਼ਮੀਨ ਵੀ ਘਟ ਰਹੀ ਹੈ। ਤਾਪਮਾਨ ਵਿਚ ਹੁਣ ਤੱਕ ਦੇ 1.1 ਡਿਗਰੀ ਸੈਲਸੀਅਸ ਦੇ ਵਾਧੇ ਨਾਲ 8 ਫ਼ੀਸਦ ਵਾਹੀਯੋਗ ਜ਼ਮੀਨ ਘਟ ਗਈ ਹੈ। ਜੇਕਰ ਇਸ ਸਦੀ ਦੇ ਅੰਤ ਤੱਕ ਧਰਤੀ ਦਾ ਔਸਤ ਤਾਪਮਾਨ 1.5 ਡਿਗਰੀ ਸੈਲਸੀਅਸ ਹੀ ਵਧਦਾ ਹੈ ਤਾਂ ਵੀ ਵਾਹੀਯੋਗ ਜ਼ਮੀਨ ਹੋਰ ਘਟ ਜਾਵੇਗੀ ਜਿਸ ਨਾਲ ਅਨਾਜ ਦੀ ਪੈਦਾਵਾਰ ਉੱਤੇ ਮਾੜਾ ਪ੍ਰਭਾਵ ਪੈਣਾ ਅਤੇ ਭੁੱਖਮਰੀ ਵਿਚ ਵਾਧਾ ਹੋਣਾ ਸੁਭਾਵਕ ਹੈ।

ਧਰਤੀ ਅਤੇ ਸਮੁੰਦਰ ਵਿਚਲੇ ਈਕੋਸਿਸਟਮ ਸਾਫ਼ ਪਾਣੀ, ਹਵਾ, ਸੂਰਜ ਦੀ ਰੋਸ਼ਨੀ, ਅਤੇ ਅਜੈਵਿਕ ਅਤੇ ਜੈਵਿਕ (ਬਨਸਪਤੀ ਅਤੇ ਜੀਵ-ਜੰਤੂਆਂ) ਤੱਤਾਂ ਦੀ ਮੱਦਦ ਨਾਲ ਚੱਲਦੇ ਹਨ। ਮਨੁੱਖੀ ਗਤੀਵਿਧੀਆਂ ਅਤੇ ਮੌਸਮੀ ਤਬਦੀਲੀਆਂ ਕਾਰਨ ਇਨ੍ਹਾਂ ਦੀ ਕਾਰਜ ਪ੍ਰਣਾਲੀ ਵਿਚ ਵਿਗਾੜ ਪੈਦਾ ਹੋ ਗਏ ਹਨ ਜਿਸ ਨਾਲ ਇਹ ਅਸੰਤੁਲਿਤ ਹੋ ਗਏ ਹਨ, ਨਤੀਜੇ ਵਜੋਂ ਬਹੁਤੇ ਸਾਰੇ ਖੇਤਰਾਂ ਵਿਚ ਬਨਸਪਤੀ ਅਤੇ ਜੀਵ-ਜੰਤੂਆਂ ਦੀ ਜ਼ਿੰਦਗੀ ਖਤਰੇ ਵਿਚ ਪੈ ਗਈ ਹੈ। ਬਨਸਪਤੀ ਅਤੇ ਜੀਵ-ਜੰਤੂਆਂ ਨੂੰ ਬਚਾਉਣ ਲਈ ਸਾਨੂੰ 30 ਤੋਂ 50 ਫ਼ੀਸਦ ਕੁਦਰਤੀ ਈਕੋਸਿਸਟਮਜ਼ ਨੂੰ ਹਰ ਹਾਲਤ ਵਿਚ ਪ੍ਰਭਾਵਸ਼ਾਲੀ ਬਣਾਉਣਾ ਚਾਹੀਦਾ ਹੈ।

ਪਹਿਲੀ ਵਾਰ ਆਈ.ਪੀ.ਸੀ.ਸੀ. ਦੀ ਇਸ ਰਿਪੋਰਟ ਵਿਚ ਇਹ ਵੀ ਦੱਸਿਆ ਗਿਆ ਹੈ ਕਿ ਤਾਪਮਾਨ ਦੇ ਵਾਧੇ ਲਈ ਆਰਥਿਕ ਅਤੇ ਸਮਾਜਿਕ ਅਸਮਾਨਤਾਵਾਂ ਵੀ ਜ਼ਿੰਮੇਵਾਰ ਹਨ। ਇਸ ਦੇ ਨਾਲ ਨਾਲ ਇੱਥੇ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਤਾਪਮਾਨ ਦੇ ਵਾਧੇ ਨਾਲ ਆ ਰਹੀਆਂ ਕੁਦਰਤੀ ਆਫ਼ਤਾਂ ਦੀ ਬਹੁਤੀ ਮਾਰ ਅਮੀਰ ਲੋਕਾਂ ਅਤੇ ਅਮੀਰ ਦੇਸਾਂ ਦੇ ਮੁਕਾਬਲੇ ਵਿਚ ਗ਼ਰੀਬ ਲੋਕਾਂ ਅਤੇ ਗ਼ਰੀਬ ਦੇਸਾਂ ਉੱਤੇ ਪੈ ਰਹੀ ਹੈ ਜਦੋਂਕਿ ਗ਼ਰੀਬ ਲੋਕ ਅਤੇ ਦੇਸ ਇਸ ਸਮੱਸਿਆ ਲਈ ਸਭ ਤੋਂ ਘੱਟ ਜ਼ਿੰਮੇਵਾਰ ਹਨ। ਇਸ ਰਿਪੋਰਟ ਅਨੁਸਾਰ ਹੀਟ ਵੇਵਜ਼, ਹੜ੍ਹ ਅਤੇ ਸੋਕੇ ਵਰਗੀਆਂ ਕੁਦਰਤੀ ਆਫ਼ਤਾਂ ਦੀ ਸਭ ਤੋਂ ਜ਼ਿਆਦਾ ਮਾਰ ਛੋਟੇ ਕਿਸਾਨਾਂ, ਮਛੇਰਿਆਂ, ਪਸ਼ੂ-ਪਾਲਕਾਂ, ਆਦਿਵਾਸੀਆਂ ਆਦਿ ਉੱਤੇ ਪੈਂਦੀ ਹੈ। ਇਨ੍ਹਾਂ ਆਫ਼ਤਾਂ ਦੀ ਵੱਧ ਮਾਰ ਵੀ ਵਿਕਸਤ ਹੋ ਰਹੇ ਦੱਖਣੀ ਏਸ਼ੀਆ, ਮੱਧ ਅਤੇ ਦੱਖਣੀ ਅਫ਼ਰੀਕਾ ਅਤੇ ਦੱਖਣੀ ਅਮਰੀਕਾ ਦੇ ਦੇਸਾਂ ਅਤੇ ਛੋਟੇ ਛੋਟੇ ਟਾਪੂਆਂ ਉੱਤੇ ਵੱਸੇ ਦੇਸਾਂ ਉੱਤੇ ਪੈ ਰਹੀ ਹੈ। ਅਣਯੋਜਿਤ ਆਰਥਿਕ ਵਿਕਾਸ ਅਤੇ ਤੇਜ਼ੀ ਨਾਲ ਵਧ ਰਿਹਾ ਸ਼ਹਿਰੀਕਰਨ ਵੀ ਤਾਪਮਾਨ ਦੇ ਵਾਧੇ ਅਤੇ ਕੁਦਰਤੀ ਆਫ਼ਤਾਂ ਲਈ ਜ਼ਿੰਮੇਵਾਰ ਹਨ। ਆਈ.ਪੀ.ਸੀ.ਸੀ. ਦੀ 2014 ਵਿਚ ਆਈ ਪੰਜਵੀਂ ਰਿਪੋਰਟ ਵਿਚ ਪਹਿਲੀ ਵਾਰ ਇਹ ਖ਼ੁਲਾਸਾ ਕੀਤਾ ਗਿਆ ਸੀ ਕਿ ਤਾਪਮਾਨ ਦੇ ਵਾਧੇ ਨਾਲ ਕੁਦਰਤੀ ਆਫ਼ਤਾਂ ਵਿਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਆਈ.ਪੀ.ਸੀ.ਸੀ. ਦੀ ਛੇਵੀਂ ਰਿਪੋਰਟ ਦੀ ਪਹਿਲੀ ਕਿਸ਼ਤ ਵਿਚ ਵਿਗਿਆਨੀਆਂ ਨੇ ਸਾਫ਼ ਸ਼ਬਦਾਂ ਵਿਚ ਕਿਹਾ ਹੈ ਕਿ ਤਾਪਮਾਨ ਵਿਚ ਵਾਧਾ ਮਨੁੱਖੀ ਗਤੀਵਿਧੀਆਂ ਕਾਰਨ ਹੋ ਰਿਹਾ ਹੈ। ਤਾਪਮਾਨ ਦੇ ਵਾਧੇ ਉੱਤੇ ਕਾਬੂ ਪਾਉਣ ਦੀ ਗੱਲਬਾਤ ਤਾਂ ਭਾਵੇਂ 1992 ਵਿਚ ਬਰਾਜ਼ੀਲ ਹੋਈ 'ਅਥਰ ਸਮਿਟ' ਨਾਂ ਦੀ ਕਾਨਫ਼ਰੰਸ ਤੋਂ ਸ਼ੁਰੂ ਹੋ ਗਈ ਸੀ, ਪਰ ਵਿਕਸਤ ਦੇਸ, ਜਿਨ੍ਹਾਂ ਨੇ ਹੁਣ ਤੱਕ ਵਾਤਾਵਰਨ ਵਿਚ ਭਾਰੀ ਮਾਤਰਾ ਵਿਚ ਗਰੀਨਹਾਊਸ ਗੈਸਾਂ ਛੱਡੀਆਂ ਹਨ, ਇਸ ਮੁੱਦੇ ਨੂੰ ਹੁਣ ਤੱਕ ਆਨੇ-ਬਹਾਨੇ ਟਾਲਦੇ ਹੀ ਰਹੇ ਹਨ।

ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਐਂਟੋਨੀਓ ਗੁਟੇਰਸ ਨੇ ਰਿਪੋਰਟ ਜਾਰੀ ਕਰਨ ਵੇਲੇ ਕਿਹਾ ਹੈ ਕਿ ਇਹ ਰਿਪੋਰਟ ਮੌਸਮੀ ਤਬਦੀਲੀਆਂ ਕਾਰਨ ਹੋ ਰਹੀ ਤਬਾਹੀ ਦਾ ਇਕ ਪੁਲੰਦਾ ਹੈ। ਦੁਨੀਆ ਦੇ ਹਰ ਇਕ ਖੇਤਰ ਵਿਚ ਤਬਾਹੀ ਮਚੀ ਹੋਈ ਹੈ ਜੋ ਹਰ ਇਕ ਜੈਵਿਕ (ਮਨੁੱਖ, ਬਨਸਪਤੀ ਅਤੇ ਜੰਤੂ-ਜੰਤੂਆਂ) ਨੂੰ ਪ੍ਰਭਾਵਿਤ ਕਰ ਰਹੀ ਹੈ। 23 ਫਰਵਰੀ 2022 ਨੂੰ ਜਾਰੀ ਹੋਈ ਸੁਯੰਕਤ ਰਾਸ਼ਟਰ ਦੀ ਵਾਤਾਵਰਨ ਦੀ ਇਕ ਸਲਾਨਾ ਰਿਪੋਰਟ ਅਨੁਸਾਰ ਗਰੀਨਹਾਊਸ ਗੈਸਾਂ ਦੇ ਵਧ ਰਹੇ ਨਿਕਾਸ ਕਾਰਨ 2030 ਤੱਕ ਭਿਆਨਕ ਜੰਗਲੀ ਅੱਗਾਂ ਵਿਚ 14 ਫ਼ੀਸਦ, 2050 ਤੱਕ 30 ਫ਼ੀਸਦ ਅਤੇ ਸਦੀ ਦੇ ਅੰਤ ਤੱਕ 50 ਫ਼ੀਸਦ ਵਾਧਾ ਹੋ ਸਕਦਾ ਹੈ। 2021 ਵਿਚ ਗਰਮ ਲਹਿਰਾਂ ਨੇ ਉੱਤਰੀ ਅਮਰੀਕਾ ਦੇ ਪੱਛਮੀ ਹਿੱਸੇ ਵਿਚ ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਰਾਜ ਤੋਂ ਲੈ ਕੇ ਸੰਯੁਕਤ ਰਾਜ ਅਮਰੀਕਾ ਦੇ ਕੈਲੇਫੋਰਨੀਆ ਰਾਜ ਤੱਕ ਭਿਆਨਕ ਤਬਾਹੀ ਮਚਾਈ ਰੱਖੀ ਸੀ। ਯੂਰਪ ਦੇ ਦੇਸਾਂ ਵਿਚ ਤਾਪਮਾਨ ਵਿਚ 1 ਡਿਗਰੀ ਸੈਲਸੀਅਸ ਦੇ ਵਾਧੇ ਨਾਲ ਹੜ੍ਹਾਂ ਦੀ ਘਟਨਾਵਾਂ ਵਿਚ ਨੌਂ ਗੁਣਾ ਅਤੇ ਆਸਟਰੇਲੀਆ ਵਿਚ ਜੰਗਲੀ ਅੱਗ ਦੀਆਂ ਘਟਨਾਵਾਂ ਵਿਚ 30 ਗੁਣਾ ਵਾਧਾ ਹੋਇਆ ਹੈ। ਅੱਜਕੱਲ੍ਹ ਵੀ ਆਸਟਰੇਲੀਆ ਭਿਆਨਕ ਹੜ੍ਹਾਂ ਦੀ ਲਪੇਟ ਵਿਚ ਆਇਆ ਹੋਇਆ।

ਐਂਟੋਨੀਓ ਗੁਟਰੇਸ ਨੇ ਕਿਹਾ ਹੈ ਕਿ ਤਾਪਮਾਨ ਦੇ ਵਾਧੇ ਤੋਂ ਹੋਣ ਵਾਲੇ ਨੁਕਸਾਨ ਤੋਂ ਬਚਣ ਲਈ ਸਾਨੂੰ ਗਰੀਨ-ਹਾਊਸ ਗੈਸਾਂ ਦੀ ਨਿਕਾਸੀ ਨੂੰ ਤੇਜ਼ੀ ਨਾਲ ਘਟਾਉਣਾ ਚਾਹੀਦਾ ਹੈ ਕਿਉਂਕਿ ਸਾਡੇ ਕੋਲ ਪੈਰਿਸ ਸਮਝੌਤੇ ਅਨੁਸਾਰ ਧਰਤੀ ਦੇ ਔਸਤ ਤਾਪਮਾਨ ਦੀ ਸੁਰੱਖਿਅਤ ਸੀਮਾ 1.5 ਡਿਗਰੀ ਸੈਲੀਅਸ ਤੱਕ ਪਹੁੰਚਣ ਲਈ ਬਹੁਤ ਥੋੜ੍ਹਾ ਸਮਾਂ ਬਚਿਆ ਹੈ। ਆਈ.ਪੀ.ਸੀ.ਸੀ. ਦੀ ਛੇਵੀਂ ਰਿਪੋਰਟ ਦੀ ਪਹਿਲੀ ਕਿਸਤ ਅਨੁਸਾਰ ਗਰੀਨਹਾਊਸ ਗੈਸਾਂ ਦੀ ਮੌਜੂਦਾ ਨਿਕਾਸੀ ਅਨੁਸਾਰ ਧਰਤੀ ਦੇ ਔਸਤ ਤਾਪਮਾਨ ਵਿਚ ਉਦਯੋਗਿਕ ਇਨਕਾਬ ਦੇ ਸਮੇਂ ਤੋਂ ਪਹਿਲਾਂ ਦੇ ਤਾਪਮਾਨ ਨਾਲੋਂ 2040 ਤੱਕ 1.5 ਡਿਗਰੀ ਸੈਲੀਅਸ ਤੱਕ ਵਧ ਜਾਵੇਗਾ। ਇਸ ਵਾਧੇ ਨਾਲ ਧਰਤੀ ਅਤੇ ਦੁਨੀਆ ਦੇ ਸਾਰੇ ਦੇਸ ਭਿਆਨਕ ਕੁਦਰਤੀ ਆਫ਼ਤਾਂ ਦੀ ਮਾਰ ਸਹਿਣ ਲਈ ਮਜ਼ਬੂਰ ਹੋ ਜਾਣਗੇ। ਤਾਪਮਾਨ ਵਿਚ ਥੋੜ੍ਹਾ ਜਿਹਾ ਵਾਧਾ (ਇਕ ਡਿਗਰੀ ਦਾ ਹਰ ਹਿੱਸਾ) ਮੌਸਮੀ ਤਬਦੀਲੀਆਂ ਉੱਤੇ ਬਹੁਤ ਅਸਰ ਪਾਉਂਦਾ ਹੈ। ਜੇਕਰ ਧਰਤੀ ਦਾ ਔਸਤ ਤਾਪਮਾਨ 1.5 ਡਿਗਰੀ ਸੈਲਸੀਅਸ (ਜੋ ਪੈਰਿਸ ਸਮਝੌਤੇ ਅਨੁਸਾਰ ਸੁਰੱਖਿਅਤ ਸੀਮਾ ਹੈ) ਤੱਕ ਵੀ ਵਧ ਜਾਂਦਾ ਹੈ ਤਾਂ ਬਨਸਪਤੀ ਅਤੇ ਜੀਵ-ਜੰਤੂਆਂ ਦੀਆਂ 14 ਫ਼ੀਸਦ ਪ੍ਰਜਾਤੀਆਂ ਅਤੇ 70 ਤੋਂ 90 ਫ਼ੀਸਦ ਮੂੰਗਾ ਭਿੱਤੀਆਂ ਖ਼ਤਮ ਹੋ ਜਾਣਗੀਆ। ਸਮੁੰਦਰ ਦੇ ਜਲ-ਪੱਧਰ ਵਿਚ 0.28 ਤੋਂ 0.55 ਮੀਟਰ ਵਾਧਾ, ਹੜ੍ਹਾਂ ਅਤੇ ਜੰਗਲੀ ਅੱਗਾਂ ਦੀਆਂ ਘਟਨਾਵਾਂ ਵਿਚ ਕਰਮਵਾਰ 24 ਫ਼ੀਸਦ ਅਤੇ 30 ਫ਼ੀਸਦ ਵਾਧਾ ਹੋ ਜਾਵੇਗਾ।

ਇਸ ਦਾ ਮਤਲਬ ਹੈ ਕਿ ਤਾਪਮਾਨ ਵਿਚ ਹੋਰ ਥੋੜ੍ਹਾ ਜਿਹਾ ਵਾਧਾ ਵੀ ਬਹੁਤ ਘਾਤਕ ਹੋ ਸਕਦਾ ਹੈ। ਇਸ ਤਾਪਮਾਨ ਦੇ ਵਾਧੇ ਨੂੰ ਘਟਾਉਣ ਲਈ ਛੇਤੀ ਤੋਂ ਛੇਤੀ ਉਪਰਾਲੇ ਕਰਨੇ ਚਾਹੀਦੇ ਹਨ।

ਔਸਤ ਤਾਪਮਾਨ ਵਿਚ ਹੋ ਰਹੇ ਵਾਧੇ ਉੱਤੇ ਕਾਬੂ ਪਾਉਣ ਲਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਦੋਹਾਂ ਪੱਧਰਾਂ ਉੱਤੇ ਉਪਰਾਲੇ ਕਰਨ ਦੀ ਲੋੜ ਹੈ। ਹਰ ਇਕ ਦੇਸ ਨੂੰ ਗਰੀਨਹਾਊਸ ਗੈਸਾਂ ਦੀ ਨਿਕਾਸੀ ਵਿਚ ਤੇਜ਼ੀ ਨਾਲ ਕਟੌਤੀ ਕਰਨ ਲਈ ਕੁਝ ਖ਼ਾਸ ਉਪਰਾਲੇ ਕਰਨ ਦੀ ਜ਼ਰੂਰਤ ਹੈ। ਹਵਾਈ ਜਹਾਜ਼ ਅਤੇ ਨਿੱਜੀ ਕਾਰਾਂ ਵਰਗੇ ਆਵਾਜਾਈ ਦੇ ਸਾਧਨ ਜੋ ਭਾਰੀ ਮਾਤਰਾ ਵਿਚ ਗਰੀਨਹਾਊਸ ਗੈਸਾਂ ਛੱਡਦੇ ਹਨ ਵਿਚ ਬਦਲਾਅ ਦੀ ਜ਼ਰੂਰਤ ਹੈ। ਟੂਰਇਜ਼ਮ ਅਤੇ ਹਿਊਮਨ ਈਕੋਲੋਜ਼ੀ ਦੇ ਪ੍ਰੋਫ਼ੈਸਰ ਸਟੇਫਨ ਅਤੇ ਮੈਥਮੈਟਿਕਸ ਪ੍ਰੋਫ਼ੈਸਰ ਹਮਪੇ ਦੇ ਇਕ ਅਧਿਐਨ ਅਨੁਸਾਰ ਹਵਾਈ ਜਹਾਜਾਂ ਰਾਹੀਂ ਨਿਕਾਸੀਆਂ ਕੁੱਲ ਗਰੀਨਹਾਊਸ ਗੈਸਾਂ ਦਾ 50 ਫ਼ੀਸਦ ਹਿੱਸਾ ਦੁਨੀਆ ਦੀ ਬਹੁਤੀ ਅਮੀਰ 1 ਫ਼ੀਸਦ ਆਬਾਦੀ ਛੱਡਦੀ ਹੈ। ਇਸ ਲਈ ਹਵਾਈ ਉਡਾਣਾਂ ਦੀ ਗਿਣਤੀ ਨਿਰਧਾਰਤ ਕਰਨੀ ਚਾਹੀਦੀ ਹੈ ਅਤੇ ਨਿੱਜੀ ਵਾਹਨਾਂ ਦੀ ਥਾਂ ਉੱਤੇ ਯੂਰਪੀਅਨ ਦੇਸਾਂ ਵਾਂਗੂ ਜਨਤਕ ਆਵਾਜਾਈ ਦੇ ਸਾਧਨ ਚੁਸਤ-ਦਰੁੱਸਤ ਕਰਨੇ ਚਾਹੀਦੇ ਹਨ। ਵਪਾਰਕ ਫ਼ਸਲਾਂ ਅਤੇ ਖਾਧ-ਪਦਾਰਥਾਂ ਦੀ ਬਦਲਦੀ ਚੋਣ ਕਾਰਨ ਜੰਗਲਾਂ ਦੀ ਤੇਜ਼ੀ ਨਾਲ ਕਟਾਈ ਹੋ ਰਹੀ ਹੈ ਜਿਸ ਨਾਲ ਵਾਤਾਵਰਨ ਵਿਚ ਗਰੀਨਹਾਊਸ ਗੈਸਾਂ ਦੀ ਮਾਤਰਾ ਤੇਜ਼ੀ ਨਾਲ ਵਧ ਰਹੀ ਹੈ। ਅਨਾਜ ਦੀ ਥਾਂ ਅੱਜਕੱਲ੍ਹ ਭੋਜਨ ਵਿਚ ਮਾਸ ਨੂੰ ਜ਼ਿਆਦਾ ਤਰਜ਼ੀਹ ਦਿੱਤੀ ਜਾ ਰਹੀ ਹੈ। ਇਸ ਬਦਲਦੀ ਖਾਧ-ਪਦਾਰਥਾਂ ਦੀ ਚੋਣ ਲਈ ਵੱਡੀ ਗਿਣਤੀ ਵਿਚ ਪਸ਼ੂ ਪਾਲੇ ਜਾਂਦੇ ਹਨ ਜੋ ਭਾਰੀ ਮਾਤਰਾ ਵਿਚ ਕਾਰਬਨ ਡਾਇਆਕਸਾਈਡ ਅਤੇ ਮੀਥੇਨ ਵਾਤਾਵਰਨ ਗਰਮ ਕਰਨ ਵਾਲੀਆਂ ਦੋ ਗੈਸਾਂ ਛੱਡਦੇ ਹਨ। ਡੇਵਿਸ ਯੂ.ਸੀ. ਦੇ ਇਕ ਖੋਜ ਅਧਿਐਨ ਅਨੁਸਾਰ ਘਰੇਲੂ ਪਸ਼ੂ ਕੁੱਲ ਗਰੀਨਹਾਊਸ ਗੈਸਾਂ ਦਾ 14.5 ਫ਼ੀਸਦ ਹਿੱਸਾ ਵਾਤਾਵਰਨ ਵਿਚ ਛੱਡਦੇ ਹਨ। ਜੰਗਲ ਵਪਾਰਕ ਫ਼ਸਲਾਂ ਨਾਲੋਂ ਵਧ ਮਾਤਰਾ ਵਿਚ ਕਾਰਬਨ ਡਾਇਆਕਸਾਈਡ ਸੋਖਦੇ ਹਨ। ਇਸ ਲਈ ਜੰਗਲਾਂ ਦੀ ਕਟਾਈ ਉੱਤੇ ਹਰ ਦੇਸ ਨੂੰ ਰੋਕ ਲਗਾਉਣੀ ਚਾਹੀਦੀ ਹੈ ਅਤੇ ਜੰਗਲੀ ਖੇਤਰ ਦਾ ਰਕਬਾ ਵਧਾਉਣਾ ਚਾਹੀਦਾ ਹੈ। ਖਾਧ-ਪਦਾਰਥਾਂ ਦੀ ਚੋਣ ਵੀ ਕੁਦਰਤ-ਪੱਖੀ ਬਣਾਉਣੀ ਚਾਹੀਦੀ ਹੈ।

ਸੋਕੇ, ਹੜ੍ਹ, ਜੰਗਲੀ ਅੱਗਾਂ ਆਦਿ ਦੀਆਂ ਵਧਦੀਆਂ ਘਟਨਾਵਾਂ ਲਈ ਜੰਗਲਾਂ ਦੀ ਕਟਾਈ ਦੇ ਨਾਲ ਨਾਲ ਸਥਾਨਕ ਦਰਖ਼ਤਾਂ ਦੀ ਥਾਂ ਉੱਤੇ ਸਜਾਵਟ ਅਤੇ ਵਪਾਰਕ ਨਜ਼ਰੀਏ ਤੋਂ ਲਾਹੇਵੰਦ ਦਰਖ਼ਤਾਂ ਦੀਆਂ ਪ੍ਰਜਾਤੀਆਂ ਨੂੰ ਤਰਜੀਹ ਦੇਣਾ ਵੀ ਹੈ। ਸੰਯੁਕਤ ਰਾਜ ਅਮਰੀਕਾ ਦੇ ਕੈਲਫੋਰਨੀਆ ਰਾਜ ਵਿਚ ਸੋਕੇ ਅਤੇ ਜੰਗਲੀ ਅੱਗਾਂ ਦੀਆਂ ਵਧਦੀਆਂ ਘਟਨਾਵਾਂ ਲਈ ਇੱਥੋਂ ਦੇ ਸਥਾਨਕ ਓਕ ਦੇ ਦਰਖ਼ਤਾਂ ਦੀ ਥਾਂ ਉੱਤੇ ਲਗਾਏ ਗਏ ਸਫ਼ੈਦੇ ਦੇ ਦਰਖ਼ਤ ਵੀ ਹਨ। ਕਿਸੇ ਵੀ ਥਾਂ ਦੇ ਵਾਤਾਵਰਨ ਅਤੇ ਈਕੋਸਿਸਟਮ ਨੂੰ ਸੰਤੁਲਿਤ ਰੱਖਣ ਲਈ ਉੱਥੇ ਸਥਾਨਕ ਬਨਸਪਤੀ ਨੂੰ ਤਰਜੀਹ ਦੇਣੀ ਚਾਹੀਦੀ ਹੈ।

ਊਰਜਾ ਪੈਦਾ ਕਰਨ ਲਈ ਕੋਲੇ ਦੀ ਥਾਂ ਉੱਤੇ ਨਵਿਆਉਣਯੋਗ ਸਰੋਤਾਂ ਦੀ ਵਰਤੋਂ ਕਰਨੀ ਚਾਹੀਦੀ ਹੈ। ਇਸ ਦੇ ਨਾਲ ਨਾਲ ਤਾਪਮਾਨ ਦੇ ਵਾਧੇ ਉੱਤੇ ਕਾਬੂ ਪਾਉਣ ਲਈ ਸਾਨੂੰ ਇਕ ਮਜ਼ਬੂਤ ਇਰਾਦੇ ਵਾਲੀ ਅਤੇ ਨਿਰਸਵਾਰਥ ਲੀਡਰਸ਼ਿਪ ਦੀ ਲੋੜ ਹੈ। ਸੰਯੁਕਤ ਰਾਜ ਅਮਰੀਕਾ ਜੋ ਇਸ ਮਾਮਲੇ ਵਿਚ ਅਗਵਾਈ ਕਰ ਰਿਹਾ ਹੈ ਉਸਨੇ ਇਤਹਾਸਕ ਪਿਛੋਕੜ ਵਿਚ ਦੁਨੀਆ ਦੇ ਸਾਰੇ ਦੇਸਾਂ ਤੋਂ ਜ਼ਿਆਦਾ ਵਾਤਾਵਰਨ ਵਿਚ ਗਰੀਨਹਾਊਸ ਗੈਸਾਂ ਛੱਡੀਆਂ ਹਨ। ਅੱਜਕੱਲ੍ਹ ਇਹ ਦੇਸ ਗਰੀਨਹਾਊਸ ਗੈਸਾਂ ਦੀ ਨਿਕਾਸੀ ਵਿਚ ਦੂਜੇ ਨੰਬਰ ਉੱਤੇ ਹੈ। ਇਸ ਤੋਂ ਇਲਾਵਾ 2021 ਵਿਚ ਬੜੇ ਵਾਅਦਿਆਂ ਅਤੇ ਦਾਅਵਿਆਂ ਦੇ ਨਾਲ ਇਸ ਦੇਸ ਨੇ ਗਰੀਨਹਾਊਸ ਗੈਸਾਂ ਦੀ ਨਿਕਾਸੀ ਵਿਚ ਡੂੰਘੀ ਕਟੌਤੀ ਕਰਨ ਦੀ ਭੂਮਿਕਾ ਬੰਨ੍ਹਦੇ ਹੋਏ ਪੈਰਿਸ ਮੌਸਮੀ ਸਮਝੌਤੇ ਵਿਚ ਵਾਪਸੀ ਕੀਤੀ ਸੀ ਪਰ ਇਸ ਦੇ ਬਾਵਜੂਦ 2021 ਵਿਚ 2020 ਦੇ ਮੁਕਾਬਲੇ ਇੱਥੋਂ ਦੀ ਗਰੀਨ-ਹਾਊਸ ਗੈਸਾਂ ਦੀ ਨਿਕਾਸੀ ਵਿਚ 6.2 ਫ਼ੀਸਦ ਵਾਧਾ ਆਂਕਿਆ ਗਿਆ ਹੈ। ਵਿਗਿਆਨੀਆਂ ਅਨੁਸਾਰ ਜੇਕਰ ਸਾਰੇ ਦੇਸਾਂ ਇੱਕਜੁਟ ਹੋਕੇ ਹਰ ਸਾਲ 7.6 ਫ਼ੀਸਦ ਦੀ ਦਰ ਨਾਲ ਗਰੀਨ-ਹਾਊਸ ਗੈਸਾਂ ਦੀ ਕਟੌਤੀ ਕਰਨ ਤਾਂ ਵੀ ਸਦੀ ਦੇ ਆਖੀਰ ਤੱਕ ਧਰਤੀ ਦੇ ਔਸਤ ਤਾਪਮਾਨ ਵਿਚ ਵਾਧਾ 1.5 ਡਿਗਰੀ ਸ਼ੈਲਸੀਅਸ ਦੀ ਸੁਰੱਖਿਅਤ ਸਮਝੀ ਜਾਂਦੀ ਸੀਮਾ ਨੂੰ ਪਾਰ ਕਰ ਜਾਵੇਗਾ। ਦੁਨੀਆ ਦੇ ਸਾਰੇ ਦੇਸਾਂ ਨੂੰ ਤਾਪਮਾਨ ਦੇ ਵਾਧੇ ਉੱਤੇ ਕਾਬੂ ਲੋਕ ਅਤੇ ਕੁਦਰਤ-ਪੱਖੀ ਨੀਤੀਆਂ ਨੂੰ ਅਪਣਾਉਣਾ ਚਾਹੀਦਾ ਹੈ ਤਾਂਕਿ ਧਰਤੀ ਉੱਤੇ ਵੱਸਣ ਵਾਲੇ ਜੈਵਿਕ ਕੁਦਰਤੀ ਆਫ਼ਤਾਂ ਦੀ ਕਰੋਪੀ ਤੋਂ ਬਚ ਸਕਣ।

# ਪੰਜਾਬੀਆਂ ਨੇ ਆਮ ਆਦਮੀ ਪਾਰਟੀ ਤੇ ਜਿਤਾਇਆ ਭਰੋਸਾ



ਇੰਜੀ. ਸਤਨਾਮ ਸਿੰਘ ਮੱਟੂ
91-97797-08257

ਇੱਕ ਮਸ਼ਹੂਰ ਮੁਹਾਵਰਾ ਹੈ, "ਅੱਤ ਦਾ ਅੰਤ ਮਾੜਾ ਹੁੰਦਾ ਹੈ।" ਪੰਜਾਬ ਚ ਪਿਛਲੇ ਵਰ੍ਹਿਆਂ ਤੋਂ ਸਰਕਾਰਾਂ ਦੇ ਕਰਿੰਦਿਆਂ ਦੀਆਂ ਗੁੰਡਾਗਰਦੀਆਂ ਅਤੇ ਸਿਆਸੀ ਗਲਿਆਰਿਆਂ ਦੀਆਂ ਮਾੜੀਆਂ ਅਤੇ ਲੋਕ ਮਾਰੂ ਨੀਤੀਆਂ ਤੋਂ ਤੰਗ ਹਰ ਵਰਗ ਆਪਣੇ ਆਪ ਨੂੰ ਘੁਟਿਆ ਘੁਟਿਆ ਮਹਿਸੂਸ ਕਰ ਰਿਹਾ ਸੀ।ਸਰਕਾਰ ਦੇ ਮੰਤਰੀ ਲੋਕਾਂ ਦੇ ਟੈਕਸ ਤੇ ਗੁਰਸ਼ਰੇ ਉਡਾ ਕੇ ਆਮ ਲੋਕਾਂ ਦਾ ਮੂੰਹ ਚਿੜਾ ਰਹੇ ਸਨ,ਪਰ ਜਨਤਾ ਅਤੇ ਕਾਨੂੰਨ ਬੇਵੱਸ ਮੂਕ ਦਰਸ਼ਕ ਬਣੇ ਹੋਏ ਸਨ। ਇਮਾਨਦਾਰੀ ਬੇਵੱਸ ਪਾਸੇ ਸਹਿਕ ਰਹੀ ਸੀ। ਬੇਰੁਜ਼ਗਾਰੀ, ਮਹਿੰਗਾਈ, ਸਿਹਤ ਸਹੂਲਤਾਂ, ਵਿੱਦਿਆ ਦਾ ਡਿੱਗ ਰਿਹਾ ਮਿਆਰ ਕਾਰਣ ਭਵਿੱਖ ਧੁੰਦਲਾ ਦਿਖਾਈ ਦੇ ਰਿਹਾ ਸੀ।ਸਰਕਾਰਾਂ ਅਤੇ ਰਾਜਨੀਤਕ ਲੋਕ ਸਿਰਫ ਤੇ ਸਿਰਫ ਵੋਟ ਬੈਂਕ ਲਈ ਜਨਤਾ ਨੂੰ ਵਰਤਦੇ ਸਨ। ਰੋਜਗਾਰ, ਇਨਸਾਫ ਜਾਂ ਹੱਕ ਮੰਗਦੀ ਜਨਤਾ ਉੱਪਰ ਲਾਠੀਚਾਰਜ ਕਰਕੇ ਅਤੇ ਪਾਣੀ ਦੀ ਬੁਛਾੜਾਂ ਪਾਕੇ ਲੀਡਰ ਬੇਫਿਕਰ ਆਪਣੇ ਮਹਿਲਾਂ ਚ ਮਸ਼ਰੂਫ ਐਸ਼ ਦੀ ਜ਼ਿੰਦਗੀ ਬਿਤਾਉਂਦੇ ਸਨ।



ਪਰ ਜਨਤਾ ਦੇ ਕੋਲ ਰਿਵਾਇਤੀ ਪਾਰਟੀਆਂ ਬਿਨਾਂ ਕੋਈ ਹੱਲ ਨਹੀਂ ਸੀ । ਆਮ ਆਦਮੀ ਪਾਰਟੀ ਦੇ ਹੋਂਦ ਚ ਆਉਣ ਤੇ ਰਵਾਇਤੀ ਰਾਜਨੀਤਕ ਪਾਰਟੀਆਂ ਨੇ ਇਸਨੂੰ ਹਲਕੇ ਚ ਲਿਆ ਅਤੇ ਆਪਣੇ ਹਉਮੈ, ਹੰਕਾਰ ਦੀ ਰਾਜਨੀਤੀ, ਗੁੰਡਾਗਰਦੀ, ਰਿਸ਼ਵਤਖੋਰੀ ਅਤੇ ਨਜ਼ਾਇਜ ਧੰਦਿਆਂ ਤੇ ਅਟੱਲ ਲੱਗੇ ਰਹੇ । ਜਨਤਾ ਨੂੰ ਅਨਪੜ੍ਹ,ਗਵਾਰ ਅਤੇ ਆਪਣੀ ਨਿੱਜੀ ਜਗੀਰ ਸਮਝਿਆ। ਆਮ ਆਦਮੀ ਪਾਰਟੀ ਨੇ ਦਿੱਲੀ ਚ ਆਪਣੀ ਪਾਰਟੀ ਦੀ ਤੀਸਰੀ ਵਾਰ ਸਰਕਾਰ ਬਣਾ ਲੈਣ ਅਤੇ ਇਮਾਨਦਾਰੀ ਨਾਲ ਕੀਤੇ ਕੰਮਾਂ ਦੇ ਹਵਾਲੇ ਨਾਲ ਪੰਜਾਬ ਦੇ ਲੋਕਾਂ ਤੋਂ ਪੰਜਾਬ ਦੀ ਬੇਹਤਰੀ ਲਈ ਇਮਾਨਦਾਰੀ ਨਾਲ ਇੱਕ ਮੌਕੇ ਦੀ ਮੰਗ ਕੀਤੀ। ਸੋ ਪੰਜਾਬੀਆਂ ਨੇ ਦਰਿਆ ਦਿਲੀ ਨਾਲ ਆਪਣੇ ਬੱਚਿਆਂ ਦੇ ਉਜਵਲ ਭਵਿੱਖ, ਚੰਗੀਆਂ ਸਿਹਤ ਸਹੂਲਤਾਂ, ਰੋਜ਼ਗਾਰ, ਚੰਗੀ ਪੜ੍ਹਾਈ ਆਦਿ ਵਿੱਚ ਸੁਧਾਰ ਲਈ ਅਤੇ ਰਿਸ਼ਵਤਖੋਰੀ, ਮਹਿੰਗਾਈ, ਗੁੰਡਾਗਰਦੀ, ਮਾਫੀਆ ਤੋਂ ਛੁਟਕਾਰਾ ਪਾਉਣ ਲਈ ਆਮ ਪਾਰਟੀ ਨੂੰ 92 ਸੀਟਾਂ ਤੇ ਵੱਡੀ ਲੀਡ ਦੇਕੇ ਖੁਲ੍ਹਦਿਲੀ ਦਿਖਾਈ ਹੈ। ਮੌਜੂਦਾ ਸਿਸਟਮ ਤੇ ਅੱਕੇ ਅਤੇ ਸਤੇ ਲੋਕ ਰਵਾਇਤੀ ਪਾਰਟੀਆਂ, ਵੀ ਆਈ ਪੀ ਕਲਚਰ, ਸਰਕਾਰੀ ਖਜਾਨੇ ਦੀ ਲੁੱਟ, ਨੌਜਵਾਨ ਧਰਨਿਆਂ ਮੁਜਾਹਾਰਿਆਂ ਦੀ ਬੇਇੱਜ਼ਤੀ ਤੋਂ ਛੁਟਕਾਰਾ, ਮਾਫੀਆ ਮੁਕਤ, ਕਾਨੂੰਨ ਅਤੇ ਸਹੂਲਤਾਂ ਭਰਪੂਰ ਭਵਿੱਖ ਚਾਹੁੰਦੇ ਸਨ, ਸੋ ਉਹਨਾਂ ਨੇ ਇਸ ਬਦਲਾਅ ਦੀ ਭਾਵਨਾ ਨਾਲ ਜਾਤੀਵਾਦ, ਧਰਮ, ਪਾਰਟੀਬਾਜੀ ਆਦਿ ਤੋਂ ਉੱਪਰ ਉੱਠ ਕੇ ਉਜਲ ਭਵਿੱਖ ਦੀ ਉਮੀਦ ਆਮ ਪਾਰਟੀ ਤੇ ਜਿਤਾਈ ਹੈ।

ਪੰਜਾਬ 'ਚ 'ਆਪ' ਨੇ ਸ਼ਾਨਦਾਰ ਜਿੱਤ ਹਾਸਲ ਕੀਤੀ ਹੈ, 117 ਵਿੱਚੋਂ 92 ਸੀਟਾਂ ਜਿੱਤਕੇ ਇੱਕ ਇਤਿਹਾਸ ਸਿਰਜਿਆ ਹੈ।

ਪਰ ਇੱਕ ਗੱਲ ਨੋਟ ਕਰਨ ਵਾਲੀ ਹੈ ਕਿ ਪੰਜਾਬ ਦੇ ਸਿੱਖਾਂ ਨੇ ਸਿੱਖਾਂ ਦੀ ਨੁਮਾਇੰਦਾ ਪਾਰਟੀ ਅਕਾਲੀ ਦਲ ਨੂੰ ਵੋਟ ਨਹੀਂ ਪਾਈ, ਹਿੰਦੂਆਂ ਨੇ ਹਿੰਦੂ ਪਾਰਟੀ ਬੀਜੇਪੀ ਨੂੰ ਵੋਟ ਨਹੀਂ ਪਾਈ,ਦਲਿਤ ਭਾਈਚਾਰੇ ਨੇ ਬਸਪਾ ਤੇ ਮੁੱਖ ਮੰਤਰੀ ਚੰਨੀ ਨੂੰ ਵੋਟ ਨਾ ਪਾਕੇ ਪੰਜਾਬ ਦੇ ਲੋਕਾਂ ਨੇ ਦੇਸ਼ ਦੇ ਸਾਹਮਣੇ ਇੱਕ ਮਿਸਾਲ ਕਾਇਮ ਕੀਤੀ ਹੈ। ਉਹਨਾਂ ਆਪ ਨੂੰ ਪੰਜਾਬ ਨੇ ਚੰਗੇ ਸ਼ਾਸਨ ਲਈ ਹੀ ਵੋਟਾਂ ਪਾਈਆਂ ਹਨ ਕਿਉਂਕਿ ਪੰਜਾਬ ਦੇ ਲੋਕਾਂ ਨੂੰ ਆਪਣੇ ਬੱਚਿਆਂ ਦੀ ਪੜ੍ਹਾਈ, ਸਿਹਤ ਅਤੇ ਰੁਜ਼ਗਾਰ ,ਨਸ਼ਿਆਂ ਦੇ ਵਹਿਣ ਡੁੱਬੀ ਨੌਜਵਾਨੀ,ਭਰ ਜਵਾਨੀ ਚ ਵਿਧਵਾ ਹੁੰਦੀਆਂ ਧੀਆਂ, ਬੁਢਾਪੇ ਚ ਬੇਸਹਾਰੇ ਹੁੰਦੇ ਮਾਪਿਆਂ, ਚੁੱਲ੍ਹਿਆਂ ਦੀ ਬਜਾਏ ਸਿਵਿਆਂ ਦੀ ਮੱਚਦੀ ਅੱਗ ਦੀ ਚਿੰਤਾ ਹੈ।ਕਿਸਾਨ ਆਪਣੀਆਂ ਫ਼ਸਲਾਂ ਨੂੰ ਲੈ ਕੇ ਚਿੰਤਤ ਹਨ,ਸੋ ਪੰਜਾਬ ਨੇ 2017 ਦੀ ਗਲਤੀ ਨਹੀਂ ਦੁਹਰਾਈ ਕੀ ਭਾਰਤ ਦੇ ਲੋਕ ਪੰਜਾਬ ਤੋਂ ਕੁਝ ਸਬਕ ਲੈਣਗੇ?

ਇੱਕ ਚੰਗੀ ਸ਼ੁਰੂਆਤ ਭਗਵੰਤ ਸਿੰਘ ਮਾਨ ਨੇ ਸ਼ਹੀਦ ਭਗਤ ਸਿੰਘ ਦੇ ਜਨਮ ਸਥਾਨ ਖਟਕੜ੍ਹ ਕਲਾਂ ਵਿਖੇ ਪੰਜਾਬ ਦੇ ਮੁੱਖ ਮੰਤਰੀ ਵਜੋਂ ਸਹੁੰ ਚੁੱਕੀ ਹੈ।

ਦੂਜੇ ਪਾਸੇ ਆਪ ਦੇ ਜਿੱਤੇ ਵਿਧਾਇਕਾਂ ਲਈ ਅਗਲਾ ਸਫਰ ਫੁੱਲਾਂ ਦੀ ਸੇਜ ਨਹੀਂ ਹੈ । ਉਹਨਾਂ ਨੂੰ ਸੂਝਬੂਝ,ਮੁਸਤੈਦੀ, ਇਮਾਨਦਾਰੀ ਨਾਲ ਰਿਸ਼ਵਤ ਅਤੇ ਮਾਫੀਆ ਮੁਕਤ ਮੁੱਢਲੀਆਂ ਲੋੜਾਂ ਦੀ ਪੂਰਤੀ ਨਾਲ ਲਬਰੇਜ਼ ਰਾਜ ਲਈ ਬਚਨਬੱਧਤਾ ਪ੍ਰਤੀ ਦ੍ਰਿੜ ਮਨ ਹੋਣਾ ਪਵੇਗਾ। ਲੋਕ ਮਨਾਂ ਵਿੱਚ ਬਦਲੇ ਰਾਜਨੀਤਿਕ ਸਮੀਕਰਣਾਂ ਕਾਰਣ ਖੁਸ਼ੀ ਹੈ,ਦੇਖਿਓ ਕਿਤੇ ਰਵਾਇਤੀ ਪਾਰਟੀਆਂ ਵਾਂਗ ਤੁਹਾਡੀਆਂ ਗਰੰਟੀਆਂ, ਵਾਅਦੇ ਅਤੇ ਦਾਅਵੇ ਮੇਲੇ ਪਿਛੋਂ ਉੱਡਦੇ ਲਿਫਾਫੇ ਨਾ ਬਣ ਕੇ ਰਹਿ ਜਾਣ।ਲੋਕਾਂ ਦੀਆਂ ਭਾਵਨਾਵਾਂ ਤੇ ਖਰ੍ਹੇ ਉਤਰਣ ਲਈ ਦ੍ਰਿੜ ਵਿਸ਼ਵਾਸ ਰਿਹੋ ਕਿਉਂਕਿ ਪੰਜਾਬ ਚ ਤੁਹਾਡਾ ਦਿੱਲੀ ਮਾਡਲ ਲੋਕਾਂ ਨੇ ਪ੍ਰਵਾਨ ਕਰਕੇ ਤੁਹਾਡੇ ਹੱਕ ਚ ਫਤਵਾ ਦਿੱਤਾ ਹੈ ਅਤੇ ਪੰਜਾਬ ਮਾਡਲ ਪੂਰੇ ਭਾਰਤ ਚ ਤੁਹਾਡੀ ਸ਼ਾਖ਼ ਮਜਬੂਤ ਕਰਨ ਲਈ ਸਹਾਇਕ ਹੋਵੇਗਾ।

# ਕਰਨਾਟਕ ‘ਚ ਹਿਜਾਬ ਵਿਵਾਦ ‘ਤੇ ਹਾਈਕੋਰਟ ਨੇ ਵੱਡਾ ਫੈਸਲਾ

**ਬੰਗਲੌਰ–** ਕਰਨਾਟਕ ‘ਚ ਹਿਜਾਬ ਵਿਵਾਦ ‘ਤੇ ਹਾਈਕੋਰਟ ਨੇ ਵੱਡਾ ਫੈਸਲਾ ਸੁਣਾਇਆ ਹੈ। ਹਾਈ ਕੋਰਟ ਦੇ ਤਿੰਨ ਜੱਜਾਂ ਦੀ ਬੈਂਚ ਨੇ ਫੈਸਲਾ ਸੁਣਾਇਆ ਕਿ ਇਸਲਾਮ ਵਿੱਚ ਹਿਜਾਬ ਲਾਜ਼ਮੀ ਨਹੀਂ ਹੈ। ਇਸ ਤਰ੍ਹਾਂ ਉਨ੍ਹਾਂ ਵਿਦਿਆਰਥਣਾਂ ਦੀ ਪਟੀਸ਼ਨ ਨੂੰ ਖਾਰਜ ਕਰ ਦਿੱਤਾ ਗਿਆ, ਜਿਨ੍ਹਾਂ ਨੇ ਹਿਜਾਬ ਪਾ ਕੇ ਸਕੂਲ ਜਾਣ ਦੀ ਮੰਗ ਕੀਤੀ ਸੀ। ਕੁੜੀਆਂ ਨੂੰ ਹੁਣ ਸਕੂਲੀ ਵਰਦੀ ਪਾਉਣੀ ਪਵੇਗੀ। ਕਰਨਾਟਕ ਹਾਈ ਕੋਰਟ ਦੇ ਇਸ ਫੈਸਲੇ ਤੋਂ ਬਾਅਦ ਦੇਸ਼ ‘ਚ ਇਸ ਮੁੱਦੇ ‘ਤੇ ਬਹਿਸ ਇਕ ਵਾਰ ਫਿਰ ਤੇਜ਼ ਹੋ ਗਈ ਹੈ।

ਪੀਡੀਪੀ ਮੁਖੀ ਮਹਿਬੂਬਾ ਮੁਫ਼ਤੀ ਨੇ ਇਸ ਹੁਕਮ ਨੂੰ ਬੇਹੱਦ ਨਿਰਾਸ਼ਾਜਨਕ ਦੱਸਿਆ ਹੈ। ਉਸਨੇ ਇੱਕ ਟਵੀਟ ਵਿੱਚ ਕਿਹਾ, ‘ਇੱਕ ਪਾਸੇ ਅਸੀਂ ਔਰਤਾਂ ਦੇ ਸਸ਼ਕਤੀਕਰਨ ਦੀ ਗੱਲ ਕਰਦੇ ਹਾਂ, ਫਿਰ ਵੀ ਅਸੀਂ ਉਨ੍ਹਾਂ ਨੂੰ ਸਧਾਰਨ ਚੋਣ ਦੇ ਅਧਿਕਾਰ ਤੋਂ ਇਨਕਾਰ ਕਰ ਰਹੇ ਹਾਂ। ਇਹ ਸਿਰਫ਼ ਧਰਮ ਦਾ ਮਾਮਲਾ ਨਹੀਂ ਹੈ, ਸਗੋਂ ਚੋਣ ਦੀ ਆਜ਼ਾਦੀ ਹੈ। ਏਆਈਐ-ਮਆਈਐਮ ਦੇ ਮੁਖੀ ਅਸਦੁਦੀਨ ਓਵੈਸੀ ਨੇ ਵੀ ਇਸ ਫੈਸਲੇ

‘ ਤ `

ਪ੍ਰਤੀਕਿਰਿਆ ਦਿੱਤੀ ਅਤੇ ਟਵੀਟ ਕੀਤਾ।

ਹਾਈਕੋਰਟ ਦੇ ਫੈਸਲੇ ਦਾ ਸਵਾਗਤ ਕਰਦੇ ਹਾਂ: ਭਾਜਪਾ, ਫੈਸਲੇ ਨਾਲ ਸ਼ਾਂਤੀ ਦਾ ਮਾਹੌਲ ਬਣੇਗਾ: ਪ੍ਰਹਿਲਾਦ ਜੋਸ਼ੀ, ਹਿਜਾਬ ਨੂੰ ਲੈ ਕੇ ਕੋਈ ਵਿਵਾਦ ਨਹੀਂ ਚਾਹੁੰਦੇ: ਪ੍ਰਹਿਲਾਦ ਜੋਸ਼ੀ ਇਹ ਉਨ੍ਹਾਂ ਲੋਕਾਂ ਲਈ ਕਰਾਰੀ ਚਪੇੜ ਹੈ ਜੋ ਵਿਦਿਅਕ ਅਦਾਰਿਆਂ ਨੂੰ ਫਿਰਕੂ ਰੰਗਤ ਦੇਣਾ ਚਾਹੁੰਦੇ ਹਨ।

ਹਿਜਾਬ ਵਿਵਾਦ ‘ਚ ਕਰਨਾਟਕ ਹਾਈਕੋਰਟ ਦਾ ਫੈਸਲਾ, ਕਿਹਾ ਕਿ ਹਿਜਾਬ ਪਹਿਨਣਾ ਇਸਲਾਮ ਦਾ ਲਾਜ਼ਮੀ ਹਿੱਸਾ ਨਹੀਂ ਹੈ, ਅਤੇ ਸਾਰੀਆਂ ਪਟੀਸ਼ਨਾਂ ਨੂੰ ਖਾਰਜ ਕਰਦੇ ਹੋਏ ਹਾਈਕੋਰਟ ਨੇ ਕਿਹਾ ਕਿ ਵਿਦਿਆਰਥੀ ਸਕੂਲੀ ਵਰਦੀ ਪਾਉਣ ਤੋਂ ਇਨਕਾਰ ਨਹੀਂ ਕਰ ਸਕਦੇ...ਅਦਾਲਤ ਨੇ ਸਪੱਸ਼ਟ ਕੀਤਾ ਕਿ ਕੁਰਾਨ ਵਿਚ ਲਿਖਿਆ ਹਿਜਾਬ ਜ਼ਰੂਰੀ ਨਹੀਂ ਹੈ, ਪਰ ਹੁਣ ਇਹ ਲੋਕ ਕਹਿਣਗੇ ਕਿ ਅਸੀਂ ਇਸਲਾਮੀ ਕਾਨੂੰਨਾਂ ਨੂੰ ਮੰਨਦੇ ਹਾਂ ਅਤੇ ਇਸ ਵਿਚ ਲਿਖਿਆ ਹੈ, ਅਸੀਂ ਉਹੀ ਕਰਾਂਗੇ, ਮਤਲਬ ਇਨ੍ਹਾਂ ਲੋਕਾਂ ਕੋਲ ਨਹੀਂ ਹੈ।

ਹਿਜਾਬ ‘ਤੇ ਕਰਨਾਟਕ ਹਾਈ ਕੋਰਟ ਦਾ ਫੈਸਲਾ ਸਵਾਗਤਯੋਗ ਹੈ। ਇਸ ਫੈਸਲੇ ਦਾ ਸਤਿਕਾਰ ਕਰਨਾ ਅਤੇ ਇਸ ਦੀ ਪਾਲਣਾ ਕਰਨਾ ਸਾਰੇ ਨਾਗਰਿਕਾਂ ਦੀ ਜ਼ਿੰਮੇਵਾਰੀ ਹੈ। ਇਹ ਦੇਸ਼ ਦੀ ਤਰੱਕੀ ਵਿੱਚ ਇੱਕ ਵੱਡਾ ਫੈਸਲਾ ਹੈ।

ਕਰਨਾਟਕ ਦੀ ਹਾਈ ਕੋਰਟ ਨੇ ਮੰਗਲਵਾਰ ਨੂੰ ਕਰਨਾਟਕ ਹਿਜਾਬ ਵਿਵਾਦ ‘ਤੇ ਅਹਿਮ ਫੈਸਲਾ ਸੁਣਾਇਆ ਹੈ, ਯਾਨੀ ਅੱਜ ਹਾਈ ਕੋਰਟ ਨੇ ਸਕੂਲਾਂ ਕਾਲਜਾਂ ‘ਚ ਹਿਜਾਬ ਪਾ-ਬੰਦੀ ਦੇ ਫੈਸਲੇ ਨੂੰ ਚੁਣੌਤੀ ਦੇਣ ਵਾਲੀਆਂ ਪਟੀਸ਼ਨਾਂ ਨੂੰ ਖਾਰਜ ਕਰ ਦਿੱਤਾ ਹੈ। ਅਦਾਲਤ ਨੇ ਆਪਣੇ ਫੈਸਲੇ ਵਿੱਚ ਕਿਹਾ ਹੈ ਕਿ ਹਿਜਾਬ ਪਹਿਨਣਾ ਇਸਲਾਮ ਵਿੱਚ ਲਾਜ਼ਮੀ ਅਭਿਆਸ ਦਾ ਹਿੱਸਾ ਨਹੀਂ ਹੈ। ਇਹ ਠੀਕ ਕਿਹਾ ਗਿਆ ਹੈ। ਜਿਵੇਂ ਹਿੰਦੂਆਂ ਲਈ ਸਾੜੀ, ਚੂੜੀਆਂ ਪਾਉਣਾ ਲਾਜ਼ਮੀ ਨਹੀਂ ਹੈ, ਉਸੇ ਤਰ੍ਹਾਂ ਮੁਸਲਮਾਨਾਂ ਲਈ ਹਿਜਾਬ ਪਹਿਨਣਾ ਲਾਜ਼ਮੀ ਨਹੀਂ ਹੈ। ਜਿਸ ਸਕੂਲ/ਕਾਲਜ ਵਿੱਚ ਵਰਦੀਆਂ ਤੈਅ ਕੀਤੀਆਂ ਗਈਆਂ ਹਨ, ਉੱਥੇ ਹਰ ਕਿਸੇ ਨੂੰ ਉਸ ਨਿਯਮ ਦੀ ਪਾਲਣਾ ਕਰਨੀ ਚਾਹੀਦੀ ਹੈ ਅਤੇ ਜੇਕਰ ਕੋਈ ਪਹਿਰਾਵਾ ਤੈਅ ਨਹੀਂ ਕੀਤਾ ਗਿਆ ਹੈ ਤਾਂ ਹਿਜਾਬ ਨੂੰ ਮਹੱਤਵ ਨਾ ਦਿੱਤਾ ਜਾਵੇ। ਹਿਜਾਬ ਵਿਵਾਦ ‘ਤੇ ਅਦਾਲਤ ਦਾ ਵੱਡਾ ਫੈਸਲਾ ਸਕੂਲ ‘ਚ ਹਿਜਾਬ ਪਾਉਣਾ ਜ਼ਰੂਰੀ ਨਹੀਂ ਹੈ ਹਿਜਾਬ ਇਸਲਾਮਿਕ ਧਰਮ ਦਾ ਲਾਜ਼ਮੀ ਅਭਿਆਸ ਨਹੀਂ ਹੈ। ਹੁਣ ਕੀ ਕਹਿਣਗੇ ਉਹ ਲੋਕ ਜੋ ਹਿਜਾਬ ਦੇ ਨਾਂ ‘ਤੇ

# ਪੁੰਗਰਦੇ ਹਰਫ ਵਿਸ਼ਵ ਕਾਵਿ ਮਹਿਫਲ ਵੱਲੋਂ ਬਾਲ ਕਵੀ ਦਰਬਾਰ

ਪੁੰਗਰਦੇ ਹਰਫ ਵਿਸ਼ਵ ਕਾਵਿ ਮਹਿਫਲ ਵੱਲੋਂ ਪੰਜਾਬੀ ਲਿਖਾਰੀ ਸਭਾ ਸਿਆਟਲ ਦੇ ਸਹਿਯੋਗ ਨਾਲ, ਪੰਜਾਬੀ ਸਾਹਿਤ ਦੀ ਪ੍ਰਫੁਲਤਾ ਦੇ ਉਦੇਸ਼ ਨੂੰ ਮੁੱਖ ਰੱਖਦਿਆਂ, ਬਾਲ ਕਵੀਆਂ ਨੂੰ ਸੰਸਾਰ ਦੇ ਸ ਨਮੁੱਖ ਕਰਕੇ ਇਕ ਹੋਰ ਕਦਮ ਪੁੱਟਿਆ ਗਿਆ। ਮਾਰਚ ਮਹੀਨੇ 2022 ਵਿੱਚ ਜ਼ੂਮ ਰਾਹੀਂ ਬਾਲ ਕਵੀ ਦਰਬਾਰ ਕਰਵਾਇਆ ਗਿਆ।ਹਾਜ਼ਰ ਕਵੀਆਂ ਤੇ ਬਾਲ ਕਵੀਆਂ ਨੂੰ ਜੀ ਆਇਆਂ ਕਹਿੰਦਿਆਂ ਪੁੰਗਰਦੇ ਹਰਫ ਦੀ ਪ੍ਰਧਾਨਾ ਰਮਨਦੀਪ ਕੌਰ ਰੰਮੀ ਨੇ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ। ਅੱਜ ਦੇ ਬਾਲ ਕਵੀ ਦਰਬਾਰ ਦੇ ਮੁੱਖ ਮਹਿਮਾਨ ਦਲਜਿੰਦਰ ਸਿੰਘ ਰਹਿਲ ਇਟਲੀ ਤੋਂ ਸਨ ਜੋ ਕਿ ਮਾਂ ਬੋਲੀ ਪੰਜਾਬੀ ਦੇ ਘੇਰੇ ਨੂੰ ਵਸੀਹ ਕਰਣ ਲਈ ਪ੍ਰਬੰਧਕੀ ਕਾਰਜਾਂ ਦੇ ਨਾਲ ਨਾਲ ਸਿਰਜਣਾਤਮਕ ਕੰਮ ਵੀ ਕਰ ਰਹੇ ਹਨ।



ਅੱਜ ਦੇ ਸਫਲ ਕਵੀ ਦਰਬਾਰ ਵਿੱਚ ਡਾ।ਗੁਰਸ਼ਰਨ ਸਿੰਘ ਸੋਹਲ ਵਿਸ਼ੇਸ਼ ਮਹਿਮਾਨ ਦੇ ਤੌਰ ਤੇ ਸ਼ਿਰਕਤ ਕਰ ਰਹੇ ਸਨ ।ਗਿਦੜਬਾਹਾ ਵਿਖੇ ਪ੍ਰਿੰਸੀਪਾਲ ਦੇ ਅਹੁਦੇ ਤੇ ਕਾਰਜਸ਼ੀਲ ਡਾ।ਕਮਲਪ੍ਰੀਤ ਕੌਰ, ਜੋ ਕਿ ਇਕ ਖੂਬਸੂਰਤ ਕਵਿੱਤਰੀ ਵੀ ਹਨ ਅੱਜ ਦੇ ਪ੍ਰੋਗਰਾਮ ਦੀ ਸੰਚਾਲਿਕਾ ਸਨ ਜਦੋਂ ਕਿ ਦੋ ਕਾਵਿ-ਸੰਗ੍ਰਹਿਾਂ (ਸ਼ਾਹੀ ਅਲਫਾਜ਼, ਜਨਮ ਸੁਹੇਲਾ)ਦੀ ਰਚੇਤਾ ਅਤੇ ਪੇਸ਼ਕਾਰੀ ਨੂੰ ਚਾਰ ਚੰਨ ਲਾਉਣ ਵਾਲੀ ਕਵਿੱਤਰੀ ਹਰਮੀਤ ਕੌਰ ਮੀਤ ਸਹਿ- ਸੰਚਾਲਿਕਾ ਸੀ। ਨੌਜਵਾਨ ਲੇਖਕ ਅਮਨਬੀਰ ਸਿੰਘ ਧਾਮੀ ਨੇ ਆਪਣੇ ਸੁਹਿਰਦ ਸਹਿਯੋਗ ਨਾਲ ਪ੍ਰੋਗਰਾਮ ਨੂੰ ਸਫਲਤਾ ਦੀ ਸਿਖਰ ਤੇ ਪਹੁੰਚਾਇਆ। ਪੰਜਾਬੀ ਲਿਖਾਰੀ ਸਭਾ ਸਿਆਟਲ ਦੇ ਮੀਤ ਪ੍ਰਧਾਨ ਬਲਿਹਾਰ ਸਿੰਘ ਲੇਹਲ ਜੋ ਸਭਾ ਵੱਲੋਂ ਪ੍ਰੋਗਰਾਮ ਵਿੱਚ ਸ਼ਿਰਕਤ ਵੀ ਕਰ ਰਹੇ ਸਨ ਅਤੇ ਸਮਾਗਮ ਨੂੰ ਦੁਨੀਆ ਦੇ ਕੋਨੇ ਕੋਨੇ ’ਚ ਪਹੁੰਚਾਉਣ ਲਈ ਤਕਨੀਕੀ ਸਹਾਇਤਾ ਵੀ ਦੇ ਰਹੇ ਸਨ। ਧਰਤੀ ਦੇ ਵੱਖ ਵੱਖ ਕੋਨੇ ਤੋਂ ਇਸ ਪ੍ਰੋਗਰਾਮ ਦਾ ਹਿੱਸਾ ਬਣੇ ਬੱਚੇ ਜਸ਼ਨ ਸਿੰਘ, ਸਾਵਲਜੋਤ ਸਿੰਘ, ਪ੍ਰਭਨੂਰ ਕੌਰ, ਗੁਰਸਮਰੱਥ ਸਿੰਘ, ਅਸ਼ਨਦੀਪ ਸਿੰਘ, ਜੱਸਜੋਤ ਸਿੰਘ, ਮਨਸੀਰਤ ਕੌਰ, ਹਰਪ੍ਰੀਤ ਸਿੰਘ, ਹਰਨੂਰ ਸਿੰਘ, ਗੁਰਅਸੀਸ ਸਿੰਘ ਨੇ ਆਪਣੀ ਮਿੱਠੀ ਅਤੇ ਸੁਰੀਲੀ ਆਵਾਜ਼ ਵਿੱਚ ਕਵਿਤਾਵਾਂ ਉਚਾਰ ਕੇ ਅਤੇ ਗੀਤ ਤਰੰਨਮ ’ਚ ਗਾ ਕੇ ਰੰਗ ਬੰਨਿਆ। ਕਵਿਤਾਵਾਂ ਗੀਤਾਂ ਦੇ ਵਿਸ਼ੇ ਧਾਰਮਿਕ, ਸਮਾਜਿਕ ਅਤੇ ਸੱਭਿਆਚਾਰਕ ਸਨ। ਮੁੱਖ ਮਹਿਮਾਨ ਦਲਜਿੰਦਰ ਰਹਿਲ ਨੇ ਬੱਚਿਆਂ ਦਾ ਹੌਂਸਲਾ ਵਧਾਉਂਦਿਆਂ ਕਿਹਾ ਕਿ ਪੁੰਗਰਦੇ ਹਰਫ ਗਰੁੱਪ ਅਤੇ ਪੰ ਲਿ।ਸਭਾ ਸਿਆਟਲ ਦਾ ਇਹ ਉਦਮ ਸ਼ਲਾਘਾਯੋਗ ਹੈ। ਉਹਨਾਂ ਆਪਣੀ ਕਵਿਤਾ ਵੀ ਪੜ੍ਹੀ।

ਅਜਿਹੇ ਪ੍ਰੋਗਰਾਮਾਂ ਦੀ ਲੋੜ ਤੇ ਜ਼ੋਰ ਦਿੰਦਿਆਂ ਡਾ।ਗੁਰਸ਼ਰਨ ਸਿੰਘ ਸੋਹਲ ਨੇ ਆਪਣੀ ਰਚਨਾ ਸਾਂਝੀ ਕੀਤੀ। ਬਲਿਹਾਰ ਸਿੰਘ ਲੇਹਲ ਨੇ ਆਪਣੀ ਰਚਨਾ ਪੇਸ਼ ਕੀਤੀ ਅਤੇ ਯਕੀਨ ਦਿਵਾਇਆ ਕਿ ਪੰਜਾਬ ਪੰਜਾਬੀ ਪੰਜਾਬੀਅਤ ਦੀ ਪ੍ਰਫੁਲਤਾ ਲਈ ਸਭਾ ਅਤੇ ਗਰੁੱਪ ਸਦਾ ਯਤਨਸ਼ੀਲ ਰਹਿਣਗੇ।

ਡਾ ਕਮਲ ਪ੍ਰੀਤ ਕੌਰ, ਹਰਮੀਤ ਕੌਰ ਮੀਤ, ਅਮਨਬੀਰ ਧਾਮੀ ਨੇ ਬੱਚਿਆਂ ਨੂੰ ਰਾਹ-ਨੁਮਾਈ ਦੇਣ ਵਾਲੀਆਂ ਕਵਿਤਾਵਾਂ ਪੜ੍ਹੀਆਂ। ਆਪਣੇ ਜਾਦੂਗਰੀ ਸ਼ਬਦਾਂ ਨਾਲ ਸਿਰਜੀ ਕਵਿਤਾ ਦੀ ਕੀਲ-ਬਿਠ-ਾਉਣ ਵਾਲੀ ਪੇਸ਼ਕਾਰੀ ਰਾਹੀਂ ਸਾਰਿਆਂ ਨੂੰ ਪ੍ਰਭਾਵਿਤ ਕਰਦਿਆਂ ਗਰੁੱਪ ਦੀ ਪ੍ਰਧਾਨਾ ਰਮਨਦੀਪ ਕੋਰ ਰੰਮੀ ਨੇ ਸਾਰਿਆਂ ਦਾ ਧੰਨਵਾਦ ਕੀਤਾ।

ਰਮਨਦੀਪ ਕੌਰ ਰੰਮੀ ਪ੍ਰਧਾਨ , ਹਰਮੀਤ ਕੌਰ ਮੀਤ ਜ। ਸਕੱਤਰ, ਮੰਗਤ ਕੁਲਜਿੰਦ ਪ੍ਰੈ ਸਕੱ (ਪੰਲਿਸ ਸਿਆਟਲ) ਮੋ।+91 94177-53892, ਮੋ ਅਤੇ ਵੱਟਸ +1 425 286 0163

# ਸਰਦਾਰ ਭਗਤ ਸਿੰਘ ਇਨਕਲਾਬੀਆਂ ਦੀਆਂ ਗੱਲਾਂ ਕਰਦਾ ਸੀ


ਸਰਦਾਰ ਭਗਤ ਸਿੰਘ ਦਾ ਜਨਮ 27 ਸਤੰਬਰ 1907 ਨੂੰ ਪਿੰਡ ਬੰਗਾ, ਚੱਕ ਨੰਬਰ 105 , ਲਾਇਲਪੁਰ ਵਿਖੇ ਇਕ ਕ੍ਰਾਂਤੀਕਾਰੀ ਪਰਿਵਾਰ ਵਿਚ ਹੋਇਆ।

ਉਹਨਾਂ ਦਾ ਜੱਦੀ ਪਿੰਡ ਖਟਕੜ ਕਲਾਂ, ਨਵਾਂ ਸ਼ਹਿਰ, ਜਿਲ੍ਹਾ ਜਲੰਧਰ ਵਿਚ ਸੀ ਬਾਅਦ ਵਿਚ ਇਸਦਾ ਨਾਮ ਬਦਲ ਕੇ ਸ਼ਹੀਦ ਭਗਤ ਸਿੰਘ ਨਗਰ ਰੱਖ ਦਿੱਤਾ ਗਿਆ। ਉਸਦੇ ਪਿਤਾ ਦਾ ਨਾਂ ਸਰਦਾਰ ਕਿਸ਼ਨ ਸਿੰਘ ਅਤੇ ਮਾਤਾ ਦਾ ਨਾਂ ਵਿਦਿਆਵਤੀ ਸੀ।

ਜਿਸ ਦਿਨ ਭਗਤ ਸਿੰਘ ਦਾ ਜਨਮ ਹੋਇਆ ਉਸੇ ਦਿਨ ਉਸਦੇ ਚਾਚਾ ਮਾਂਡਲੇ ਦੀ ਜੇਲ ਤੋਂ ਰਿਹਾ ਹੋਕੇ ਆਏ ਸੀ।ਇਸ ਕਰਕੇ ਇਸ ਦਾ ਨਾਂ ਭਗਤ ਸਿੰਘ ਮਤਲਬ ਭਾਗਾਂ ਵਾਲਾ ਰਖ ਦਿੱਤਾ ਸੀ। ਉਹਨਾਂ ਦੇ ਪਿਤਾ ਤੇ ਦੂਸਰੇ ਚਾਚਾ ਵੀ ਪੱਕੇ ਦੇਸ਼ ਭਗਤ ਸੀ ਅਤੇ ਮਾਂ ਬੜੀ ਹੌਸਲੇ ਵਾਲੀ, ਦਲੇਰ ਤੇ ਧਾਰਮਿਕ ਵਿਚਾਰਾਂ ਵਾਲੀ ਇਸਤਰੀ ਸੀ।

ਆਪ ਦੇ ਦਾਦਾ ਜੀ ਸਰਦਾਰ ਅਰਜਨ ਸਿੰਘ ਇੱਕ ਵਾਹੀਕਾਰ ਦੇ ਨਾਲ-ਨਾਲ ਯੂਨਾਨੀ ਹਿਕਮਤ ਦੇ ਮਾਹਿਰ ਸਨ। ਸਰਦਾਰ ਭਗਤ ਸਿੰਘ ਦੇ ਪਿਤਾ ਸਰਦਾਰ ਕਿਸ਼ਨ ਸਿੰਘ ਬਹੁਤ ਵੱਡੇ ਸਮਾਜ ਸੇਵਕ ਸਨ। ਉਹਨਾਂ ਨੇ ਸਮੇਂ - ਸਮੇਂ ਆਈਆਂ ਕੁਦਰਤੀ ਆਫ਼ਤਾਂ ਸਮੇਂ ਲੋਕਾਂ ਦੀ ਵੱਧ-ਚੜ ਕੇ ਮਦਦ ਕੀਤੀ। 1906 ਵਿੱਚ ਕਿਸ਼ਨ ਸਿੰਘ ਜੀ ਕਾਂਗਰਸ ਦੇ ਮੈਂਬਰ ਬਣੇ ਅਤੇ ਸਿਆਸਤ ਵਿੱਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ। ਭਗਤ ਸਿੰਘ ਦੇ ਚਾਚਾ ਸਰਦਾਰ ਅਜੀਤ ਸਿੰਘ ਵੀ ਇੱਕ ਸਿਰਕੱਢ ਸੁਤੰਤਰਤਾ ਸੰਗਰਾਮੀ ਹੋਣ ਦੇ ਨਾਲ-ਨਾਲ ਇੱਕ ਪ੍ਰਭਾਵਸ਼ਾਲੀ ਬੁਲਾਰੇ ਵੀ ਸਨ। ਭਗਤ ਸਿੰਘ ਆਪਣੇ ਚਾਚੇ ਅਜੀਤ ਸਿੰਘ ਦੀ ਸ਼ਖਸੀਅਤ ਤੋਂ ਬਹੁਤ ਜ਼ਿਆਦਾ ਪ੍ਰਭਾਵਿਤ ਸੀ ਅਤੇ ਇਸ ਤੋਂ ਇਲਾਵਾ ਭਗਤ ਤੇ ਕਰਤਾਰ ਸਿੰਘ ਸਰਾਭਾ ਦੀ ਸ਼ਹੀਦੀ ਦਾ ਵੀ ਬਹੁਤ ਡੂੰਘਾ ਅਸਰ ਪਿਆ। ਭਗਤ ਸਿੰਘ ਹਮੇਸ਼ਾ ਸਰਾਭੇ ਦੀ ਫ਼ੋਟੋ ਆਪਣੀ ਜੇਬ ਵਿੱਚ ਰੱਖਿਆ ਕਰਦਾ ਸੀ, ਜੋ ਗਰਿਫ਼ਤਾਰੀ ਸਮੇਂ ਵੀ ਉਸ ਕੋਲ ਸੀ ।

ਭਗਤ ਸਿੰਘ ਤਿੰਨ ਸਾਲ ਦੇ ਸੀ ਜਦੋਂ ਇਕ ਦਿਨ ਉਹਨਾਂ ਦੇ ਪਿਤਾ ਦੇ ਮਿੱਤਰ ਨੇ ਉਹਨਾਂ ਤੋ ਪੁੱਛਿਆ, 'ਕਾਕਾ ਤੂੰ ਕੀ ਕਰਦਾਂ ਹੈਂ ਤਾਂ ਭਗਤ ਸਿੰਘ ਨੇ ਕਿਹਾ, "ਮੈਂ ਬੰਦੂਕਾਂ ਬਣਾਉਂਦਾ ਹਾਂ। ਉਹ ਸੁਣ ਕੇ ਹੈਰਾਨ ਹੋ ਗਿਆ। ਇਕ ਵਾਰੀ ਬਚਪਨ ਵਿਚ ਭਗਤ ਸਿੰਘ ਨੇ ਆਪਣੇ ਪਿਤਾ ਨੂੰ ਵੀ ਕਿਹਾ ਸੀ ਕੀ ਅਸੀਂ ਖੇਤਾਂ ਵਿਚ ਅਨਾਜ ਦੀ ਜਗਾ ਬੰਦੂਕਾਂ ਕਿਉਂ ਨਹੀਂ ਬੀਜਦੇ ਤਾਂ ਕਿ ਅਸੀਂ ਆਪਣੇ ਦੇਸ਼ ਨੂੰ ਅਜ਼ਾਦ ਕਰ ਸਕੀਏ। ਭਗਤ ਸਿੰਘ ਨੇ ਪ੍ਰਾਇਮਰੀ ਦੀ ਪੜਾਈ ਆਪਣੇ ਪਿੰਡ ਵਿਚੋਂ ਪ੍ਰਾਪਤ ਕੀਤੀ ਤੇ ਉਸਨੇ ਆਪਣੀ ਉਚੇਰੀ ਵਿਦਿਆ ਲਾਹੌਰ ਤੋਂ ਪ੍ਰਾਪਤ ਕੀਤੀ । ਜਦੋਂ ਭਗਤ ਸਿੰਘ ਦੀ ਉਮਰ 9 ਸਾਲ ਦੀ ਸੀ ਉਸ ਸਮੇਂ ਕਰਤਾਰ ਸਿੰਘ ਸਰਾਭਾ ਨੂੰ ਫਾਂਸੀ ਦਿੱਤੀ ਗਈ । ਉਸਦੀ ਦਲੇਰਾਨਾ ਮੌਤ ਨੇ ਭਗਤ ਸਿੰਘ ਦੇ ਦਿਲ ਤੇ ਬੜਾ ਗਹਿਰਾ ਅਸਰ ਕੀਤਾ ਤੇ ਉਸਨੂੰ ਭਗਤ ਸਿੰਘ ਨੇ ਆਪਣਾ ਆਦਰਸ਼ ਬਣਾ ਲਿਆ। ਸਰਾਭਾ ਦਾ ਇਹ ਗੀਤ ਉਹ ਬੜੇ ਪਿਆਰ ਨਾਲ ਗਾਇਆ ਕਰਦੇ ਸੀ, "ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ, ਗੱਲਾਂ ਕਰਨੀਆਂ ਢੇਰ ਸੁਖਾਲੀਆਂ ਨੀ ਜਿਹਨਾਂ ਦੇਸ਼ ਦੀ ਸੇਵਾ ਵਿਚ ਪੈਰ ਪਾਇਆ ਉਹਨਾਂ ਲਖਾਂ ਮੁਸੀਬਤਾਂ ਜਾਲੀਆਂ ਨੀ। ਸਰਦਾਰ ਭਗਤ ਸਿੰਘ ਇਨਕਲਾਬੀਆਂ ਦੀਆਂ ਗੱਲਾਂ ਕਰਦਾ ਸੀ। 1919 ਜਲਿਆਂ ਵਾਲੇ ਬਾਗ ਦਾ ਖ਼ੂਨੀ ਸਾਕਾ ਵਾਪਰਿਆ, ਜਿਸਦਾ ਉਹਨਾਂ ਦੇ ਮੰਨ ਤੇ ਬੜਾ ਡੂੰਘਾ ਅਸਰ ਹੋਇਆ ਅਗਲੇ ਦਿਨ ਹੀ ਓਹ ਅਮ੍ਰਿਤਸਰ ਚਲੇ ਗਏ ਤੇ ਉਸ ਬਾਗ ਵਿਚੋਂ ਖ਼ੂਨ ਨਾਲ ਭਰੀ ਮਿਟੀ ਆਪਣੇ ਨਾਲ ਲੈ ਕੇ ਵਾਪਸ ਆ ਗਏ। ਇਸ ਘਟਨਾ ਨੇ ਉਹਨਾਂ ਦੇ ਮਨ ਤੇ ਅੰਗਰੇਜ਼ਾਂ ਖਿਲਾਫ਼ ਨਫ਼ਰਤ ਭਰ ਦਿੱਤੀ 1 ਫਰਵਰੀ 1921 ਨੂੰ ਨਨਕਾਣਾ ਸਾਹਿਬ ਗੁਰਦਵਾਰੇ ਦੇ ਮੋਰਚੇ ਨੇ ਭਗਤ ਸਿੰਘ ਦੇ ਮਨ ਤੇ ਡੂੰਘੀ ਛਾਪ ਛੱਡੀ। ਉਹ ਆਪਣੇ ਪਿੰਡ ਵਿੱਚੋਂ ਲੰਘਦੇ ਜਾਂਦੇ ਅੰਦੋਲਨ ਕਾਰੀਆਂ ਨੂੰ ਲੰਗਰ ਛਕਾਇਆ ਕਰਦੇ ਸਨ। ਫਿਰ ਗਾਂਧੀ ਦਾ ਅੰਦੋਲਨ ਸ਼ੁਰੂ ਹੋਇਆ। ਕਈ ਨੌਜਵਾਨਾਂ ਸਕੂਲ ਤੇ ਕਾਲਜਾਂ ਦੀ ਪੜਾਈ ਛੱਡ ਕੇ ਆਜ਼ਾਦੀ ਦੀ ਲੜਾਈ ਦੇ ਮੈਦਾਨ ਵਿਚ ਕੁੱਦ ਪਏ ਜਿਹਨਾਂ ਵਿਚੋਂ ਭਗਤ ਸਿੰਘ ਵੀ ਇਕ ਸੀ।



ਗਦਰ ਪਾਰਟੀ ਦੇ ਬਾਨੀ ਬਾਬਾ ਸੋਹਣ ਸਿੰਘ ਭਕਨਾ ਉਸ ਬਾਰੇ ਲਿਖਦੇ ਹਨ 'ਭਗਤ ਸਿੰਘ ਛੇ ਫੁੱਟ ਲੰਮਾ, ਬਹੁਤ ਖੂਬਸੂਰਤ ਅਤੇ ਮੁੱਛ-ਫੁੱਟ ਨੌਜਵਾਨ ਸੀ। ' ਉਹ ਇਕ ਨਿੱਡਰ ਜਰਨੈਲ, ਫਿਲਾਸਫਰ ਅਤੇ ਉੱਚ ਦਰਜੇ ਦੀ ਰਾਜਸੀ ਸੂਝ ਰੱਖਣ ਵਾਲਾ ਸੀ। ਦੇਸ਼ ਭਗਤੀ ਦੇ ਨਾਲ-ਨਾਲ ਦੁਨੀਆ ਭਰ ਦੀ ਪੀੜਤ ਜਨਤਾ ਦਾ ਦਰਦ ਉਹਦੇ ਦਿਲ ਵਿਚ ਕੁੱਟ-ਕੁੱਟ ਕੇ ਭਰਿਆ ਹੋਇਆ ਸੀ।

ਪਰ ਭਗਤ ਸਿੰਘ ਆਪਣੀ ਨਵੇਕਲੀ ਵਿਚਾਰਧਾਰਾ ਕਰਕੇ ਸਭ ਤੋਂ ਨਿਆਰਾ ਸੀ ਅਤੇ ਅੱਜ ਵੀ ਹੈ। ਉਸ ਨੇ ਛੋਟੀ ਉਮਰ ਵਿਚ ਹੀ ਆਪਣੇ ਤਰਕਪੂਰਨ ਫ਼ਲਸਫ਼ੇ ਨਾਲ ਲੋਕ ਦੇ ਮਨਾਂ ਨੂੰ ਟੁੰਬਿਆ ਅਤੇ ਹਲੂਣਿਆ। ਨਿੱਕੀ ਉਮਰੇ ਦੇਸ਼ ਲਈ ਵੱਡੇ ਕਾਰਨਾਮਿਆਂ ਨੂੰ ਸਰਅੰਜ਼ਾਮ ਦੇਣ ਕਰਕੇ ਉਹ ਹਿੰਦੁਸਤਾਂਨੀਆਂ ਦੀਆਂ ਅੱਖਾਂ ਦਾ ਤਾਰਾ ਬਣ ਗਿਆ।

ਸੰਨ 1921-1922 ਈ: ਨੂੰ ਲਾਹੌਰ ਵਿਖੇ ਦੇਸ਼ ਭਗਤਾਂ ਦੁਆਰਾ ਇਕ ਨੈਸ਼ਨਲ ਕਾਲਜ ਬਣਾਇਆ ਗਿਆ ਜਿਸ 'ਵਿਚ ਭਗਤ ਸਿੰਘ ਨੂੰ ਇੱਕ ਕਠਿਨ ਪ੍ਰੀਖਿਆ ਪਾਸ ਕਰਕੇ ਕਾਲਜ ਦੇ ਪਹਿਲੇ ਸਾਲ ਹੀ ਦਾਖਲਾ ਮਿਲ ਗਿਆ। ਜੈ ਦੇਵ ਗੁਪਤਾ ਅਤੇ ਸੁਖਦੇਵ ਇਹਨਾਂ ਦੀ ਕਲਾਸ ਵਿਚ ਹੀ ਪੜਦੇ ਸਨ। ਭਗਤ ਸਿੰਘ ਦਾ ਸੁਖਦੇਵ ਨਾਲ ਕਾਲਜ ਦਾ ਇਹ ਸਾਥ ਫਾਂਸੀ ਦੇ ਤਖ਼ਤੇ ਤੱਕ ਗਿਆ।

1923 'ਚ ਘਰਦਿਆਂ ਵਲੋਂ ਵਿਆਹ ਲਈ ਜ਼ੋਰ ਪਾਉਣ 'ਤੇ ਸਰਦਾਰ ਭਗਤ ਸਿੰਘ ਨੇ ਘਰ ਛੱਡ ਦਿੱਤਾ ਅਤੇ ਕਾਨਪੁਰ ਚਲੇ ਗਏ । ਉਥੇ ਉਹਨਾਂ ਨੇ ਕੁਝ ਚਿਰ ਦੈਨਿਕ ਪ੍ਰਤਾਪ, ਵੀਰ ਅਰਜਨ ਅਤੇ ਕਿਰਤੀ ਰਸਾਲਿਆਂ ਲਈ ਕੰਮ ਕੀਤਾ। ਉਹ ਹਿੰਦੀ ਉਰਦੂ ਅੰਗਰੇਜ਼ੀ ਤੇ ਪੰਜਾਬੀ ਲਿਖਣ ਵਿਚ ਮਾਹਿਰ ਸੀ । ਉਹ ਪ੍ਰਸਿੱਧ ਕ੍ਰਾਂਤੀਕਾਰੀ ਲੇਖਕਾਂ ਰੂਸੋ, ਵਾਲਟੇਅਰ, ਲੇਨਿਨ, ਮਾਰਕਸ ਆਦਿ ਦੀਆਂ ਰਚਨਾਵਾਂ ਬੜੇ ਸ਼ੌਕ ਤੇ ਧਿਆਨ ਨਾਲ ਪੜ੍ਹਦੇ ਤੇ ਪ੍ਰਭਾਵਿਤ ਹੁੰਦੇ। ਉਹ ਵਿਦੇਸ਼ੀ ਆਜ਼ਾਦੀ ਦੇ ਘੁਲਾਟੀਆਂ ਦੀਆਂ ਸਵੈ-ਜੀਵਨੀਆਂ ਦਾ ਭਾਰਤੀ ਭਾਸ਼ਾ ਵਿਚ ਅਨੁਵਾਦ ਕਰਨ ਦੇ ਨਾਲ ਨਾਲ ਖੁਦ ਵੀ ਕਿਤਾਬਾਂ ਤੇ ਪਰਚੇ ਲਿਖਿਆ ਕਰਦੇ ਸੀ। ਕਿਤਾਬਾਂ ਪੜ੍ਹਨ ਦਾ ਉਹਨਾਂ ਨੂੰ ਬੇਹਦ ਸ਼ੋਕ ਸੀ ।ਉਹ ਆਪਣੇ ਨਾਲ ਹਰ ਵੇਲੇ ਕਿਤਾਬ ਅਤੇ ਪਿਸਤੌਲ ਰੱਖਦੇ ਸਨ। ਇਸ ਤੋ ਬਾਅਦ ਭਗਤ ਸਿੰਘ ਤੇ ਉਸਦੇ ਸਾਥੀ ਕਾਨਪੁਰ ਵਿਚ ਸ਼ੰਕਰ ਵਿਦਿਆਰਥੀ, ਬੀ. ਕੇ. ਦਤ, ਚੰਦਰ ਸ਼ੇਖਰ ਅਜ਼ਾਦ ਤੇ ਕੁਝ ਹੋਰ ਬੰਗਾਲੀ ਕ੍ਰਾਂਤੀਕਾਰੀਆਂ ਦੇ ਸੰਪਰਕ ਵਿਚ ਆਏ।ਭਗਤ ਸਿੰਘ ਨੂੰ ਕਰਤਾਰ ਸਿੰਘ ਸਰਾਭਾ, ਲੈਨਿਨ , ਜੈਕ ਲੰਡਨ, ਮੁਖ਼ਾਇਲ ਬਾਕੂਨਿਨ ਨੇ ਪ੍ਰਭਾਵਿਤ ਕੀਤਾ। ਇਥੇ ਉਹ, "ਹਿੰਦੁਸਤਾਂਨ ਰਿਪਬਲੀਕਨ ਐਸੋਸੀਏਸ਼ਨ" ਦਾ ਮੈਂਬਰ ਬਣ ਗਏ। ਉਹਨਾਂ ਦਿਨਾਂ ਵਿਚ ਗੁਰੁਦਵਾਰਿਆਂ ਦੀ ਆਜ਼ਾਦੀ ਲਈ ਜੈਤੋਂ ਦਾ ਮੋਰਚਾ ਲਗਾ ਹੋਇਆ ਸੀ ਜਿਸਦਾ ਉਹਨਾਂ ਨੇ ਪੁਰਜੋਸ਼ ਸੁਆਗਤ ਕੀਤਾ, ਤੇ ਪੂਰੇ ਇਕੱਠ ਨੂੰ ਲੰਗਰ ਛਕਾਇਆ ਜਿਸ ਲਈ ਉਸਦੇ ਗ੍ਰਿਫਤਾਂਰੀ ਦੇ ਵਰੰਟ ਜਾਰੀ ਹੋ ਗਏ ।1927 ਵਿਚ ਨੌਜਵਾਨ ਭਾਰਤ ਸਭਾ ਦੀ ਨੀਂਹ ਰੱਖੀ ਜਿਸਦਾ ਬਾਅਦ ਵਿਚ ਨਾਂ ਬਦਲਕੇ "ਹਿੰਦੁਸਤਾਂਨ ਰਿਪਬਲੀਕਨ ਐਸੋਸੀਏਸ਼ਨ" ਰੱਖ ਦਿੱਤਾ। 1927 ਵਿੱਚ ਕਾਕੋਰੀ ਕਾਂਡ ( ਰੇਲਗੱਡੀ ਡਾਕੇ) ਦੇ ਮਾਮਲੇ ਵਿੱਚ ਉਹਨਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।

1928 ਵਿਚ ਸਾਇਮਨ ਕਮਿਸ਼ਨ ਦੇ ਵਿਰੋਧ ਵਿਚ ਇਕ ਵੱਡਾ ਜਲੂਸ ਕੱਢਿਆ ਜਿਸਦੀ ਅਗਵਾਈ ਲਾਲਾ ਲਾਜਪਤ ਰਾਏ ਜੀ ਕਰ ਰਹੇ ਸਨ ।ਅੰਗਰੇਜ਼ ਸਰਕਾਰ ਵਲੋਂ ਲਾਲਾ ਲਾਜਪਤ ਰਾਏ ਤੇ ਲਾਠੀਆਂ ਦੀ ਬੁਛਾੜ ਕੀਤੀ ਗਈ ਜਿਸ ਕਰਕੇ 17 ਨਵੰਬਰ 1928 ਵਿਚ ਉਹਨਾਂ ਦੀ ਮੌਤ ਹੋ ਗਈ। ਭਗਤ ਸਿੰਘ ਨੇ ਲਾਲਾ ਲਾਜਪਤ ਰਾਏ ਦੀ ਮੌਤ ਦਾ ਬਦਲਾ 17 ਦਸੰਬਰ 1928 ਨੂੰ ਲਹੋਰ ਦੇ ਪੀ.ਐਸ.ਪੀ ਮਿਸਟਰ ਸਾਂਡਰਸ ਨੂੰ ਗੋਲੀ ਮਾਰਕੇ ਲਿਆ। 8 ਅਪ੍ਰੈਲ 1929 ਜਦ ਅਸੈਂਬਲੀ ਵਿਚ ਪਬਲਿਕ ਸੇਫਟੀ ਬਿਲ ਅਤੇ ਟਰੇਡ ਡਿਸਪਿਉਟ ਦੀ ਬਹਿਸ ਹੋਈ ਤਾਂ ਭਗਤ ਸਿੰਘ ਨੇ ਅਸੰਬਲੀ ਵਿਚ ਨਕਲੀ ਬੰਬ ਸੁਟਕੇ ਜਿਸਦਾ ਮਤਲਬ ਸੀ, ਸਿਰਫ ਧਮਾਕਾ ਕਿਉਂਕਿ ਖੂਨ ਖਰਾਬੇ ਦੇ ਹੱਕ ਵਿਚ ਉਹ ਬਿਲਕੁਲ ਨਹੀਂ ਸਨ ਤੇ ਆਪਣੇ ਆਪ ਨੂੰ ਗ੍ਰਿ-ਫਤਾਂਰ ਕਰਵਾ ਲਿਆ। ਬੰਬ ਸੁੱਟਣ ਦਾ ਸਾਡਾ ਉਦੇਸ਼ ਕੇਵਲ ਬੋਲੇ ਕੰਨਾ ਨੂੰ ਸੁਣਨ ਯੋਗ ਬਣਾਉਣਾ ਤੇ ਬੇਖਬਰਾਂ ਨੂੰ ਸਮੇਂ ਸਿਰ ਸਾਵਧਾਨ ਕਰਨਾ ਸੀ।

ਇਸ ਕੇਸ ਦੇ ਦੌਰਾਨ ਸ: ਭਗਤ ਸਿੰਘ ਅਤੇ ਉਸ ਦੇ ਸਾਥੀਆਂ ਨੇ ਜੇਲ ਅਧਿਕਾਰੀਆਂ ਵੱਲੋਂ ਦਿੱਤੇ ਗਏ ਮਾੜੇ ਖਾਣੇ ਅਤੇ ਮਾੜੇ ਵਤੀਰੇ ਖ਼ਿਲਾਫ਼ ਭੁੱਖ ਹੜਤਾਲ ਵੀ ਕੀਤੀ । ਇਸ ਭੁੱਖ ਹੜਤਾਲ ਨੂੰ ਖਤਮ ਕਰਨ ਲਈ ਸਰਕਾਰ ਦੁਆਰਾ ਅਨੇਕਾਂ ਯਤਨ ਕੀਤੇ ਗਏ। 63 ਦਿਨਾਂ ਦੀ ਭੁੱਖ ਹੜਤਾਲ ਤੋਂ ਬਾਅਦ ਜਤਿਨ ਦਾਸ 13 ਸਤੰਬਰ 1929 ਈ: ਨੂੰ ਦੇਸ਼ ਦੀ ਖਾਤਰ ਆਪਣੀ ਜਾਨ ਕੁਰਬਾਨ ਕਰ ਗਿਆ।

ਭਗਤ ਸਿੰਘ ਜੇਲ ਦੀ ਸਖ਼ਤ ਜ਼ਿੰਦਗੀ ਦੇ ਆਦੀ ਹੋ ਗਏ ਸਨ। ਉਹਨਾਂ ਦੀ ਕੋਠੜੀ ਨੰਬਰ 14 ਦਾ ਫਰਸ਼ ਪੱਕਾ ਨਹੀਂ ਸੀ, ਉਸ 'ਤੇ ਘਾਹ ਉੱਗਿਆ ਹੋਇਆ ਸੀ। ਉਸ 'ਚ ਬੱਸ ਇੰਨੀ ਕੁ ਤਾਂ ਸੀ ਕਿ ਉਹਨਾਂ ਦਾ 5 ਫੁੱਟ 10 ਇੰਚ ਦਾ ਸਰੀਰ ਮੁਸ਼ਕਲ ਨਾਲ ਆ ਸਕੇ।

ਭਗਤ ਸਿੰਘ ਨੂੰ ਫਾਂਸੀ ਤੋਂ ਦੋ ਘੰਟੇ ਪਹਿਲਾਂ ਉਹਨਾਂ ਦੇ ਵਕੀਲ ਪ੍ਰਾਣ ਨਾਥ ਮਹਿਤਾ ਉਹਨਾਂ ਨੂੰ ਮਿਲਣ ਆਏ। ਮਹਿਤਾ ਨੇ ਬਾਅਦ ਵਿੱਚ ਲਿਖਿਆ ਕਿ ਭਗਤ ਸਿੰਘ ਆਪਣੀ ਛੋਟੀ ਜਿਹੀ ਕੋਠੜੀ 'ਚ ਪਿੰਜਰੇ 'ਚ ਬੰਦ ਸ਼ੇਰ ਵਾਂਗ ਚੱਕਰ ਲਾ ਰਹੇ ਸਨ।

ਫਾਂਸੀ ਸਮੇਂ ਭਗਤ ਸਿੰਘ ਦੀ ਉਮਰ 23 ਸਾਲ , 5 ਮਹੀਨੇ ਅਤੇ 27 ਦਿਨ ਸੀ । ਲਾਹੌਰ ਸੈਂਟਰਲ ਜੇਲ 'ਚ 23 ਮਾਰਚ, 1931 ਨੂੰ ਦਿਨ ਦੀ ਸ਼ੁਰੂਆਤ ਕਿਸੇ ਹੋਰ ਦਿਨ ਵਾਂਗ ਹੀ ਹੋਈ ਸੀ। ਫ਼ਰਕ ਸਿਰਫ਼ ਇਹ ਸੀ ਕਿ ਸਵੇਰੇ ਜ਼ੋਰਦਾਰ ਹਨੇਰੀ ਆਈ ਸੀ।

ਕੁਝ ਦੇਰ ਬਾਅਦ ਤਿੰਨਾਂ ਕ੍ਰਾਂਤੀਕਾਰੀਆਂ ਨੂੰ ਫਾਂਸੀ ਦੀ ਤਿਆਰੀ ਲਈ ਉਹਨਾਂ ਦੀਆਂ ਕੋਠੜੀਆਂ ਤੋਂ ਬਾਹਰ ਲਿਆਂਦਾ ਗਿਆ। ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੇ ਆਪਣੇ ਹੱਥ ਜੋੜੇ ਅਤੇ ਆਪਣਾ ਮਨਪਸੰਦ ਅਜ਼ਾਦੀ ਦਾ ਗੀਤ ਗਾਉਣੇ ਲੱਗੇ-

ਕਦੇ ਉਹ ਦਿਨ ਆਵੇਗਾ
ਕਿ ਜਦ ਅਸੀਂ ਅਜ਼ਾਦ ਹੋਵਾਂਗੇ
ਇਹ ਆਪਣੀ ਹੀ ਧਰਤੀ ਹੋਵੇਗੀ
ਇਹ ਆਪਣਾ ਅਸਮਾਨ ਹੋਵੇਗਾ

ਫਿਰ ਇਹਨਾਂ ਤਿੰਨਾਂ ਦਾ ਇੱਕ-ਇੱਕ ਕਰਕੇ ਭਾਰ ਤੋਲਿਆ ਗਿਆ। ਸਾਰਿਆਂ ਦਾ ਭਾਰ ਵਧਿਆ ਹੋਇਆ ਸੀ। ਇਹਨਾਂ ਸਾਰਿਆਂ ਨੂੰ ਅਪਣਾ ਆਖ਼ਰੀ ਇਸ਼ਨਾਨ ਕਰਨ ਲਈ ਕਿਹਾ ਗਿਆ। ਫਿਰ ਉਹਨਾਂ ਨੂੰ ਪਾਉਣ ਲਈ ਕਾਲੇ ਕੱਪੜੇ ਦਿੱਤੇ ਪਰ ਉਹਨਾਂ ਦੇ ਚਿਹਰੇ ਖੁੱਲੇ ਰਹਿਣ ਦਿੱਤੇ ਗਏ।

ਮਾਰਚ ਸ਼ਾਮ , ਨਿਰਧਾਰਤ ਸਮੇਂ ਤੋਂ ਇਕ ਦਿਨ ਪਹਿਲਾਂ 23 ਮਾਰਚ 1931 ਨੂੰ ਫਾਂਸੀ ਦੇ ਦਿੱਤੀ ਗਈ। ਇਨਕਲਾਬ ਜਿੰਦਾਬਾਦ ਦੇ ਨਾਅਰੇ ਲਗਾ ਕੇ ਫਾਂਸੀ ਤੇ ਲਟਕ ਗਏ ।

ਲੋਕਾਂ ਦੇ ਇਕੱਠ ਤੋਂ ਡਰਦਿਆਂ ਜੇਲ ਦੀ ਪਿਛਲੀ ਦੀਵਾਰ ਤੋੜ ਕੇ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਦੀਆਂ ਲਾਸ਼ਾਂ ਸੈਂਟਰਲ ਜੇਲ ਦੇ ਚੋਰ ਰਸਤੇ ਰਾਹੀਂ ਲਾਹੌਰ ਤੋਂ ਫਿਰੋਜ਼ਪੁਰ ਲਾਗੇ ਹੁਸੈਨੀਵਾਲਾ ਸਤਲੁਜ ਦਰਿਆਂ ਦੇ ਕੰਢੇ ਤੇ ਜਲਾ ਦਿੱਤੀਆਂ ਗਈਆਂ। ਭਗਤ ਸਿੰਘ ਤੇ ਉਸਦੇ ਸਾਥੀਆਂ ਦਾ ਨਾਂ ਹਮੇਸ਼ਾ ਗੂੰਜਦਾ ਰਹੇਗਾ । ਉਹਨਾਂ ਦੀ ਯਾਦ ਵਿੱਚ ਸਦਾ ਮੇਲੇ ਲੱਗਦੇ ਰਹਿਣਗੇ।ਆਓ ਸਾਰੇ ਰਲ ਕੇ ਭਗਤ ਸਿੰਘ ਦੀ ਸ'ਚ ਤੇ ਪਹਿਰਾ ਦੇਈਏ ਤੇ ਉਹਨਾਂ ਦੇ ਦਿੱਤੇ ਵਿਚਾਰਾਂ ਨੂੰ ਅਪਣਾ ਕੇ ਆਪਣੇ ਦੇਸ਼ ਦੀ ਰਾਖੀ ਕਰੀਏ।

**ਗਗਨਦੀਪ ਧਾਲੀਵਾਲ ਝਲੂਰ, ਬਰਨਾਲਾ**
**ਜਨਰਲ ਸਕੱਤਰ ਮਹਿਲਾ ਕਾਵਿ ਮੰਚ ਪੰਜਾਬ**
**91-9988-933161**

# ਨਿਗੂਣੀ ਪੜ੍ਹਾਈ ਅਤੇ ਪੇਂਡੂ ਪਿਛੋਕੜ ਵਾਲੇ ਸ੍ਰ. ਰਾਮ ਸਿੰਘ ਜੱਸਲ ਅਤੇ ਸ੍ਰੀਮਤੀ ਰਾਜ ਦੁਲਾਰੀ ਨੇ ਚੰਡੀਗੜ੍ਹ ਵਿਖੇ ਪੈਰ ਜਮਾਏ



ਮੇਜਰ ਸਿੰਘ ਨਾਭਾ
91-94635-53962

ਕਈ ਇਨਸਾਨਾਂ ਅੰਦਰ ਐਸੇ ਗੁਣ ਹੁੰਦੇ ਹਨ ਕਿ ਉਨ੍ਹਾਂ ਦੇ ਇਰਾਦਿਆਂ ਨੂੰ ਕੋਈ ਮੁਸ਼ਕਿਲ ਰੋਕ ਨਹੀਂ ਸਕਦੀ।ਇਹੋ ਜਿਹੇ ਹੀ ਦ੍ਰਿੜ ਇਰਾਦੇ ਵਾਲੇ ਇਨਸਾਨ ਹਨ ਸ. ਰਾਮ ਸਿੰਘ ਜੱਸਲ ਜਿੰਨ੍ਹਾਂ ਨੇ ਪੰਜਾਬ ਦੀ ਰਾਜਧਾਨੀ ਵਿਖੇ ਕਿਰਾਏ ਦੇ ਮਕਾਨ ਤੋਂ ਸਫਰ ਸੁਰੂ ਕਰਕੇ ਆਪਣੀ ਜੀਵਨ ਸਾਥਣ ਸ੍ਰੀਮਤੀ ਰਾਜ ਦੁਲਾਰੀ ਦੇ ਵੱਡੇ ਸਹਿਯੋਗ ਨਾਲ ਚੰਡੀਗੜ੍ਹ ਦੇ ਮੱਧ ਵਿੱਚ ਕੋਠੀ ਖਰੀਦ ਕੇ ਆਪਣਾ ਰੈਣ ਬਸੇਰਾ ਬਣਾ ਲਿਆ , ਸੱਚਮੁੱਚ ਇੱਕ ਨਾ ਮਾਤਰ ਪੜ੍ਹੇ ਪੇਂਡੂ ਪਿਛੋਕੜ ਵਾਲੇ ਇਨਸਾਨ ਦੀ ਸੋਚ ਅਤੇ ਮਿਹਨਤ ਲਈ ਦਾਦ ਦੇਣੀ ਬਣਦੀ ਹੈ । ਉਨ੍ਹਾਂ ਦਾ ਜਨਮ ਧਾਰਮਿਕ ਬਿਰਤੀ ਵਾਲੇ ਇਮਾਨਦਾਰ ਕਿਰਤੀ ਪਿਤਾ ਸ੍ਰ. ਬਾਬੂ ਸਿੰਘ ਜੱਸਲ ਦੇ ਘਰ ਮਾਤਾ ਸਰਦਾਰਨੀ ਨਸੀਬ ਕੌਰ ਦੀ ਕੁੱਖੋਂ ਪਿੰਡ ਮੰਨਵੀ (ਸੰਗਰੂਰ) ਵਿਖੇ 15 ਅਗਸਤ 1950 ਨੂੰ ਹੋਇਆ ।ਆਰਥਿਕ ਮਜਬੂਰੀ ਕਾਰਨ ਛੋਟੀ ਉਮਰੇ ਉਹ ਆਪਣੇ ਵੱਡੇ ਭਰਾ ਸ. ਸੰਤੋਖ ਸਿੰਘ ਕੋਲ ਦਿੱਲੀ ਵਿਖੇ ਵੀ ਕੁਝ ਸਮਾਂ ਰਹੇ , ਜੋ ਉਥੇ ਆਪਣਾ ਸਿਲਾਈ ਦਾ ਕੰਮ ਕਰਨ ਲਈ ਚਲੇ ਗਏ ਸਨ ।ਕਦੇ ਪਿੰਡ , ਕਦੇ ਦਿੱਲੀ , ਕਦੇ ਚੰਡੀਗੜ੍ਹ ਜਾਣ ਕਾਰਨ ਉਹ ਪੜ੍ਹਾਈ ਸਿਰਫ ਪ੍ਰਾਇਮਰੀ ਤੱਕ ਹੀ ਕਰ ਸਕੇ ।

ਸ. ਸੰਤੋਖ ਸਿੰਘ ਜੱਸਲ ਨੇ 1964 'ਚ ਚੰਡੀਗੜ੍ਹ ਆ ਗਏ ਅਤੇ ਥੋੜੇ ਸਮੇਂ ਬਾਅਦ ਆਪਣੀ ਸਿਲਾਈ ਦੀ ਦੁਕਾਨ 'ਜੱਸਲ ਟੇਲਰਜ਼' ਦੇ ਨਾਂ ਕਰ ਲਈ ।ਪਿੰਡੋ ਆ ਕੇ ਰਾਮ ਸਿੰਘ ਜੱਸਲ ਨੇ ਵੀ ਇਥੇ ਵੱਡੇ ਭਰਾ ਕੋਲ ਸਿਲਾਈ ਦਾ ਕੰਮ ਸਿੱਖ ਲਿਆ ।ਇਥੇ ਰਹਿੰਦੇ ਹੀ ਰਾਮ ਸਿੰਘ ਜੱਸਲ ਦਾ ਵਿਆਹ ਪਿੰਡ ਪਵਾਤ (ਰੋਪੜ ) ਦੇ ਸ਼੍ਰੀ ਲਾਲ ਜੀ ਦਾਸ ਦੀ ਬੇਟੀ ਰਾਜ ਦੁਲਾਰੀ ਨਾਲ 29 ਫਰਵਰੀ 1972 ਨੂੰ ਹੋ ਗਿਆ।ਇਨ੍ਹਾਂ ਦੇ ਘਰ ਦੋ ਬੇਟੇ ਰਜਿੰਦਰ ਸਿੰਘ (ਭੋਲਾ) ਅਤੇ ਜਸਵੀਰ ਸਿੰਘ (ਸੋਨੂੰ ) ਨੇ ਜਨਮ ਲਿਆ। ਵਿਆਹ ਹੋਣ ਕਾਰਨ ਉਨ੍ਹਾਂ ਲਈ ਵੱਖਰੀ ਕਿਰਾਏ ਦੀ ਰਿਹਾਇਸ ਕਰਨ ਦੀ ਮਜਬੂਰੀ ਬਣ ਗਈ । ਉਨ੍ਹਾਂ ਨੇ ਕਈ ਸਾਲ ਚੰਡੀਗੜ੍ਹ ਹੋਰ ਸਿਲਾਈ ਦੀਆਂ ਦੁਕਾਨਾਂ ਤੇ ਕਾਰੀਗਰੀ ਵੀ ਕੀਤੀ । ਉਨ੍ਹਾਂ ਦੀ ਜੀਵਨ ਸਾਥਣ ਸ਼੍ਰੀਮਤੀ ਰਾਜ ਦੁਲਾਰੀ ਨੇ ਘਰ ਹੀ ਲੇਡੀਜ਼ ਸਿਲਾਈ ਦਾ ਕੰਮ ਦਿਨ ਰਾਤ ਕਰਕੇ ਆਰਥਿਕ ਮਦਦ ਕਰਨ 'ਚ ਬਰਾਬਰ ਦਾ ਅਹਿਮ ਯੋਗਦਾਨ ਪਾਇਆ ਜਿਸ ਸਦਕਾ ਸ. ਰਾਮ ਸਿੰਘ ਜੱਸਲ ਨੇ ਮੁਹਾਲੀ ਵਿਖੇ 1985 ਵਿੱਚ ਆਪਣੀ ਕੋਠੀ ਬਣਾ ਲਈ ਪਰ ਕੰਮਕਾਜ ਚੰਡੀਗੜ੍ਹ ਹੋਣ ਕਾਰਨ ਉਥੇ ਦੂਰ ਹੋਣ ਕਾਰਨ ਰਿਹਾਇਸ ਨਹੀਂ ਕੀਤੀ ।ਉਨ੍ਹਾਂ ਨੇ ਆਪਣੇ ਛੋਟੇ ਭਰਾ ਅਮਰਜੀਤ ਸਿੰਘ ਜੱਸਲ ਨਾਲ ਰਲ ਕੇ ਸੈਕਟਰ 7-ਸੀ ਵਿਖੇ 1981 ਵਿੱਚ ਕਿਰਾਏ ਦੀ ਦੁਕਾਨ ਲੈ ਕੇ 'ਰਾਮਸੰਨਜ਼ ਟੇਲਰਜ਼' ਨਾਂ ਦੀ ਦੁਕਾਨ ਕਰ ਲਈ ।ਥੋੜੇ ਸਾਲਾਂ 'ਚ ਸਖਤ ਮਿਹਨਤ ਕਰਕੇ ਉਹ ਇਸੇ ਦੁਕਾਨ ਦੇ ਮਾਲਕ ਬਣ ਗਏ ।ਸੰਨ 1994 ਵਿੱਚ ਸੈਕਟਰ-18 ਸੀ ਵਿੱਚ ਉਨ੍ਹਾਂ ਨੇ ਆਪਣੀ ਕੋਠੀ ਖਰੀਦ ਕੇ ਆਪਣੇ ਮਨ ਦੀ ਮੁਰੀਦ ਪੂਰੀ ਕਰ ਲਈ । ਇਹ ਉਨ੍ਹਾਂ ਦੇ ਜੀਵਨ ਦੀ ਵੱਡੀ ਪ੍ਰਾਪਤੀ ਹੈ ।ਇਸ ਵੱਡੀ ਸਫਲਤਾ ਲਈ ਵੱਡੇ ਭਰਾ ਸਵ: ਸ. ਸੰਤੋਖ ਸਿੰਘ ਜੱਸਲ ਅਤੇ ਛੋਟੇ ਭਰਾ ਸ. ਅਮਰਜੀਤ ਸਿੰਘ ਜੱਸਲ ਦੇ ਸਹਿਯੋਗ ਨੂੰ ਵੀ ਭੁਲਾਇਆ ਨਹੀਂ ਜਾ ਸਕਦਾ। ਉਨ੍ਹਾਂ ਦਾ ਸੁਭਾਅ ਦਰਵੇਸ਼ ਕਿਸਮ ਦਾ ਹੈ। ਉਨ੍ਹਾਂ ਅੰਦਰ ਨਿਮਰਤਾ, ਹਲੀਮੀ, ਇਮਾਨਦਾਰੀ ਦੇ ਗੁਣ ਉਨ੍ਹਾਂ ਦੀ ਜ਼ਿੰਦਗੀ ਵਿੱਚ ਸਫਲਤਾ ਲਈ ਅਹਿਮ ਰਹੇ ਹਨ ।ਉਹ ਭਾਵੇਂ ਸਾਦਗੀ ਨਾਲ ਰਹਿੰਦੇ ਹਨ ਅਤੇ ਘੱਟ ਪੜ੍ਹੇ ਲਿਖੇ ਹਨ ਪਰ ਉਨ੍ਹਾਂ ਦੀ ਸ਼ਖਸ਼ੀਅਤ ਕਿਸੇ ਪੜ੍ਹੇ ਲਿਖੇ ਵਿਅਕਤੀ ਤੋਂ ਘੱਟ ਨਹੀਂ ਲਗਦੀ । ਉਹ ਆਪਣੀ ਸਿਹਤ ਪ੍ਰਤੀ ਜਾਗਰੂਕ ਹਨ । ਉਨ੍ਹਾਂ ਦੀ ਹਾਰਟ ਬਾਈਪਾਸ ਸਰਜਰੀ ਅਤੇ ਸਟੰਟ ਪੈਣ ਦੇ ਬਾਵਜੂਦ ਹਮੇਸ਼ਾ ਚੜ੍ਹਦੀਕਲਾ 'ਚ ਰਹਿੰਦੇ ਹਨ ।ਉਨ੍ਹਾਂ ਆਪਣੀ ਸੁਪਤਨੀ ਸ਼੍ਰੀਮਤੀ ਰਾਜ ਦੁਲਾਰੀ ਨਾਲ ਬੜੇ ਹੀ ਵਧੀਆ ਸਲੀਕੇ ਨਾਲ ਅੱਧੀ ਸਦੀ ਪਾਰ ਕਰਕੇ 50 ਵੀਂ ਵਿਆਹ ਵਰ੍ਹੇਗੰਢ ਮਨਾਈ ।ਉਨ੍ਹਾਂ ਦਾ ਵੱਡਾ ਬੇਟਾ ਰਜਿੰਦਰ ਸਿੰਘ ਜੱਸਲ ਆਪਣੀ ਪਤਨੀ ਕੁਲਮੀਤ ਕੌਰ , ਬੇਟੀ ਈਸ਼ਕਾ ਜੱਸਲ ਅਤੇ ਬੇਟੇ ਦੇਵ ਜੱਸਲ ਨਾਲ ਯੂ.ਕੇ.ਵਿੱਚ ਰਹਿ ਰਿਹਾ ਹੈ। ਉਨ੍ਹਾਂ ਕੋਲ ਸ. ਰਾਮ ਸਿੰਘ ਜੱਸਲ ਆਪਣੀ ਸੁਪਤਨੀ ਸ੍ਰੀਮਤੀ ਰਾਜ ਦੁਲਾਰੀ ਨਾਲ ਕਈ ਵਾਰ ਜਾ ਕੇ ਘੁੰਮ ਆਏ ਹਨ। ਛੋਟਾ ਬੇਟਾ ਜਸਵੀਰ ਸਿੰਘ ਜੱਸਲ , ਨੂੰਹ ਹਰਪ੍ਰੀਤ ਕੌਰ ਅਤੇ ਬੇਟਾ ਅਸ਼ਵਿਨ ਜੱਸਲ ਉਨ੍ਹਾਂ ਨਾਲ ਚੰਡੀਗੜ੍ਹ ਵਿਖੇ ਰਹਿ ਰਹੇ ਹਨ ।ਇਸ ਸਮੇਂ ਉਨ੍ਹਾਂ ਦੇ ਬੇਟੇ ਵਲੋਂ ਆਯੋਜਿਤ ਰਾਤ ਦੀ ਪਾਰਟੀ ਇਸ ਦੰਪਤੀ ਲਈ ਆਖੀਰ ਤੱਕ ਸਰਪਰਾਈਜ਼ ਬਣੀ ਰਹੀ ਜਦੋਂ ਹੋਟਲ ਅੰਦਰ ਰਾਤਰੀ ਭੋਜਨ ਲਈ ਅੰਦਰ ਐਂਟਰੀ ਸਮੇਂ ਆਪਣੇ ਨਾਂ ਅਤੇ ਰਿਸਤੇਦਾਰ, ਮਿੱਤਰ ਦੇਖ ਕੇ ਉਨ੍ਹਾਂ ਦੀ ਖੁਸ਼ੀ ਦਾ ਕੋਈ ਅੰਤ ਨਾ ਰਹਿਆ। ਇਸ ਸਮੇਂ ਰਿਸਤੇਦਾਰਾਂ , ਮਿੱਤਰਾਂ ਆਦਿ ਨੇ ਇਸ ਸ਼ੁਭਾਗੀ ਜੋੜੀ ਨੂੰ ਮੁਬਾਰਕਾਂ ਦਿੰਦੇ ਹੋਏ ਉਨ੍ਹਾਂ ਦਾ ਸਨਮਾਨ ਕੀਤਾ ਅਤੇ ਉਨ੍ਹਾਂ ਦੇ ਉੱਜਲੇ ਭਵਿੱਖ ਦੀ ਕਾਮਨਾ ਕੀਤੀ। ਪ੍ਰਮਾਤਮਾ ਇਸ ਸੁਭਾਗੀ ਜੌੜੀ ਨੂੰ ਲੰਮੀ ਉਮਰ ਅਤੇ ਤੰਦਰੁਸਤੀ ਬਖ਼ਸ਼ੇ!




# ਸ਼ਹੀਦ ਭਗਤ ਸਿੰਘ ਦੇਸ਼ ਦੇ ਨੌਜਵਾਨਾਂ ਲਈ ਇੱਕ ਵੱਡਾ ਆਦਰਸ਼ ਹਨ



ਕੁਲਦੀਪ ਚੰਦ
91-9417563054

ਭਾਰਤ ਦੇਸ਼ ਲੰਬਾ ਸਮਾਂ ਗੁਲਾਮ ਰਿਹਾ ਹੈ। ਪਹਿਲਾਂ ਮੁਗਲਾਂ ਨੇ ਇਸਤੇ ਰਾਜ ਕੀਤਾ ਅਤੇ ਫਿਰ ਹੋਲੀ ਹੋਲੀ ਅੰਗਰੇਜਾਂ ਨੇ ਕਬਜ਼ਾ ਕਰ ਲਿਆ ਅਤੇ ਅਪਣਾ ਰਾਜ ਸਥਾਪਿਤ ਕੀਤਾ। ਦੇਸ਼ ਨੂੰ ਗੁਲਾਮੀ ਦੀਆਂ ਜੰਜੀਰਾਂ ਤੋਂ ਅਜ਼ਾਦ ਕਰਵਾਉਣ ਲਈ ਸਮੇਂ ਸਮੇਂ ਤੇ ਦੇਸ਼ ਭਗਤਾਂ ਨੇ ਸੰਘਰਸ਼ ਕੀਤਾ ਅਤੇ ਅੰਦੋਲਨ ਚਲਾਏ। ਅਜ਼ਾਦੀ ਦੇ ਅੰਦੋਲਨ ਵਿੱਚ ਭਾਗ ਲੈਣ ਵਾਲੇ ਕਈ ਦੇਸ਼ ਭਗਤਾਂ ਨੇ ਸ਼ਹੀਦੀਆਂ ਦਿਤੀਆਂ ਜਿਨ੍ਹਾਂ ਵਿੱਚ ਸ਼ਹੀਦ ਭਗਤ ਸਿੰਘ ਦਾ ਨਾਮ ਵੀ ਪ੍ਰਮੁੱਖ ਹੈ। ਸ਼ਹੀਦ ਭਗਤ ਸਿੰਘ ਦੇ ਪਰਿਵਾਰ ਦਾ ਪੂਸ਼ਤੈਨੀ ਪਿੰਡ ਖਟਕੜਕਲਾਂ ਨੇੜੇ ਬੰਗਾ ਜਿਲ੍ਹਾ ਨਵਾਂ ਸ਼ਹਿਰ ਜਿਸਦਾ ਨਾਮ ਹੁਣ ਬਦਲਕੇ ਸ਼ਹੀਦ ਭਗਤ ਸਿੰਘ ਨਗਰ ਰੱਖਿਆ ਗਿਆ ਸੀ ਪ੍ਰੰਤੂ ਉਨ੍ਹਾਂ ਦਾ ਜਨਮ 28 ਸਤੰਬਰ 1907 ਨੂੰ ਪਿੰਡ ਬੰਗਾ ਜਿਲ੍ਹਾ ਲਾਇਲਪੁਰ ਪੰਜਾਬ ਜੋਕਿ ਹੁਣ ਪਾਕਿਸਤਾਨ ਵਿੱਚ ਹੈ ਮਾਤਾ ਵਿਦਿਆਵਤੀ ਦੀ ਕੁੱਖੋਂ ਪਿਤਾ ਕਿਸ਼ਨ ਸਿੰਘ ਦੇ ਘਰ ਹੋਇਆ ਸੀ। ਆਪ ਦਾ ਪਰਿਵਾਰ ਦੇਸ਼ ਭਗਤਾਂ ਦਾ ਪਰਿਵਾਰ ਸੀ। ਆਪ ਦੇ ਪਰਿਵਾਰ ਦੇ ਕੁੱਝ ਮੈਂਬਰਾਂ ਨੇ ਮਹਾਰਾਜ ਰਣਜੀਤ ਸਿੰਘ ਦੀ ਫੌਜ ਵਿੱਚ ਕੰਮ ਕੀਤਾ ਸੀ ਅਤੇ ਕਈ ਦੇਸ਼ ਦੀ ਅਜ਼ਾਦੀ ਦੇ ਅੰਦੋਲਨ ਨਾਲ ਜੁੜ੍ਹੇ ਹੋਏ ਸਨ। ਜਿਸ ਦਿਨ ਆਪ ਦਾ ਜਨਮ ਹੋਇਆ ਉਸੇ ਦਿਨ ਆਪ ਦੇ ਪਿਤਾ ਕਿਸ਼ਨ ਸਿੰਘ ਅਤੇ ਦੋ ਚਾਚੇ ਅਜੀਤ ਸਿੰਘ ਅਤੇ ਸਵਰਨ ਸਿੰਘ ਜੋਕਿ ਦੇਸ਼ ਦੀ ਅਜਾਦੀ ਦੀ ਲੜਾਈ ਵਿੱਚ ਭਾਗ ਲੈਣ ਕਾਰਨ ਜੇਲ ਗਏ ਹੋਏ ਸਨ ਜੇਲ ਤੋਂ ਰਿਹਾ ਹੋਕੇ ਆਏ ਸਨ। ਆਪ ਦਾ ਪਰਿਵਾਰ ਬੇਸ਼ੱਕ ਇੱਕ ਸਿੱਖ ਪਰਿਵਾਰ ਸੀ ਪਰੰਤੂ ਇਸ ਪਰਿਵਾਰ ਤੇ ਆਰੀਆ ਸਮਾਜ ਅਤੇ ਮਹਾਰਿਸ਼ੀ ਦਯਾਨੰਦ ਦੀ ਵਿਚਾਰਧਾਰਾ ਦਾ ਡੂੰਘਾ ਪ੍ਰਭਾਵ ਸੀ। ਆਪ ਨੇ ਅਪਣੀ ਮੁਢਲੀ ਪੜਾਈ ਪਿੰਡ ਦੇ ਸਕੂਲ ਤੋਂ ਸ਼ੁਰੂ ਕੀਤੀ ਅਤੇ ਫਿਰ ਡੀ ਏ ਵੀ ਸਕੂਲ ਲਾਹੌਰ ਵਿੱਚ ਦਾਖਲਾ ਲੈ ਲਿਆ। ਅੰਗਰੇਜ ਇਸ ਸਕੂਲ ਨੂੰ ਰਾਜ ਵਿਰੋਧੀ ਸਰਗਰਮੀਆਂ ਦੀ ਨਰਸਰੀ ਕਹਿੰਦੇ ਸਨ। 13 ਅਪ੍ਰੈਲ 1919 ਨੂੰ ਵਾਪਰੀ ਜ਼ਲ੍ਹਿਆਂ ਵਾਲੇ ਬਾਗ ਦੀ ਘਟਨਾ ਵੇਲੇ ਆਪ ਦੀ ਉਮਰ ਲੱਗਭੱਗ 12 ਸਾਲ ਸੀ ਅਤੇ ਅਪਣੇ ਸਕੂਲ ਤੋਂ ਲੱਗਭੱਗ 12 ਮੀਲ ਪੈਦਲ ਚੱਲਕੇ ਜਲ੍ਹਿਆਂ ਵਾਲੇ ਬਾਗ ਵਿੱਚ ਪਹੁੰਚੇ। ਆਪ ਕੁੱਝ ਸਮੇਂ ਬਾਦ ਦੇਸ਼ ਭਗਤ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਸੰਪਰਕ ਵਿੱਚ ਆ ਗਏ ਅਤੇ ਉਨ੍ਹਾਂ ਨੇ ਕ੍ਰਾਂਤੀਕਾਰੀ ਵੀਰ ਸਾਵਰਕਰ ਦੀ ਕਿਤਾਬ 1857 ਪਹਿਲਾਂ ਸੁਤੰਤਰਤਾ ਸੰਗਰਾਮ ਪੜ੍ਹੀ ਜਿਸਦਾ ਉਨ੍ਹਾਂ ਤੇ ਡੂੰਘਾ ਪ੍ਰਭਾਵ ਪਿਆ ਅਤੇ ਸਭ ਕੁੱਝ ਛੱਡਕੇ ਅਜ਼ਾਦੀ ਦੇ ਅੰਦੋਲਨ ਵਿੱਚ ਸ਼ਾਮਿਲ ਹੋ ਗਏ। ਜੂਨ 1924 ਵਿੱਚ ਉਹ ਵੀਰ ਸਾਵਰਕਰ ਨੂੰ ਯਰਵਦਾ ਜੇਲ ਵਿੱਚ ਮਿਲੇ ਅਤੇ ਉਸਤੋਂ ਬਾਦ ਕ੍ਰਾਂਤੀਕਾਰੀ ਚੰਦਰ ਸ਼ੇਖਰ ਅਜ਼ਾਦ ਨੂੰ ਮਿਲੇ ਅਤੇ ਉਨ੍ਹਾਂ ਦੇ ਦੱਲ ਵਿੱਚ ਸ਼ਾਮਿਲ ਹੋ ਗਏ। ਇਸ ਦੱਲ ਵਿੱਚ ਕ੍ਰਾਂਤੀਕਾਰੀ ਸੁਖਦੇਵ, ਰਾਜਗੁਰੂ, ਭਗਵਤੀਚਰਨ ਵੋਹਰਾ ਆਦਿ ਵੀ ਸ਼ਾਮਿਲ ਸਨ। ਲਾਹੌਰ ਦੇ ਨੈਸ਼ਨਲ ਕਾਲਜ਼ ਦੀ ਪੜ੍ਹਾਈ ਛੱਡ ਕੇ ਆਪ ਨੇ ਭਾਰਤ ਦੀ ਆਜ਼ਾਦੀ ਦੇ ਲਈ ਨੌਜਵਾਨ ਭਾਰਤ ਸਭਾ ਦੀ ਸਥਾਪਨਾ ਕੀਤੀ। ਕਾਕੋਰੀ ਕਾਂਡ ਵਿੱਚ ਉਸਨੂੰ ਗ੍ਰਿਫਤਾਰ ਕੀਤਾ ਗਿਆ ਅਤੇ ਉਸ ਉਤੇ ਲਾਹੌਰ ਦੇ ਦੁਸਿਹਰਾ ਮੇਲੇ ਵਿੱਚ ਬੰਬ ਧਮਾਕਾ ਕਰਨ ਦੇ ਦੋਸ਼ ਵੀ ਲਗਾਏ ਗਏ। ਇਸ ਕਾਂਡ ਵਿੱਚ ਸ਼ਾਮਿਲ ਰਾਮ ਪ੍ਰਸਾਦ ਬਿਸਮਿਲ ਸਮੇਤ 4 ਕ੍ਰਾਂਤੀਕਾਰੀਆਂ ਨੂੰ ਫਾਂਸੀ ਅਤੇ 16 ਨੂੰ ਜੇਲ ਦੀਆਂ ਹੋਈਆਂ ਸਜ਼ਾਵਾਂ ਤੋਂ ਉਹ ਕਾਫੀ ਪ੍ਰਭਾਵਿਤ ਹੋਏ ਅਤੇ ਆਪਣੀ ਪਾਰਟੀ ਨੌਜਵਾਨ ਭਾਰਤ ਸਭਾ ਨੂੰ ਹਿੰਦੁਸਤਾਨ ਰਿਪਬਲਿਕ ਐਸ਼ੋਸੀਏਸ਼ਨ ਵਿੱਚ ਸ਼ਾਮਿਲ ਕਰ ਦਿੱਤਾ ਅਤੇ ਉਸਨੂੰ ਇੱਕ ਨਵਾਂ ਨਾਮ ਹਿੰਦੁਸਤਾਨ ਸ਼ੋਸਲਿਸਟ ਰਿਪਬਲਿਕਨ ਐਸ਼ੋਸੀਏਸ਼ਨ ਰੱਖ ਦਿੱਤਾ। ਲਾਹੌਰ ਵਿੱਚ ਸਾਂਡਰਸ ਨੂੰ ਮਾਰਨਾ ਅਤੇ ਦਿੱਲੀ ਦੀ ਕੇਂਦਰੀ ਅਸੈਂਬਲੀ ਵਿੱਚ ਚੰਦਰ ਸ਼ੇਖਰ ਆਜ਼ਾਦ ਅਤੇ ਪਾਰਟੀ ਦੇ ਹੋਰ ਮੈਂਬਰਾਂ ਦੇ ਨਾਲ ਬੰਬ ਵਿਸਫੋਟ ਕਰਕੇ ਅਤੇ ਪਰਚੇ ਸੁੱਟਕੇ ਬ੍ਰਿਟਿਸ਼ ਸਾਮਰਾਜ ਦੇ ਵਿਰੁੱਧ ਖੁੱਲੇ ਵਿਦਰੋਹ ਦੀ ਅਵਾਜ਼ ਬੁਲੰਦ ਕੀਤੀ। ਫਰਵਰੀ 1928 ਵਿੱਚ ਭਾਰਤ ਵਿੱਚ ਪਹੁੰਚੇ ਸਾਈਮਨ ਕਮੀਸ਼ਨ ਦੇ ਵਿਰੋਧ ਅਤੇ ਬਾਈਕਾਟ ਲਈ ਪ੍ਰਦਰਸ਼ਨ ਹੋਏ। ਇਸ ਪ੍ਰਦਰਸ਼ਨ ਦੀ ਅਗਵਾਈ ਕਰ ਰਹੇ ਕਾਂਗਰਸੀ ਆਗੂ ਲਾਲਾ ਲਾਜਪਤ ਰਾਏ ਦੀ ਮੌਤ ਹੋ ਗਈ। ਇਸਦੇ ਰੋਸ ਵਜੋਂ ਸ਼ਹੀਦ ਭਗਤ ਸਿੰਘ ਨੇ ਅਪਣੇ ਸਾਥੀਆਂ ਨਾਲ ਮਿਲਕੇ ਪੁਲਿਸ ਸੁਪਰੀਟੰਡੈਂਟ ਸਕਾਟ ਨੂੰ ਮਾਰਨ ਦੀ ਯੋਜਨਾ ਬਣਾਈ। 17 ਦਸੰਬਰ 1928 ਨੂੰ ਕਰੀਬ ਸਵਾ ਚਾਰ ਵਜੇ, ਸਕਾਟ ਦੀ ਜਗ੍ਹਾ ਤੇ, ਏ.ਐਸ.ਪੀ. ਸਾਂਡਰਸ ਦੇ ਆਉਂਦੇ ਹੀ ਰਾਜਗੁਰੂ ਨੇ ਇੱਕ ਗੋਲੀ ਸਿੱਧੀ ਉਸਦੇ ਸਿਰ ਵਿੱਚ ਮਾਰੀ ਜਿਸ ਨਾਲ ਉਹ ਬੇਹੋਸ਼ ਹੋ ਗਿਆ ਅਤੇ ਭਗਤ ਸਿੰਘ ਨੇ 3-4 ਗੋਲੀਆਂ ਮਾਰਕੇ ਉਸਨੂੰ ਮਾਰ ਮੁਕਾਇਆ। ਇਸਤੋਂ ਬਾਦ ਜਦੋਂ ਇਹ ਦੋਨੋਂ ਭੱਜ ਰਹੇ ਸੀ ਤਾਂ ਇੱਕ ਸਿਪਾਹੀ ਚੰਨਣ ਸਿੰਘ ਨੇ ਇਹਨਾਂ ਦਾ ਪਿੱਛਾ ਕਰਨਾ ਸ਼ੁਰੂ ਕਰ ਦਿੱਤਾ। ਚੰਦਰ ਸ਼ੇਖਰ ਆਜ਼ਾਦ ਨੇ ਉਸਨੂੰ ਪਿੱਛਾ ਕਰਨ ਤੋਂ ਰੋਕਿਆ ਪਰ ਨਾਂ ਰੁਕਣ ਤੇ ਆਜ਼ਾਦ ਨੇ ਉਸਨੂੰ ਗੋਲੀ ਮਾਰ ਦਿੱਤੀ। ਭਗਤ ਸਿੰਘ ਬੇਸ਼ੱਕ ਖੂਨ ਖਰਾਬੇ ਦੇ ਪੱਖ ਵਿੱਚ ਨਹੀਂ ਸੀ ਪਰ ਕਾਰਲ ਮਾਰਕਸ ਦੇ ਸਿਧਾਂਤਾ ਤੋਂ ਪੂਰੀ ਤਰ੍ਹਾਂ ਪ੍ਰਭਾਵਿਤ ਸੀ। ਉਹ ਸਮਾਜਵਾਦੀ ਵਿਚਾਰਾਂ ਵਾਲਾ ਸੀ ਇਸੇ ਕਾਰਨ ਉਸਨੂੰ ਪੂੰਜੀਪਤੀਆਂ ਦੀ ਮਜ਼ਦੂਰਾਂ ਦੇ ਪ੍ਰਤੀ ਸ਼ੋਸ਼ਣ ਦੀ ਨੀਤੀ ਪਸੰਦ ਨਹੀਂ ਸੀ। ਉਸ ਸਮੇਂ ਬਹੁਤੇ ਉਦਯੋਗ ਅੰਗਰੇਜਾਂ ਕੋਲ ਹੀ ਸਨ ਅਤੇ ਅੰਗਰੇਜ਼ਾਂ ਦੇ ਮਜ਼ਦੂਰਾਂ ਪ੍ਰਤੀ ਅੱਤਿਆਚਾਰਾਂ ਨਾਲ ਉਹਨਾਂ ਦਾ ਵਿਰੋਧ ਸੁਭਾਵਿਕ ਹੀ ਸੀ। ਮਜ਼ਦੂਰ ਵਿਰੋਧੀ ਨੀਤੀਆਂ ਨੂੰ ਬ੍ਰਿਟਿਸ਼ ਸੰਸਦ ਵਿੱਚ ਪਾਸ ਨਾ ਹੋਣ ਦੇਣਾ ਉਹਨਾਂ ਦੇ ਦੱਲ ਦਾ ਫੈਸਲਾ ਸੀ। ਉਹ ਚਾਹੁੰਦੇ ਸਨ ਕਿ ਅੰਗਰੇਜ਼ਾਂ ਨੂੰ ਪਤਾ ਲੱਗਣਾ ਚਾਹੀਦਾ ਹੈ ਕਿ ਦੇਸ਼ਵਾਸੀ ਜਾਗ ਚੁੱਕੇ ਹਨ ਅਤੇ ਉਹਨਾਂ ਦੇ ਦਿਲ ਵਿੱਚ ਅੰਗਰੇਜਾ ਦੀਆਂ ਲੋਕਮਾਰੂ ਨੀਤੀਆਂ ਕਾਰਨ ਗੁੱਸਾ ਅਤੇ ਵਿਰੋਧ ਹੈ। ਇਸ ਲਈ ਉਹਨਾਂ ਨੇ ਟ੍ਰੇਡ ਡਿਸਪੀਉਟ ਬਿੱਲ ਅਤੇ ਪਬਲਿਕ ਸੇਫਟੀ ਬਿੱਲ ਦੇ ਵਿਰੋਧ ਵਿੱਚ ਦਿੱਲੀ ਦੀ ਕੇਂਦਰੀ ਅਸੈਂਬਲੀ ਵਿੱਚ ਬੰਬ ਸੁੱਟਣ ਦੀ ਯੋਜਨਾ ਬਣਾਈ ਸੀ। ਭਗਤ ਸਿੰਘ ਚਾਹੁੰਦਾ ਸੀ ਕਿ ਇਸ ਵਿੱਚ ਕੋਈ ਖੂਨ ਖਰਾਬਾ ਨਾ ਹੋਵੇ ਅਤੇ ਅੰਗਰੇਜ਼ਾਂ ਤੱਕ ਉਹਨਾਂ ਦੀ ਆਵਾਜ਼ ਵੀ ਪਹੁੰਚੇ। ਇਸ ਕੰਮ ਲਈ ਸਰਵਸੰਮਤੀ ਨਾਲ ਭਗਤ ਸਿੰਘ ਅਤੇ ਬਟੁਕੇਸ਼ਵਰ ਦੱਤ ਦਾ ਨਾਮ ਚੁਣਿਆ ਗਿਆ। ਇਸ ਲਈ 08 ਅਪ੍ਰੈਲ 1929 ਨੂੰ ਜਦੋਂ ਇਹ ਬਿੱਲ ਪੇਸ਼ ਹੋਣੇ ਸਨ ਕੇਂਦਰੀ ਅਸੈਂਬਲੀ ਵਿੱਚ ਇਹਨਾਂ ਦੋਨਾਂ ਨੇ ਇੱਕ ਅਜਿਹੇ ਸਥਾਨ ਤੇ ਬੰਬ ਸੁੱਟਿਆ ਜਿੱਥੇ ਕੋਈ ਮੌਜੂਦ ਨਹੀਂ ਸੀ, ਨਹੀਂ ਤਾਂ ਕਿਸੇ ਦੀ ਜਾਨ ਜਾ ਸਕਦੀ ਸੀ। ਇਸ ਨਾਲ ਪੂਰਾ ਹਾਲ ਧੂੰਏ ਨਾਲ ਭਰ ਗਿਆ। ਭਗਤ ਸਿੰਘ ਚਾਹੁੰਦੇ ਤਾਂ ਭੱਜ ਵੀ ਸਕਦੇ ਸੀ ਪਰ ਉਹਨਾਂ ਨੇ ਪਹਿਲਾਂ ਹੀ ਸੋਚ ਰੱਖਿਆ ਸੀ ਕਿ ਉਹਨਾਂ ਨੂੰ ਸਜ਼ਾ ਸਵੀਕਾਰ ਹੈ ਭਾਵੇਂ ਉਹ ਫਾਂਸੀ ਹੀ ਕਿਉਂ ਨਾ ਹੋਵੇ, ਉਹਨਾਂ ਨੇ ਭੱਜਣ ਤੋਂ ਮਨਾ ਕਰ ਦਿੱਤਾ। ਉਸ ਸਮੇਂ ਉਹਨਾਂ ਦੋਨਾਂ ਨੇ ਖਾਕੀ ਕਮੀਜ਼ ਅਤੇ ਨਿੱਕਰ ਪਾਈ ਹੋਈ ਸੀ। ਬੰਬ ਸੁੱਟਣ ਤੋਂ ਬਾਅਦ ਉਹਨਾਂ ਦੋਨਾਂ ਨੇ "ਇਨਕਲਾਬ-ਜਿੰਦਾਬਾਦ, ਸਾਮਰ-ਜਵਾਦ-ਮੁਰਦਾਬਾਦ'' ਦਾ ਨਾਹਰਾ ਲਗਾਇਆ ਅਤੇ ਆਪਣੇ ਨਾਲ ਲਿਆਂਦੇ ਹੋਏ ਅੰਗਰੇਜ ਸਰਕਾਰ ਵਿਰੋਧੀ ਪਰਚੇ ਹਵਾ ਵਿੱਚ ਉਛਾਲ ਦਿੱਤੇ। ਕੁਝ ਦੇਰ ਬਾਅਦ ਪੁਲਿਸ ਆ ਗਈ ਅਤੇ ਦੋਨਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਜੇਲ ਵਿੱਚ ਭਗਤ ਸਿੰਘ ਕਰੀਬ 2 ਸਾਲ ਰਹੇ। ਇਸ ਦੌਰਾਨ ਉਹ ਲੇਖ ਲਿਖ ਕੇ ਆਪਣੇ ਕ੍ਰਾਂਤੀਕਾਰੀ ਵਿਚਾਰ ਪ੍ਰਗਟ ਕਰਦੇ ਰਹੇ। ਜ਼ੇਲ ਵਿੱਚ ਰਹਿੰਦੇ ਹੋਏ ਉਹਨਾਂ ਦਾ ਅਧਿਐਨ ਲਗਾਤਾਰ ਜਾਰੀ ਰਿਹਾ। ਉਹਨਾਂ ਦੁਆਰਾ ਲਿਖੇ ਗਏ ਲੇਖ ਅਤੇ ਸਕੇ ਸਬੰਧੀਆਂ ਨੂੰ ਲਿਖੀਆਂ ਗਈਆਂ ਚਿੱਠੀਆਂ ਅੱਜ ਵੀ ਉਹਨਾਂ ਦੇ ਵਿਚਾਰਾਂ ਦਾ ਪ੍ਰਗਟਾਵਾ ਕਰਦੇ ਹਨ। ਆਪਣੇ ਲੇਖਾਂ ਵਿੱਚ ਉਹਨਾਂ ਨੇ ਪੂੰਜੀਪਤੀਆਂ ਨੂੰ ਆਪਣਾ ਦੁਸ਼ਮਣ ਦੱਸਿਆ ਹੈ। ਉਹਨਾਂ ਨੇ ਲਿਖਿਆ ਕਿ ਮਜ਼ਦੂਰਾਂ ਦਾ ਸ਼ੋਸ਼ਣ ਕਰਨ ਵਾਲੇ ਭਾਵੇਂ ਉਹ ਕੋਈ ਵੀ ਹੋਵੇ ਉਹ ਉਹਨਾਂ ਦਾ ਦੁਸ਼ਮਣ ਹੈ। ਉਹਨਾਂ ਨੇ ਜ਼ੇਲ ਵਿੱਚ ਇੱਕ ਲੇਖ ਵੀ ਲਿਖਿਆ ਸੀ ਮੈਂ ਨਾਸਤਿਕ ਕਿਉਂ ਹਾਂ? ਉਨ੍ਹਾਂ ਨੇ ਭਾਰਤੀ ਸਮਾਜ ਵਿੱਚ ਜਾਤਿ ਅਤੇ ਧਰਮ ਦੇ ਕਾਰਨ ਆਈਆਂ ਦੂਰੀਆਂ ਤੇ ਦੁੱਖ ਪ੍ਰਗਟ ਕੀਤਾ ਸੀ। ਉਹਨਾਂ ਨੇ ਸਮਾਜ ਦੇ ਕਮਜ਼ੋਰ ਵਰਗਾਂ ਤੇ ਭਾਰਤ ਵਿੱਚ ਰਹਿੰਦੇ ਦੂਜੇ ਵਰਗਾਂ ਵਲੋਂ ਕੀਤੇ ਜਾਂਦੇ ਹਮਲਿਆਂ ਅਤੇ ਸ਼ੋਸਣ ਦਾ ਵੀ ਉਸੇ ਤਰਾਂ ਵਿਰੋਧ ਕੀਤਾ ਜਿਵੇਂ ਕਿ ਅੰਗਰੇਜ਼ਾਂ ਦੁਆਰਾ ਕੀਤੇ ਗਏ ਅੱਤਿਆਚਾਰਾਂ ਦਾ ਵਿਰੋਧ ਕੀਤਾ। ਆਪ ਨੂੰ ਪੰਜਾਬੀ, ਉਰਦੂ, ਹਿੰਦੀ ਅਤੇ ਅੰਗਰੇਜ਼ੀ ਤੋਂ ਇਲਾਵਾ ਬਾਂਗਲਾ ਵੀ ਆਉਂਦੀ ਸੀ ਜਿਹੜੀ ਉਹਨਾਂ ਨੇ ਬਟੁਕੇਸ਼ਵਰ ਦੱਤ ਤੋਂ ਸਿੱਖੀ ਸੀ। ਆਪ ਦਾ ਵਿਸ਼ਵਾਸ਼ ਸੀ ਕਿ ਉਹਨਾਂ ਦੀ ਮੌਤ ਤੋਂ ਬਾਦ ਦੇਸ ਦੀ ਜਨਤਾ ਹੋਰ ਅੰਦੋਲਨਕਾਰੀ ਹੋ ਜਾਵੇਗੀ ਜੋਕਿ ਉਹਨਾਂ ਦੇ ਜਿੰਦਾਂ ਰਹਿਣ ਨਾਲ ਸ਼ਾਇਦ ਹੀ ਹੋ ਪਾਵੇ। ਇਸ ਕਾਰਨ ਹੀ ਉਨ੍ਹਾਂ ਨੇ ਮੌਤ ਦੀ ਸਜ਼ਾ ਸੁਣਾਉਣ ਦੇ ਬਾਅਦ ਵੀ ਮਾਫੀਨਾਮਾ ਲਿਖਣ ਤੋਂ ਸਾਫ ਮਨ੍ਹਾਂ ਕਰ ਦਿੱਤਾ ਸੀ। ਉਹਨਾਂ ਨੇ ਅੰਗਰੇਜ਼ ਸਰਕਾਰ ਨੂੰ ਇੱਕ ਚਿੱਠੀ ਵੀ ਲਿਖੀ ਸੀ ਜਿਸ ਵਿੱਚ ਕਿਹਾ ਗਿਆ ਸੀ ਕਿ ਉਹਨਾਂ ਨੂੰ ਅੰਗਰੇਜ਼ੀ ਸਰਕਾਰ ਦੇ ਖਿਲਾਫ ਭਾਰਤੀਆਂ ਦੇ ਯੁੱਧ ਦਾ ਪ੍ਰਤੀਕ ਇੱਕ ਯੁੱਧਬੰਦੀ ਸਮਝਿਆ ਜਾਵੇ ਅਤੇ ਫਾਂਸੀ ਦੇਣ ਦੀ ਬਜਾਏ ਗੋਲੀ ਨਾਲ ਉਡਾ ਦਿੱਤਾ ਜਾਵੇ। ਚੰਦਰ ਸ਼ੇਖਰ ਆਜ਼ਾਦ ਨਾਲ ਪਹਿਲੀ ਮੁਲਾਕਾਤ ਦੇ ਸਮੇਂ ਬਲਦੀ ਹੋਈ ਮੋਮਬੱਤੀ ਉਪਰ ਹੱਥ ਰੱਖ ਕੇ ਉਹਨਾਂ ਨੇ ਕਸਮ ਖਾਧੀ ਸੀ ਕਿ ਉਹਨਾਂ ਦੀ ਜ਼ਿੰਦਗੀ ਦੇਸ਼ ਉਪਰ ਹੀ ਕੁਰਬਾਨ ਹੋਵੇਗੀ ਅਤੇ ਉਹਨਾਂ ਨੇ ਆਪਣੀ ਉਹ ਕਸਮ ਪੂਰੀ ਕਰਕੇ ਵਿਖਾਈ। ਜ਼ੇਲ ਵਿੱਚ ਭਗਤ ਸਿੰਘ ਅਤੇ ਉਸਦੇ ਸਾਥੀਆਂ ਨੇ 64 ਦਿਨਾਂ ਤੱਕ ਭੁੱਖ ਹੜਤਾਲ ਕੀਤੀ ਅਤੇ ਇਸ ਦੌਰਾਨ ਉਹਨਾਂ ਦੇ ਇੱਕ ਸਾਥੀ ਜਤਿੰਦਰ ਨਾਥ ਦਾਸ ਨੇ ਤਾਂ ਭੁੱਖ ਹੜਤਾਲ ਵਿੱਚ ਆਪਣੇ ਪ੍ਰਾਣ ਹੀ ਤਿਆਗ ਦਿੱਤੇ। ਲਹੌਰ ਵਿੱਚ ਸਾਂਡਰਸ ਦੇ ਕਤਲ, ਅਸੈਂਬਲੀ ਵਿੱਚ ਬੰਬ ਧਮਾਕਾ ਦੇ ਕੇਸ ਚੱਲੇ। 07 ਅਕਤੂਬਰ, 1930 ਨੂੰ ਟ੍ਰਿਬਿਊਨਲ ਦਾ ਫੈਸਲਾ ਜੇਲ ਵਿੱਚ ਪਹੁੰਚਿਆ ਜਿਸ ਅਨੁਸਾਰ ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਨੂੰ ਫਾਂਸੀ, ਕਮਲਨਾਥ, ਵਿਜੈ ਕੁਮਾਰ, ਜੈਦੇਵ ਕਪੂਰ, ਸ਼ਿਵ ਵਰਮਾ, ਗਯਾ ਪ੍ਰਸਾਦ, ਕਿਸ਼ੋਰੀ ਲਾਲ ਅਤੇ ਮਹਾਂਵੀਰ ਸਿੰਘ ਨੂੰ ਉਮਰਕੈਦ, ਕੁੰਦਨ ਲਾਲ ਨੂੰ 07 ਸਾਲ ਅਤੇ ਪ੍ਰੇਮ ਦੱਤ ਨੂੰ 03 ਸਾਲ ਕੈਦ ਏ ਬਾਮੁਸ਼ਕਤ ਦੀ ਸਜ਼ਾ ਸੁਣਾਈ ਗਈ। ਅਦਾਲਤੀ ਹੁਕਮਾਂ ਅਨੁਸਾਰ ਇਨ੍ਹਾਂ ਕ੍ਰਾਂਤੀਕਾਰੀਆਂ ਨੂੰ ਫਾਂਸੀ ਦੇਣ ਲਈ 24 ਮਾਰਚ 1931 ਦਾ ਦਿਨ ਅਤੇ ਸਵੇਰੇ 8 ਵਜੇ ਦਾ ਸਮਾਂ ਨਿਸ਼ਚਿਤ ਕੀਤਾ ਗਿਆ ਸੀ ਪਰੰਤੂ ਅੰਗਰੇਜੀ ਹਕੂਮਤ ਨੇ 23 ਮਾਰਚ 1931 ਨੂੰ ਸ਼ਾਮ ਨੂੰ ਲੱਗਭੱਗ 7 ਵਜਕੇ 33 ਮਿੰਟ ਤੇ ਸ਼ਹੀਦ ਭਗਤ ਸਿੰਘ ਅਤੇ ਉਸਦੇ ਦੋ ਸਾਥੀਆਂ ਰਾਜਗੁਰੂ ਅਤੇ ਸੁਖਦੇਵ ਨੂੰ ਫਾਂਸੀ ਦੇ ਦਿੱਤੀ ਗਈ। ਫਾਂਸੀ ਤੇ ਜਾਣ ਤੋਂ ਪਹਿਲਾਂ ਉਹ ਰਾਮ ਪ੍ਰਸ਼ਾਦ ਬਿਸਮਿਲ ਦੀ ਜੀਵਨੀ ਪੜ੍ਹ ਰਹੇ ਸੀ ਜੋ ਸਿੰਧ ਦੇ ਇੱਕ ਪ੍ਰਕਾਸ਼ਕ ਭਜਨ ਲਾਲ ਬੁਕਸੇਲਰ ਨੇ ਆਰਟ ਪ੍ਰੈਸ, ਸਿੰਧ ਤੋਂ ਛਾਪੀ ਸੀ। ਕਿਹਾ ਜਾਂਦਾ ਹੈ ਕਿ ਜੇਲ ਦੇ ਅਧਿਕਾਰੀਆਂ ਨੇ ਜਦੋਂ ਉਹਨਾਂ ਨੂੰ ਇਹ ਸੂਚਨਾ ਦਿੱਤੀ ਕਿ ਉਹਨਾਂ ਦੀ ਫਾਂਸੀ ਦਾ ਸਮਾਂ ਆ ਗਿਆ ਹੈ ਤਾਂ ਉਹਨਾਂ ਨੇ ਕਿਹਾ ਸੀ "ਠਹਿਰੋ, ਪਹਿਲਾਂ ਇੱਕ ਕਾਂਤੀਕਾਰੀ ਦੂਜੇ ਕ੍ਰਾਂਤੀਕਾਰੀ ਨੂੰ ਮਿਲ ਤਾਂ ਲਵੇ।'' ਫਿਰ ਇੱਕ ਮਿੰਟ ਬਾਅਦ ਕਿਤਾਬ ਨੂੰ ਛੱਤ ਵੱਲ ਉਛਾਲ ਕੇ ਬੋਲੇ "ਠੀਕ ਹੈ ਹੁਣ ਚੱਲੋ।'' ਫਾਂਸੀ ਤੇ ਜਾਂਦੇ ਸਮੇਂ ਉਹ ਤਿੰਨੋਂ ਗਾ ਰਹੇ ਸੀ ਮੇਰਾ ਰੰਗ ਦੇ ਬਸੰਤੀ ਚੋਲਾ, ਮਾਏ ਰੰਗ ਦੇ ਬਸੰਤੀ ਚੋਲਾ। ਫਾਂਸੀ ਤੋਂ ਬਾਅਦ ਕਿਤੇ ਅੰਦੋਲਨ ਨਾ ਭੜਕ ਜਾਵੇ ਇਸਦੇ ਡਰ ਤੋਂ ਅੰਗਰੇਜ਼ਾਂ ਨੇ ਪਹਿਲਾਂ ਇਹਨਾਂ ਦੇ ਸ਼ਰੀਰ ਦੇ ਟੁਕੜੇ ਕਰ ਦਿੱਤੇ ਅਤੇ ਫਿਰ ਬੋਰੀਆਂ ਵਿੱਚ ਭਰ ਕੇ ਫਿਰੋਜ਼ਪੁਰ ਵੱਲ ਲੈ ਗਏ ਜਿੱਥੇ ਮਿੱਟੀ ਦਾ ਤੇਲ ਪਾ ਕੇ ਇਹਨਾਂ ਦੇ ਮ੍ਰਿਤਕ ਸ਼ਰੀਰਾਂ ਨੂੰ ਜਲਾਇਆ ਜਾਣ ਲੱਗਾ। ਪਿੰਡ ਦੇ ਲੋਕਾਂ ਨੇ ਅੱਗ ਬਲਦੀ ਦੇਖੀ ਤਾਂ ਨੇੜੇ ਆਏ। ਇਸਤੋਂ ਡਰ ਕੇ ਅੰਗਰੇਜ਼ਾਂ ਨੇ ਇਹਨਾਂ ਦੀਆਂ ਲਾਸ਼ਾਂ ਦੇ ਅੱਧਜਲੇ ਟੁਕੜਿਆਂ ਨੂੰ ਸਤਲੁਜ ਦਰਿਆ ਵਿੱਚ ਸੁੱਟ ਦਿੱਤਾ ਅਤੇ ਭੱਜ ਗਏ। ਜਦੋਂ ਪਿੰਡ ਵਾਲੇ ਨੇੜੇ ਆਏ ਤਾਂ ਉਹਨਾਂ ਨੇ ਇਨ੍ਹਾਂ ਦੇ ਮ੍ਰਿਤਕ ਸਰੀਰ ਦੇ ਟੁਕੜਿਆਂ ਨੂੰ ਇਕੱਠਾ ਕਰਕੇ ਦਾਹ ਸੰਸਕਾਰ ਕੀਤਾ। ਇਨ੍ਹਾਂ ਸ਼ਹੀਦਾਂ ਦੀ ਮੌਤ ਬਾਰੇ ਲਾਹੌਰ ਦੇ ਦੈਨਿਕ ਟ੍ਰਿਬਿਊਨ ਅਤ ਨਿਉਯਾਰਕ ਤੋਂ ਛਪਦੇ ਡੇਲੀ ਵਰਕਰ ਨੇ ਛਾਪਿਆ। ਇਸਤੋਂ ਬਾਦ ਵੀ ਕਈ ਮਾਰਕਸਵਾਦੀ ਪੱਤਰਾਂ ਵਿੱਚ ਉਨ੍ਹਾਂ ਬਾਰੇ ਲੇਖ ਛਪੇ ਪਰੰਤੂ ਭਾਰਤ ਵਿੱਚ ਮਾਰਕਸਵਾਦੀ ਪੱਤਰਾਂ ਦੇ ਆਣ ਤੇ ਪਾਬੰਦੀ ਲੱਗੀ ਹੋਣ ਕਾਰਨ ਭਾਰਤ ਦੇ ਬੁਧੀਜੀਵੀਆਂ ਨੂੰ ਇਸ ਸਬੰਧੀ ਕੋਈ ਜਾਣਕਾਰੀ ਨਹੀਂ ਸੀ।

ਭਾਰਤ ਅਤੇ ਪਾਕਿਸਤਾਨ ਦੀ ਜਨਤਾ ਅੱਜ ਵੀ ਸ਼ਹੀਦ ਭਗਤ ਸਿੰਘ ਨੂੰ ਆਜ਼ਾਦੀ ਦੇ ਦੀਵਾਨੇ ਦੇ ਰੂਪ ਵਿੱਚ ਦੇਖਦੀ ਹੈ ਅਤੇ ਨੌਜਵਾਨਾ ਲਈ ਇੱਕ ਵੱਡਾ ਆਦਰਸ਼ ਹਨ ਜਿਸਨੇ ਆਪਣੀ ਜਵਾਨੀ ਸਮੇਤ ਸਾਰੀ ਜ਼ਿੰਦਗੀ ਦੇਸ਼ ਦੇ ਲਈ ਸਮਰਪਿਤ ਕਰ ਦਿੱਤੀ। ਬੇਸ਼ੱਕ ਅੱਜ ਉਨ੍ਹਾਂ ਦੀ ਸ਼ਹੀਦੀ ਨੂੰ 90 ਸਾਲ ਬੀਤ ਗਏ ਹਨ ਪਰੰਤੂ ਅਜੇ ਤੱਕ ਵੀ ਇਨ੍ਹਾਂ ਦੀ ਸੋਚ ਪੂਰੀ ਤਰਾਂ ਲਾਗੂ ਨਹੀਂ ਹੋ ਸਕੀ ਹੈ। ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਇਹੋ ਹੋਵੇਗੀ ਕਿ ਉਨ੍ਹਾਂ ਵਲੋਂ ਵੇਖੇ ਗਏ ਸੁਪਨਿਆਂ ਦੇ ਭਾਰਤ ਨੂੰ ਕਾਇਮ ਕੀਤਾ ਜਾਵੇ।




# ਸ਼ਹੀਦੀ ਦਿਵਸ ਤੇ/ ਮੈਂ ਭਗਤ ਸਿੰਘ ਬੋਲਦਾ

ਪਵਨ ਪਰਵਾਸੀ ਜਰਮਨੀ
004915221870730

ਮੈਂ ਭਗਤ ਸਿੰਘ ਬੋਲਦਾ, ਪਰ ਮੇਰਾ ਬੋਲਿਆ ਤੁਹਾਨੂੰ ਸੁਣਦਾ ਕਿੱਥੇ ਹੈ? ਮੇਰਾ ਜਨਮ ਉਹਨਾਂ ਸਮਿਆਂ ਵਿੱਚ ਹੋਇਆ ਜਦੋ ਗੋਰੇ ਨੇ ਮੇਰੇ ਭਾਰਤ ਨੂੰ ਪੂਰੀ ਤਰਾਂ ਗੁਲਾਮ ਬਣਾ ਲਿਆ ਸੀ। ਤੇ ਹਰ ਦਿਨ ਮੇਰੇ ਭਾਰਤ ਦੇ ਲੋਕਾਂ ਦਾ ਗੋਰੇ ਨੇ ਖੂਨ ਪੀਤਾ ਜੋ ਕੇ ਇਕ ਬਹੁਤ ਹੀ ਨਾ ਸਹਿਣ ਜੋਗ ਪੀੜ ਸੀ ਪਰ ਲੋਕ ਮਜਬੂਰ ਸਨ ਗੁਲਾਮੀ ਕਰਨ ਲਈ। ਹੋਲੀ ਹੋਲੀ ਬਜ਼ੁਰਗ ਅਤੇ ਨੌਜਵਾਨੀ ਨੇ ਮਿਲ ਕੇ ਕਈ ਸੰਘਰਸ਼ ਵਿੱਢੇ ਜਿਸ ਸਦਕਾ ਅਸੀਂ ਗੋਰੇ ਅੰਗਰੇਜਾਂ ਕੋਲੋਂ ਅਜਾਦ ਹੋ ਗਏ,ਉਹਨਾਂ ਨੂੰ ਭਾਰਤ ਆਜ਼ਾਦ ਕਰਨ ਲਈ ਮਜਬੂਰ ਕੀਤਾ । ਮੈਂ ਕਈ ਆਪਣੇ ਮਿੱਤਰਾਂ ਨੂੰ ਆਜ਼ਾਦੀ ਖਾਤਰ ਸ਼ਹੀਦ ਹੁੰਦੇ ਵੇਖਿਆ, ਅਖੀਰ ਆਪ ਵੀ ਫਾਂਸੀ ਦਾ ਰੱਸਾ ਹੱਸ ਕੇ ਚੁੰਮ ਲਿਆ, ਕਿਹਨਾਂ ਲਈ? ਤੁਹਾਡੇ ਲਈ ਕੇ ਤੁਸੀਂ ਖੁਸ਼ਹਾਲ ਹੋ ਸਕੋ, ਆਪਣੀ ਮਰਜੀ ਨਾਲ ਆਜ਼ਾਦੀ ਦਾ ਨਿੱਘ ਮਾਣ ਸਕੋ,ਖੁੱਲੀ ਆਵੋ ਹਵਾ ਵਿੱਚ ਰਹਿ ਸਕੋ। ਪਰ ਅਫਸੋਸ ਅੱਜ ਤੁਸੀਂ ਸਾਡੀਆਂ ਕੀਤੀਆਂ ਕੁਰਬਾਨੀਆਂ ਦਾ ਰੱਤੀ ਮੁੱਲ ਨਹੀਂ ਪਾਇਆ। ਸ਼ਹੀਦ ਕਦੇ ਵੀ ਇਕ ਜਾਤ, ਧਰਮ, ਫਿਰਕੇ ਜਾਂ ਦੇਸ ਦੇ ਨਹੀਂ ਹੁੰਦੇ। ਸ਼ਹੀਦ ਤਾਂ ਸਾਰੀ ਨਸਾਨੀਅਤ ਦੇ, ਸਾਰੀ ਕਾਇਨਾਤ ਦੇ ਹੁੰਦੇ ਹਨ। ਜਿਵੇਂ ਸੂਰਜ ਅਤੇ ਚੰਦ ਦੀ ਰੋਸ਼ਨੀ ਸਾਰਿਆਂ ਲਈ ਹੁੰਦੀ ਹੈ, ਬਿਲਕੁਲ ਉਸੇ ਤਰੈਹਾਂ ਸ਼ਹੀਦ ਵੀ ਸਾਰਿਆਂ ਦੇ ਹੁੰਦੇ ਹਨ। ਤੁਸੀਂ ਲੋਕ ਸ਼ਹੀਦਾਂ ਨੂੰ ਸਾਲ ਵਿਚ ਇਕ ਵਾਰ ਯਾਦ ਕਰ ਲੈਂਦੇ ਹੋ ਫੇਰ ਸਾਰਾ ਸਾਲ ਸਾਡੇ ਫਲਸਫੇ ਦੇ ਉਲਟ ਆਪਣੀ ਰਾਜਨੀਤੀ ਚਮਕਾਉਂਦੇ ਹੋ। ਸ਼ਹੀਦ ਤਾਂ ਦੇਸ ਉੱਤੇ ਆਪਣੀ ਜਾਨ-ਕੁਰਬਾਨ ਕਰਕੇ ਇਤਿਹਾਸ ਦੇ ਪੰਨਿਆਂ ਵਿਚ ਆਪਣਾ ਨਾਮ ਦਰਜ ਕਰਵਾ ਗਏ।

ਪਰ ਉਹਨਾਂ ਦੇ ਪਰਿਵਾਰ ਸ਼ਹੀਦੀ ਨੂੰ ਹਰ ਪਲ, ਹਰ ਘੜੀ ਹੰਢਾਉਂਦੇ ਹਨ। ਗ਼ਰੀਬੀ ਦੇ ਰੂਪ ਵਿਚ, ਭੁੱਖਮਰੀ ਦੇ ਰੂਪ ਵਿਚ, ਦੁਖਾਂ-ਤਕਲੀਫਾਂ ਦੇ ਰੂਪ ਵਿਚ। ਉਹਨਾਂ ਦਾ ਜ਼ਿਕਰ ਕਰਨਾ ਨਾ ਤਾਂ ਤੁਸੀਂ ਵਾਜ਼ਿਬ ਸਮਝਦੇ ਆਂ ਤੇ ਨਾ ਹੀ ਸਰਕਾਰਾਂ ਲੋੜ ਮਹਿਸੂਸ ਕਰਦੀਆਂ ਹਨ। ਜਦੋਂ ਮੈਂ ਤੁਹਾਡੇ ਕੀਤੇ ਕਾਰਜ ਦੇਖਦਾ ਹਾਂ ਤਾਂ ਆਪਣੇ ਆਪ ਨੂੰ ਪੁੱਛਦਾ ਹਾਂ ਕੇ ਭਗਤ ਤੂੰ ਜਾਂ ਤੇਰੇ ਸਾਥੀ ਜੋ ਜ਼ਿੰਦਗੀਆਂ ਵਾਰ ਗਏ ਏਸ ਦੇਸ਼ ਨੂੰ ਆਜ਼ਾਦ ਕਰਵਾਉਣ ਲਈ, ਕੀ ਆਹ ਦਿਨ ਦੇਖਣੇ ਸੀ? ਅੱਜ ਦਾ ਨੌਜਵਾਨ ਮੇਰੀ ਫੋਟੋ ਗੱਡੀਆਂ ਮੋਹਰੇ, ਮੁੱਛਾਂ ਕੁੰਡੀਆਂ ਹੱਥ ਵਿੱਚ ਪਿਸਤੌਲ। ਮੈਨੂੰ ਸਮਝ ਹੀ ਨਹੀਂ ਆ ਰਹੀ ਕੇ ਤੁਸੀਂ ਮੇਰੀ ਸੋਚ ਦਾ ਕੀ ਬਣਾ ਦਿੱਤਾ। ਮੈਂ ਪਿਸਤੌਲ ਚੁੱਕੀ ਸੀ ਗਰੀਬ ਨੂੰ ਉਸਦਾ ਹੱਕ ਇਨਸਾਫ ਦਵਾਉਣ ਲਈ , ਤੇ ਤੁਸੀਂ ਵਿਆਹਾਂ ਵਿੱਚ ਸਟੇਜਾਂ ਉਪਰ ਪਤਾ ਨੀ ਕਿਹੜੀ ਜੰਗ ਜਿੱਤਣ ਲਈ ਫਾਇਰ ਕਰਦੇ ਹੋ? ਮੇਰੀ ਕਿਤਾਬ ਮੈਂ ਨਾਸਤਿਕ ਕਿਉਂ ਹਾਂ, ਕੀ ਮੈਂ ਇਸ ਲਈ ਲਿਖੀ ਸੀ ਕੇ ਹਰ ਪਿੰਡ ਵਿੱਚ ਇੱਕ ਖੂੰਜੇ ਗੁਰੂ ਘਰ ਦੂਜੇ ਮੰਦਿਰ ਤੀਜੇ ਮਸਜਿਦ ਚੌਥੇ ਗਿਰਜਾ ਪੰਜਵੇਂ ਰੌਲਾ ਪਾਉਣ ਲਈ ਥਾਵਾਂ ਮਿਥਿਆਂ। ਜਿਥੋਂ ਤੜਕੇ ਵੱਡੇ ਸਪੀਕਰ ਨਾਲ ਆਵਾਜਾਂ ਆਉਂਦੀਆਂ ਸਾਰੇ ਆਪੋ ਆਪਣੀ ਉੱਚੀ ਸੁਰ ਨਾਲ ਦੱਸਦੇ ਕੇ ਸਾਡਾ ਰੱਬ ਵੱਡਾ ਤੇ ਸੱਚਾ, ਏਸੇ ਆਪੋ ਧਾਪੀ ਵਿੱਚ ਇਹ ਨੀ ਪਤਾ ਲੱਗਦਾ ਕੇ ਤੁਸੀਂ ਕਹਿਣਾ ਕੀ ਚਾਹੁੰਦੇ ਹੋ। ਮੈਂ ਤਾਂ ਤੁਹਾਨੂੰ ਇਕ ਸੋਚ ਦੇਕੇ ਗਿਆ ਸੀ

ਤਰਕ ਨਾਲ ਸੋਚਣ ਦੀ ਗਰੀਬ ਨਾਲ ਹੁੰਦੀ ਬੇਇਨਸਾਫ਼ੀ ਲਈ ਲੜਨ ਲਈ ਪਰ ਅਫਸੋਸ ਤੁਸੀਂ ਸੱਭ ਨੇ ਇਹਨਾਂ ਨੂੰ ਆਪਣੀਆਂ ਦੁਕਾਨਾਂ ਵਿੱਚ ਤਬਦੀਲ ਕਰ ਲਿਆ ਤੇ ਉਸ ਪਵਿੱਤਰ ਫਲਸਫੇ ਨੂੰ ਆਪਣੇ ਹਿੱਤਾਂ ਦੀ ਖਾਤਿਰ ਵੇਚਣਾ ਸ਼ੁਰੂ ਕਰ ਦਿੱਤਾ।


ਜਦੋਂ ਸਰਕਾਰਾਂ ਵੱਲ ਦੇਖਦਾ ਹਾਂ ਤਾਂ ਸਿਰ ਸ਼ਰਮ ਨਾਲ ਝੁੱਕ ਜਾਂਦਾ। ਕਿਉਂਕਿ ਇਹਨਾਂ ਨੇ ਸਰਕਾਰੀ ਅਦਾਰਿਆਂ ਅੱਗੇ ਪਰਾਈਵੇਟ ਅਦਾਰੇ ਲਿਆਂਦੇ ਪਰਾਈਵੇਟ ਕੋਲੋ ਕਮਿਸ਼ਨ ਲਿਆ ਸਰਕਾਰੀ ਫੇਲ ਕਰਾਰ ਦਿਵਾ ਦਿੱਤਾ ਹੋਲੀ ਹੋਲੀ ਸਰਕਾਰੀ ਬੰਦ ਤੇ ਪੈਰਾਈਵੇਟ ਹੱਥ ਆਪ ਕੈਂਚੀ ਦੇ ਕੇ ਮੇਰੇ ਦੇਸ਼ ਦੇ ਮਿਹਨਤ ਕਸ਼ ਕਿਸਾਨ ਮਜਦੂਰ ਮਰਨ ਲਈ ਮਜਬੂਰ ਕਰ ਦਿੱਤੇ। ਵਾਹ ਓਏ ਚੂੜੀਦਾਰ ਚਿੱਟੀ ਪਜਾਮੀ ਪਾ ਕੇ ਭਾਸ਼ਣ ਦੇਣ ਵਾਲੇ ਰਾਜਿਓ ਜਿਹਨਾਂ ਲੋਕਾਂ ਨੇ ਆਜ਼ਾਦੀ ਖਾਤਿਰ ਜਾਨਾਂ ਵਾਰ ਦਿੱਤੀਆਂ ਉਹਨਾਂ ਦੇ ਵਾਰਿਸਾਂ ਨੂੰ ਤੁਸੀਂ ਨੀਲੇ, ਪੀਲੇ, ਚਿੱਟੇ ਬਿਜਲੀ ਮੁਫ਼ਤ ਜਾਂ ਦਾਲ ਆਟਾ ਸਸਤਾ ਦੇਣ ਦੇ ਲਾਲਚ ਦੇ ਕੇ ਸੜਕਾਂ ਉੱਪਰ ਮੰਗਣ ਵਾਲੇ ਘਸਿਆਰੇ ਬਣਾ ਦਿੱਤਾ। ਘਰ ਘਰ ਨੌਕਰੀ ਸ਼ਗਨ ਸਕੀਮਾਂ ਚਲਾ ਕੇ ਆਪ ਤੁਸੀਂ ਕਦੇ ਸਵਿਟਜ਼ਰਲੈਂਡ ਜਾਂ ਕਸ਼ਮੀਰ ਦੀਆਂ ਵਾਦੀਆਂ ਦੇ ਹੂਟੇ ਲੈਂਦੇ ਹੋ। ਓਏ ਚਿੱਟੇ ਨੀਲੇ ਬਗਲੇ ਭਗਤੋ ਜੇ ਆਪਣੇ ਲੋਕਾਂ ਨਾਲ ਇੰਨੀ ਕੁ ਹਮਦਰਦੀ ਹੈ ਤਾਂ ਉਹਨਾਂ ਨੂੰ ਰੋਜਗਾਰ ਦਿਓ ਤਾਂ ਜੋ ਉਹ ਮੰਗਣ ਦੀ ਜਗਾਹ ਕਿਸੇ ਆਪਣੇ ਭੈਣ ਭਰਾ ਨੂੰ ਦੇ ਸਕਣ। ਤੁਹਾਡੇ ਤੋਂ ਸ਼ਗਨ ਸਕੀਮ ਲਈ ਅਰਜੋਈ ਕਰਨ ਦੀ ਜਗਾਹ ਉਹ ਖੁਦ ਸ਼ਗਨ ਦੇਣ ਦੇ ਸਮਰੱਥ ਹੋ ਸਕਣ।

ਮੇਰੇ ਤੋਂ ਤੁਹਾਡੇ ਵਲੋਂ ਖਾਦੀਆਂ ਸੌਂਹਾਂ ਹੁਣ ਸੁਣੀਆਂ ਨਹੀਂ ਜਾਂਦੀਆਂ ਕਿਉਂਕਿ ਅਸੀਂ ਗੋਰੇ ਕੱਢੇ ਸੀ ਪਰ ਤੁਸੀਂ ਕਾਲੇ ਗੋਰੇ ਬਣ ਕੇ ਮੇਰੇ ਦੇਸ਼ ਨੂੰ ਹੀ ਵੇਚ ਦਿੱਤਾ। ਮੇਰੇ ਬੁੱਤਾਂ ਤੇ ਤੁਸੀਂ ਸਾਲ ਬਾਅਦ ਫੁੱਲ ਚੜਾ ਕੇ ਮੇਰਾ ਅਪਮਾਨ ਕਰਨੋ ਹੱਟ ਜਾਵੋ ਨਹੀਂ ਤਾਂ ਉਹ ਦਿਨ ਦੂਰ ਨਹੀਂ ਜਦੋਂ ਮੇਰੀ ਬਰਦਾਸ਼ਤ ਤੌ ਬਾਹਰ ਹੋ ਜਾਵੇਗਾ ਤੇ ਮੈਂ ਮੁੜ ਆਵਾਂਗਾ ਫਿਰ ਮੈਂ ਖੁੱਦ ਫਾਂਸੀ ਦਾ ਰੱਸਾ ਨਹੀਂ ਚੁੰਮਾਂਗਾ ਸਗੋਂ ਤੁਹਾਡੇ ਚਿੱਟ ਕੱਪੜਿਆਂ ਦੀ ਘੰਡੀ ਨੂੰ ਓਹੀ ਰੱਸਾ ਪਾਵਾਂਗਾ ਤੇ ਇਹ ਭੋਲੇ ਭਾਲੇ ਲੋਕਾਂ ਵਿੱਚ ਤੁਹਾਨੂੰ ਧੂ ਕੇ ਲਿਆਵਾਂਗਾ, ਫੇਰ ਤੁਹਾਡਾ ਇਲਾਜ ਤੁਹਾਡੇ ਮਨਪਸੰਦ ਪਰਾਈਵੇਟ ਹਸਪਤਾਲਾਂ ਤੋਂ ਨਹੀਂ ਸਗੋਂ ਇਹਨਾਂ ਕਿਰਤੀ ਤੇ ਮਿਹਨਤ ਕਸ਼ ਲੋਕਾਂ ਕੋਲੋਂ ਇਹਨਾਂ ਦੇ ਰੰਬੇ ਦਾਤੀਆਂ ਜਾ ਖੁਦਕਸ਼ੀ ਕੀਤੇ ਉਹ ਰੱਸਿਆਂ ਨੂੰ ਤੁਹਾਡੇ ਗ਼ਲ ਦਾ ਸ਼ਿੰਗਾਰ ਬਣਾਵਾਂਗਾ।

ਇਸ ਨੂੰ ਮੇਰੀ ਧਮਕੀ ਨਾ ਸਮਜਣਾ ਮੇਰੇ ਦੇਸ਼ ਦਿਆ ਰਾਜਿਆ, ਜੇ ਮੇਰੇ ਲੋਕ ਇਸੇ ਤਰਾਂ ਸੰਘਰਸ਼ਾਂ ਵਿੱਚ ਆਪਣਾ ਜੀਵਨ ਬਸਰ ਕਰਦੇ ਰਹੇ ਫੇਰ ਮੈਂ ਜਲਦ ਹੀ ਪਰਤਾਂਗਾ ਤੇ ਆਪਣੇ ਲੋਕਾਂ ਨੂੰ ਇਨਸਾਫ ਦੁਆਵਾਂਗਾ।

# ਭਗਵੰਤ ਸਿੰਘ ਮਾਨ ਨੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਜੱਦੀ ਪਿੰਡ ਖਟਕੜ ਕਲਾਂ ਵਿਖੇ ਪੰਜਾਬ ਦੇ 28ਵੇਂ ਮੁੱਖ ਮੰਤਰੀ ਵਜੋਂ ਹਲਫ਼ ਲਿਆ








**ਖਟਕੜ ਕਲਾਂ (ਸ਼ਹੀਦ ਭਗਤ ਸਿੰਘ ਨਗਰ),(ਰੇਸ਼ਮ ਕਰਨਾਣਵੀ)**–ਆਮ ਆਦਮੀ ਪਾਰਟੀ ਦੇ ਦਿੱਗਜ ਆਗੂ ਭਗਵੰਤ ਮਾਨ ਨੇ ਅੱਜ ਆਪ ਦੇ ਕੌਮੀ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਮੌਜੂਦਗੀ ਚ ਇੱਕ ਭਰਵੇਂ ਇੱਕਠ ਵਿੱਚ ਪੰਜਾਬ ਦੇ 28ਵੇਂ ਮੁੱਖ ਮੰਤਰੀ ਵਜੋਂ ਸਹੁੰ ਚੁੱਕੀ।

ਸ਼ਹੀਦ–ਏDELਆਜ਼ਮ ਭਗਤ ਸਿੰਘ ਦੇ ਜੱਦੀ ਪਿੰਡ ਵਿਖੇ ਵੱਖDELਵੱਖ ਖੇਤਰਾਂ ਨਾਲ ਸਬੰਧਤ ਲੱਖਾਂ ਲੋਕਾਂ ਦਰਮਿਆਨ ਭਗਵੰਤ ਮਾਨ ਨੂੰ ਪੰਜਾਬ ਦੇ ਰਾਜਪਾਲ ਸ੍ਰੀ ਬਨਵਾਰੀ ਲਾਲ ਪੁਰੋਹਿਤ ਨੇ ਅਹੁਦੇ ਦਾ ਭੇਦ ਗੁਪਤ ਰੱਖਣ ਅਤੇ ਵਫ਼ਾਦਾਰੀ ਦੀ ਸਹੁੰ ਚੁਕਾਈ।

ਇਸ ਸਹੁੰ ਚੁੱਕ ਸਮਾਗਮ ਚ ਆਪ ਦੇ ਸੀਨੀਅਰ ਆਗੂ ਅਤੇ ਦਿੱਲੀ ਦੇ ਉੱਪ–ਮੁੱਖ ਮੰਤਰੀ ਮਨੀਸ਼ ਸਿਸੋਦੀਆ, ਵਿਧਾਇਕ ਤੇ ਪੰਜਾਬ ਮਾਮਲਿਆਂ ਦੇ ਇੰਚਾਰਜ ਜਰਨੈਲ ਸਿੰਘ, ਵਿਧਾਇਕ ਅਤੇ ਪੰਜਾਬ ਮਾਮਲਿਆਂ ਦੇ ਸਹਿ ਇੰਚਾਰਜ ਰਾਘਵ ਚੱਢਾ ਤੋਂ ਇਲਾਵਾ ਆਪੋ ਦੇ ਕਈ ਨਵੇਂ ਚੁਣੇ ਵਿਧਾਇਕ, ਸੀਨੀਅਰ ਆਗੂ, ਪੰਜਾਬ ਦੇ ਪਾਰਟੀ ਵਰਕਰ ਅਤੇ ਵਲੰਟੀਅਰ ਹਾਜ਼ਰ ਸਨ।

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਲੋਕਾਂ ਨੂੰ ਨਿਮਰ ਅਤੇ ਜਿਮੇਂਵਾਰ ਨਾਗਰਿਕ ਬਣ ਕੇ ਰਹਿਣ ਦੀ ਅਪੀਲ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ (ਆਪ) ਦੀ ਸਰਕਾਰ ਪੰਜਾਬ ਦੇ ਹਰੇਕ ਨਾਗਰਿਕ ਦੀ ਸਰਕਾਰ ਹੈ ਅਤੇ ਮੁੱਖ ਮੰਤਰੀ ਹਮੇਸ਼ਾ ਸਾਰਿਆਂ ਦਾ ਹੁੰਦਾ ਹੈ। ਨੌਜਵਾਨਾਂ ਦੇ ਸੁਨਹਿਰੇ ਭਵਿੱਖ ਲਈ ਠੋਸ ਯਤਨ ਕੀਤੇ ਜਾਣਗੇ, ਸਿੱਖਿਆ ਅਤੇ ਸਿਹਤ ਪ੍ਰਣਾਲੀ ਨੂੰ ਵੱਡੇ ਪੱਧਰ 'ਤੇ ਅੱਪਗ੍ਰੇਡ ਕੀਤਾ ਜਾਵੇਗਾ।

ਮੁੱਖ ਮੰਤਰੀ ਵਜੋਂ ਸਹੁੰ ਚੁੱਕਣ ਤੋਂ ਪਹਿਲਾਂ ਇੱਥੇ ਸ਼ਹੀਦ–ਏ–ਆਜਮ ਭਗਤ ਸਿੰਘ ਦੇ ਅਜਾਇਬ ਘਰ ਤੇ ਯਾਦਗਾਰ ਵਿਖੇ ਮਹਾਨ ਸ਼ਹੀਦ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਉਪਰੰਤ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਭਗਵੰਤ ਮਾਨ ਨੇ ਕਿਹਾ ਕਿ ਉਹ ਪੰਜਾਬ ਦੇ ਲੋਕਾਂ ਵੱਲੋਂ ਦਿੱਤੇ ਗਏ ਇਸ ਵੱਡੇ ਫਤਵੇ ਤੋਂ ਬਹੁਤ ਖੁਸ਼ ਹਨ। ਉਹਨਾਂ ਕਿਹਾ ਕਿ ਸਾਨੂੰ ਹੁਣ ਵਧੇਰੇ ਜ਼ਿੰਮੇਵਾਰ ਬਣਨਾ ਚਾਹੀਦਾ ਹੈ ਅਤੇ ਹੰਕਾਰੀ ਨਹੀਂ ਹੋਣਾ ਚਾਹੀਦਾ।ਉਨ੍ਹਾਂ ਕਿਹਾ ਕਿ ਪਹਿਲੀ ਵਾਰ ਕੋਈ ਮੁੱਖ ਮੰਤਰੀ ਸ਼ਹੀਦਾਂ ਦੀ ਧਰਤੀ ਤੋਂ ਸਹੁੰ ਚੁੱਕ ਰਿਹਾ ਹੈ ਕਿਉਂਕਿ ਪਹਿਲਾਂ ਸਟੇਡੀਅਮ ਅਤੇ ਮਹਿਲਾਂ ਤੋਂ ਹਲਫ ਸਮਾਰੋਹ ਹੁੰਦੇ ਸਨ। ਭਗਵੰਤ ਮਾਨ ਨੇ ਅੱਗੇ ਕਿਹਾ ਕਿ ਸ਼ਾਇਦ ਇਹ ਪਹਿਲੀ ਵਾਰ ਹੈ ਜਦੋਂ ਲੋਕਾਂ ਨੇ ਬਿਨਾਂ ਕਿਸੇ ਸਵਾਰਥ ਜਾਂ ਲਾਲਚ ਦੇ ਨਿਡਰ ਹੋ ਕੇ 'ਆਪ' ਨੂੰ ਵੋਟ ਦਿੱਤੀ ਹੈ।

ਭਗਵੰਤ ਮਾਨ ਨੇ ਅੱਗੇ ਕਿਹਾ ਕਿ ਸਾਨੂੰ ਹੁਣ ਸੱਚਮੁੱਚ ਆਜਾਦੀ ਮਿਲ ਗਈ ਹੈ ਕਿਉਂਕਿ ਪਿਛਲੀਆਂ ਸਰਕ–ਾਰਾਂ ਨੇ ਬੀਤੇ 70 ਸਾਲਾਂ ਦੌਰਾਨ ਸ਼ਹੀਦ–ਏ–ਆਜ਼ਮ ਭਗਤ ਸਿੰਘ ਵਰਗੇ ਸਾਡੇ ਮਹਾਨ ਸ਼ਹੀਦਾਂ ਦੇ ਸੁਪਨਿਆਂ ਨੂੰ ਅੱਖੋਂ ਪਰੋਖੇ ਕੀਤਾ। ਉਨ੍ਹਾਂ ਕਿਹਾ ਕਿ 20 ਫਰਵਰੀ, 2022 ਦਾ ਦਿਨ ਪੰਜਾਬ ਦੀ ਰਾਜਨੀਤੀ ਦੇ ਇਤਿਹਾਸ ਵਿੱਚ ਹਮੇਸ਼ਾ ਯਾਦ ਰੱਖਿਆ ਜਾਵੇਗਾ ਕਿਉਂਕਿ ਲੋਕਾਂ ਨੇ ਬਿਨਾਂ ਕਿਸੇ ਪ੍ਰਭਾਵ ਅਤੇ ਜਬਰ ਦੇ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕੀਤੀ, ਜਿਸ ਦਾ ਨਤੀਜਾ 10 ਮਾਰਚ, 2022 ਨੂੰ ਐਲਾਨਿਆ ਗਿਆ ਅਤੇ ਇਸ ਤਰ੍ਹਾਂ ਮਹਾਨ ਸ਼ਹੀਦ ਸ਼ਹੀਦ–ਏ–ਆਜਮ ਭਗਤ ਸਿੰਘ ਦੇ ਸੁਪਨਿਆਂ ਨੂੰ ਪੂਰਾ ਕਰਨ ਦਾ ਰਾਹ ਪੱਧਰਾ ਹੋਇਆ।

ਭਗਵੰਤ ਮਾਨ ਨੇ ਅੱਗੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਅੱਜ ਤੋਂ ਹੀ ਕੰਮ ਕਰਨਾ ਸ਼ੁਰੂ ਕਰ ਦੇਵੇਗੀ ਅਤੇ ਇੱਕ ਵੀ ਦਿਨ ਬਰਬਾਦ ਨਹੀਂ ਹੋਵੇਗਾ ਕਿਉਂਕਿ ਪੰਜਾਬ ਵਿੱਚ ਤਬਦੀਲੀ ਲਿਆਉਣ ਲਈ ਲੋਕਾਂ ਦੀਆਂ ਉਮੀਦਾਂ ਨੂੰ ਪੂਰਾ ਕਰਨ ਵਿੱਚ ਪਹਿਲਾਂ ਹੀ ਬਹੁਤ ਦੇਰ ਹੋ ਚੁੱਕੀ ਹੈ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਅਤਿ–ਆਧੁਨਿਕ ਸਕੂਲ ਅਤੇ ਹਸਪਤਾਲ ਸਥਾਪਤ ਕਰਕੇ ਵਧੀਆ ਸਿੱਖਿਆ ਅਤੇ ਸਿਹਤ ਸੰਭਾਲ ਬੁਨਿਆਦੀ ਢਾਂਚਾ ਮੁਹੱਈਆ ਕਰਵਾਏਗੀ, ਜਿਸ ਦੀ ਸਾਰਿਆਂ ਵੱਲੋਂ ਸ਼ਲਾਘਾ ਕੀਤੀ ਜਾਵੇਗੀ।

ਭਗਵੰਤ ਮਾਨ ਨੇ ਕਿਹਾ, "ਇਹ ਸੱਚਮੁੱਚ ਬਹੁਤ ਤਰਸਯੋਗ ਹੈ ਕਿ ਪੰਜਾਬ ਵਰਗੇ ਅਗਾਂਹਵਧੂ ਸੂਬੇ ਦੇ ਨੌਜਵਾਨ ਰੋਜ਼ੀ ਰੋਟੀ ਦੀ ਭਾਲ ਵਿੱਚ ਵਿਦੇਸ਼ਾਂ ਵੱਲ ਕੂਚ ਕਰ ਰਹੇ ਹਨ। ਸਾਡੀ ਸਰਕਾਰ ਸਾਫ–ਸੁਥਰਾ, ਪਾਰਦਰਸ਼ੀ ਅਤੇ ਵਧੀਆ ਸ਼ਾਸਨ ਪ੍ਰਦਾਨ ਕਰਨ ਲਈ ਭ੍ਰਿਸ਼ਟਾਚਾਰ ਅਤੇ ਹੋਰ ਕੁਰੀਤੀਆਂ ਦੇ ਖਾਤਮੇ ਦੇ ਨਾਲ–ਨਾਲ ਰੋਜ਼ਗਾਰ ਦੇ ਵਧੀਆ ਮੌਕੇ ਪ੍ਰਦਾਨ ਕਰਨ ਦੀ ਪੂਰੀ ਕੋਸ਼ਿਸ਼ ਕਰੇਗੀ।" ਭਗਵੰਤ ਮਾਨ ਨੇ ਉਮੀਦ ਪ੍ਰਗਟਾਈ ਕਿ ਅਜਿਹੀਆਂ ਲੋਕ ਪੱਖੀ ਪਹਿਲ ਕਦਮੀਆਂ ਨਵੀਂ ਚੁਣੀ ਗਈ ਸਰਕਾਰ ਪ੍ਰਤੀ ਲੋਕਾਂ ਵਿੱਚ ਵਿਸ਼ਵਾਸ ਅਤੇ ਭਰੋਸਾ ਪੈਦਾ ਕਰਨਗੀਆਂ।

ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਸੂਬੇ ਵਿਚ ਤਾਣੀ ਬਹੁਤ ਉਲਝੀ ਹੋਈ ਸੀ ਪਰ ਇਸ ਨੂੰ ਸੂਬੇ ਦੇ ਵਡੇਰੇ ਹਿੱਤ ਵਿੱਚ ਲੋਕਾਂ ਦੇ ਪੂਰਨ ਸਹਿਯੋਗ ਨਾਲ ਜਲਦੀ ਹੀ ਹੱਲ ਕਰ ਲਿਆ ਜਾਵੇਗਾ।ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵੱਲੋਂ ਰਵਾਇਤੀ ਪਾਰਟੀਆਂ ਤੋਂ ਬਿਲਕੁਲ ਵੱਖਰੀ ਪਾਰਟੀ ਬਣਾਉਣ ਦੇ ਸ਼ਾਨਦਾਰ ਯਤਨਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਹਨਾਂ ਨੇ ਭਾਰਤ ਦੀ ਰਾਜਨੀਤੀ ਵਿੱਚ ਵਿਆਪਕ ਸੁਧਾਰ ਲਿਆਉਣ ਦੇ ਇੱਕੋ–ਇੱਕ ਮਿਸ਼ਨ ਨਾਲ 20 ਦਿਨ ਅੰਨ ਪਾਣੀ ਵੀ ਤਿਆਗਿਆ। ਉਨ੍ਹਾਂ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਜਦੋਂ ਆਮ ਆਦਮੀ ਪਾਰਟੀ ਲੋਕਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਕੋਈ ਕਸਰ ਬਾਕੀ ਨਹੀਂ ਛੱਡੇਗੀ।

ਪੰਜਾਬ ਦੇ ਹਰ ਕੋਨੇ ਤੋਂ ਲੱਖਾਂ ਲੋਕ ਸ਼ਹੀਦ–ਏ–ਆਜਮ ਭਗਤ ਸਿੰਘ ਦੇ ਜੱਦੀ ਪਿੰਡ ਵਿਖੇ ਨਵੇਂ ਚੁਣੇ ਗਏ ਮੁੱਖ ਮੰਤਰੀ ਭਗਵੰਤ ਮਾਨ ਦੇ ਸਹੁੰ ਚੁੱਕ ਸਮਾਗਮ ਵਿੱਚ ਸ਼ਿਰਕਤ ਕਰਨ ਲਈ ਹੁੰਮ–ਹੁੰਮਾ ਕੇ ਪਹੁੰਚੇ। ਖਟਕੜ ਕਲਾਂ ਦੀ ਪਵਿੱਤਰ ਧਰਤੀ ਉੱਤੇ ਬਸੰਤੀ ਪੱਗਾਂ ਅਤੇ ਦੁਪੱਟੇ ਸਜਾ ਕੇ ਪਹੁੰਚੇ ਪੰਜਾ–ਬੀਆਂ ਨਾਲ ਮੁੱਖ ਪੰਡਾਲ ਅਤੇ ਸਮੁੱਚੀ ਫਿਜਾ ਬਸੰਤੀ ਰੰਗ ਵਿਚ ਰੰਗੀ ਗਈ। ਜੋਸ਼, ਉਤਸ਼ਾਹ ਅਤੇ ਦੇਸ਼ ਭਗਤੀ ਦੇ ਜਜ਼ਬੇ ਨਾਲ ਲਬਰੇਜ ਪਾਰਟੀ ਵਰਕਰਾਂ ਅਤੇ ਵਲੰਟੀਅਰਾਂ ਸਮੇਤ ਪੰਡਾਲ ਵਿਚ ਹਾਜ਼ਰ ਲੋਕ ਇਨਕਲਾਬ ਜ਼ਿੰਦਾਬਾਦ, ਬੋਲੇ ਸੋ ਨਿਹਾਲ, ਆਮ ਆਦਮੀ ਪਾਰਟੀ ਜ਼ਿੰਦਾਬਾਦ ਦੇ ਨਾਅਰੇ ਲਗਾ ਰਹੇ ਸਨ।

ਇਸ ਦੌਰਾਨ ਸੂਬੇ ਦੇ ਮੁੱਖ ਸਕੱਤਰ ਅਨਿਰੁਧ ਤਿਵਾੜੀ ਨੇ ਸਹੁੰ ਚੁੱਕ ਸਮਾਗਮ ਦਾ ਸੰਚਾਲਨ ਕੀਤਾ, ਜਿਸ ਵਿੱਚ ਦਿੱਲੀ ਸਰਕਾਰ ਦੇ ਕੈਬਨਿਟ ਮੰਤਰੀਆਂ ਤੋਂ ਇਲਾਵਾ ਵੱਖDELਵੱਖ ਖੇਤਰਾਂ ਦੀਆਂ ਉੱਘੀਆਂ ਸ਼ਖ਼ਸੀਅਤਾਂ ਨੇ ਸ਼ਿਰਕਤ ਕੀਤੀ।

# ਕੌਮਾਂਤਰੀ ਔਰਤ ਦਿਵਸ ਮੌਕੇ ਗੁਰੂ ਨਾਨਕ ਕਾਲਜ ਆਫ ਨਰਸਿੰਗ ਢਾਹਾਂ ਕਲੇਰਾਂ 'ਚ ਪ੍ਰਤੀਯੋਗਤਾ ਕਰਵਾਈ

## ਸਮਾਜਿਕ ਸਾਂਝ ਸੰਸਥਾ ਬੰਗਾ ਵੱਲੋਂ ਜੇਤੂ ਵਿਦਿਆਰਥੀਆਂ ਦਾ ਸਨਮਾਨ

**ਬੰਗਾ, (ਰੇਸ਼ਮ ਕਰਨਾਣਵੀ)–** ਅੱਜ ਕੌਮਾਂਤਰੀ ਔਰਤ ਦਿਵਸ ਮੌਕੇ ਗੁਰੂ ਨਾਨਕ ਕਾਲਜ ਆਫ ਨਰਸਿੰਗ ਢਾਹਾਂ ਕਲੇਰਾਂ ਵਿਖੇ ਆਮ ਗਿਆਨ ਦੀ ਲਿਖਤੀ ਪ੍ਰਤੀਯੋਗਤਾ ਕਰਵਾਈ ਗਈ। ਇਹ ਉਪਰਾਲਾ ਸਮਾਜਿਕ ਸਾਂਝ ਸੰਸਥਾ ਬੰਗਾ ਵੱਲੋਂ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਦੇ ਸਹਿਯੋਗ ਨਾਲ ਕੀਤਾ ਗਿਆ।ਇਸ ਪ੍ਰਤੀਯੋਗਤਾ 'ਚ ਪਹਿਲੇ ਤਿੰਨ ਸਥਾਨ ਬੀ ਐਸ ਸੀ ਨਰਸਿੰਗ ਦੀਆਂ ਵਿਦਿਆਰਥਣਾਂ ਨੇ ਹਾਸਲ ਕੀਤੇ। ਇਹਨਾਂ 'ਚ ਨੀਤਿਕਾ ਵਾਸੀ ਫਗਵਾੜਾ, ਹਰਦੀਪ ਕੌਰ ਵਾਸੀ ਭੂਨੋ ਅਤੇ ਗੁਰਵੀਰ ਕੌਰ ਵਾਸੀ ਗੋਸਲਾਂ ਨੇ ਕ੍ਰ–ਮਵਾਰ ਪਹਿਲਾ, ਦੂਜੇ ਅਤੇ ਤੀਜਾ ਇਨਾਮ ਜਿੱਤਿਆ। ਇਹਨਾਂ ਵਿਦਿਆਰਥਣਾਂ ਨੂੰ ਯਾਦਗਾਰੀ ਚਿੰਨ੍ਹ ਅਤੇ ਪ੍ਰਮਾਣ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ ਅਤੇ ਪ੍ਰਤੀਯੋਗਤਾ 'ਚ ਭਾਗ ਲੈਣ ਵਾਲੀਆਂ ਸਾਰੀਆਂ ਵਿਦਿਆਰਥਣਾਂ ਨੂੰ ਪ੍ਰਮਾਣ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਹੋਏ ਸਨਮਾਨ ਸਮਾਗਮ ਵਿਚ ਸ। ਹਰਦੇਵ ਸਿੰਘ ਕਾਹਮਾ ਪ੍ਰਧਾਨ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ, ਸ। ਹਰਮਿੰਦਰ ਸਿੰਘ ਤਲਵੰਡੀ ਪ੍ਰਧਾਨ ਸਮਾਜਿਕ ਸਾਂਝ ਸੰਸਥਾ ਬੰਗਾ ਅਤੇ ਡਾ। ਸੁਰਿੰਦਰ ਜਸਪਾਲ ਪ੍ਰਿੰਸੀਪਲ ਗੁਰੂ ਨਾਨਕ ਕਾਲਜ ਆਫ ਨਰਸਿੰਗ ਢਾਹਾਂ ਕਲੇਰਾਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਜ਼ਿੰਦਗੀ ਵਿੱਚ ਹਰ ਚੁਣੌਤੀ ਨੂੰ ਸਵੀਕਾਰ ਕਰਨਾ ਚਾਹੀਦਾ ਹੈ ਅਤੇ ਸਥਾਪਤੀ ਹਾਸਲ ਕਰਨ ਲਈ ਹਿੰਮਤ ਅਤੇ ਮਿਹਨਤ ਦਾ ਸੁਮੇਲ ਬਣਾ ਕੇ ਅੱਗੇ ਵਧਣਾ ਚਾਹੀਦਾ ਹੈ।ਇਸ ਮੌਕੇ ਬੁਲਾਰਿਆਂ ਨੇ ਕੌਮਾਂਤਰੀ ਮਹਿਲਾ ਦਿਵਸ ਦੀ ਮਹੱਤਤਾ ਅਤੇ ਇਤਿਹਾਸ ਬਾਰੇ ਚਾਨਣਾ ਪਾਉਂਦਿਆਂ ਮਹਿਲਾ ਵਰਗ ਨੂੰ ਹੋਰ ਮਜ਼ਬੂਤੀ ਨਾਲ ਸਮਾਜ ਅੰਦਰ ਸੰਘਰਸ਼ ਕਰਨ ਲਈ ਪ੍ਰੇਰਿਤ ਕੀਤਾ। ਮੰਚ ਦਾ ਸੰਚਾਲਨ ਸਮਾਜਿਕ ਸਾਂਝ ਸੰਸਥਾ ਦੇ ਸਕੱਤਰ ਸੁਰਜੀਤ ਮਜਾਰੀ ਨੇ ਬਾਖੂਬੀ ਕੀਤਾ।



ਕੌਮਾਂਤਰੀ ਮਹਿਲਾ ਦਿਵਸ ਮੌਕੇ ਹੋਏ ਸਨਮਾਨ ਸਮਾਗਮ ਵਿਚ ਸ। ਹਰਦੇਵ ਸਿੰਘ ਕਾਹਮਾ ਪ੍ਰਧਾਨ, ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ, ਸ। ਮਲਕੀਅਤ ਸਿੰਘ ਬਾਹੜੋਵਾਲ ਸੀਨੀਅਰ ਮੀਤ ਪ੍ਰਧਾਨ, ਸ। ਕੁਲਵਿੰਦਰ ਸਿੰਘ ਢਾਹਾਂ ਜਨਰਲ ਸਕੱਤਰ, ਸ।ਅਮਰ–ਜੀਤ ਸਿੰਘ ਕਲੇਰਾਂ ਚੇਅਰਮੈਨ ਫਾਈਨਾਂਸ, ਜਗਜੀਤ ਸਿੰਘ ਸੋਢੀ ਕਾਰਜਕਾਰੀ ਮੈਂਬਰ, ਸ। ਹਰਮਿੰਦਰ ਸਿੰਘ ਤਲਵੰਡੀ ਪ੍ਰਧਾਨ ਸਮਾਜਿਕ ਸਾਂਝ ਸੰਸਥਾ ਬੰਗਾ, ਸ੍ਰੀ ਸੁਰਜੀਤ ਮਜਾਰੀ ਸਕੱਤਰ ਸਮਾਜਿਕ ਸਾਂਝ ਸੰਸਥਾ, ਸ। ਮਹਿੰਦਰਪਾਲ ਸਿੰਘ, ਡਾ। ਸੁਰਿੰਦਰ ਜਸਪਾਲ ਪ੍ਰਿੰਸੀਪਲ ਗੁਰੂ ਨਾਨਕ ਕਾਲਜ ਆਫ ਨਰਸਿੰਗ ਢਾਹਾਂ ਕਲੇਰਾਂ, ਸ੍ਰੀ ਸੰਜੇ ਕੁਮਾਰ, ਮੈਡਮ ਸੁਖਮਿੰਦਰ ਕੌਰ, ਮੈਡਮ ਜਸਪ੍ਰੀਤ ਕੌਰ, ਮੈਡਮ ਰਾਬੀਆ ਹਾਟਾ, ਮੈਡਮ ਦਲਜੀਤ ਕੌਰ, ਮੈਡਮ ਪੂਜਾ ਰਾਣੀ, ਕਾਲਜ ਦਾ ਸਮੂਹ ਸਟਾਫ਼, ਨਰਸਿੰਗ ਵਿਦਿਆਰਥੀ ਅਤੇ ਪਤਵੰਤੇ ਸੱਜਣ ਵੀ ਹਾਜ਼ਰ ਸਨ।

# ਜਲੰਧਰ ਬਸਪਾ ਦਫਤਰ ਵਿਚ ਪਹਿਲੀ ਵਾਰ ਪ੍ਰਵੇਸ਼ ਕੀਤਾ ਬਸਪਾ ਦੇ ਐਮ ਐਲ ਏ ਨੇ

## ਬਸਪਾ ਬਾਨੀ ਬਾਬੂ ਕਾਂਸ਼ੀ ਰਾਮ ਜੀ ਦੇ ਜਨਮ ਦਿਨ ਮੌਕੇ ਸਮਾਗਮ





**ਜਲੰਧਰ (ਸੰਤੋਖ ਸਿੰਘ ਜੱਸੀ)–** ਸਾਹਿਬ ਕਾਂਸ਼ੀ ਰਾਮ ਜੀ ਦੇ 88ਵੇਂ ਜਨਮ ਦਿਨ ਦੀ ਬਹੁਜਨ ਸਮਾਜ ਨੂੰ ਲੱਖ ਲੱਖ ਵਧਾਈਆਂ ਦਿੰਦੇ ਹੋਏ ਬਸਪਾ ਸੂਬਾ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ ਜੀ ਦੀ ਪ੍ਰਧਾਨਗੀ ਵਿਚ ਵਿਸ਼ੇਸ਼ ਸਮਾਗਮ ਹੋਇਆ ਜਿਸ ਵਿਚ ਮੁੱਖ ਮਹਿਮਾਨ ਦੇ ਰੂਪ ਵਿਚ ਪੰਜਾਬ ਇੰਚਾਰਜ ਸ੍ਰੀ ਵਿਪੁਲ ਕੁਮਾਰ ਅਤੇ ਨਵਾਂਸਹਿਰ ਤੋਂ ਬਸਪਾ ਐਮਐਲਏ ਡਾ ਨਛੱਤਰ ਪਾਲ ਸ਼ਾਮਿਲ ਹੋਏ । ਸ ਗੜ੍ਹੀ ਨੇ ਕਿਹਾ ਕਿ ਅੱਜ ਪੰਜਾਬ ਦੇ ਬਹੁਜਨ ਸਮਾਜ ਦੇ ਲੋਕਾਂ ਲਈ ਯਾਦਗਾਰੀ ਦਿਨ ਹੈ। ਜਲੰਧਰ ਵਿਖੇ ਮਾਰਚ 2003 ਵਿੱਚ ਬਸਪਾ ਪਾਰਟੀ ਦਾ ਸੂਬਾ ਦਫਤਰ ਖਰੀਦਿਆ ਗਿਆ ਸੀ, ਅੱਜ 19 ਸਾਲ ਪੂਰੇ ਹੋ ਚੁੱਕੇ ਹਨ। ਇਹਨਾ 19 ਸਾਲਾਂ ਵਿਚ ਇਕ ਵੀ ਿਉ ਜਾਂ ਿਫ ਜਲੰਧਰ ਦਫਤਰ ਵਿਚ ਜਿੱਤਕੇ ਪ੍ਰਵੇਸ਼ ਨਾ ਕਰ ਸਕਿਆ। ਅੱਜ ਦਫਤਰ ਦੀ ਸਥਾਪਨਾ ਦੇ 20ਵੇਂ ਸਾਲ ਵਿੱਚ ਪਹਿਲਾਂ ਿਉ, ਹਾਥੀ ਚੋਣ ਨਿਸ਼ਾਨ ਤੋਂ ਜਿੱਤਿਆ, ਨਵਾਂਸਹਿਰ ਦਾ ਬਸਪਾ ਵਿਧਾਇਕ ਡਾ ਨਛੱਤਰ ਪਾਲ ਬਸਪਾ ਪੰਜਾਬ ਲਈ ਸ਼ੁੱਭ ਸ਼ਗਨ ਬਣਕੇ ਦਫਤਰ ਪਰਵੇਸ਼ ਕਰੇਗਾ। ਇਸ ਮੌਕੇ ਸ੍ਰੀ ਵਿਪੁਲ ਕੁਮਾਰ ਜੀ ਨੇ ਸੰਬੋਧਨ ਵਿੱਚ ਕਿਹਾ ਕਿ ਸਾਡਾ ਕਹਿਣਾ ਹੈ, ਕਿ ਅਭੀ ਤੋਂ ਪਾਰਟੀ ਸ਼ੁਰੂ ਹੂਈ ਹੈ। ਸਾਡਾ ਆਉਣ ਵਾਲਾ ਟੀਚਾ ਹੈ ਕਿ 2024 ਵਿੱਚ ਮੈਂਬਰ ਪਾਰਲੀਮੈਂਟ ਦੀ ਚਲ ਰਹੀ ਜ਼ੀਰੋ ਵੀ ਤੋੜਾਂਗੇ। ਅਸੀ ਅਗਲੇ ਅਢਾਈ ਸਾਲਾਂ ਵਿਚ ਪੰਜਾਬ ਵਿੱਚ ਕੇਡਰ ਦੀ ਸੁਨਾਮੀ ਖੜੀ ਕਰਕੇ, ਬਹੁਜਨ ਸਮਾਜ ਨੂੰ ਲਾਮਬੰਦ ਕਰਾਂਗੇ, ਜਿਸ ਵਿਚ ਸਾਡੀ ਮੁਹਾਰਤ ਲਾਮਿਸਾਲ ਹੈ। ਡਾ ਨਛੱਤਰ ਪਾਲ ਨੇ ਕਿਹਾ ਕਿ ਅਸੀ ਪੰਜਾਬ ਵਿਚ *ਹੋਊ ਸਕਤ ਨਹੀਂ* ਦੇ ਵਿਚਾਰ ਨੂੰ *ਹੋਊ ਸਕਤ ਹੈ* ਵਿਚ ਬਦਲ ਦੇਣ ਦਾ ਅਹਿਦ ਲੈਕੇ ਲੱਗੇ ਹਾਂ। ਵਿਰੋਧੀ ਪਾਰਟੀਆਂ ਦੇ ਹੱਥਾਂ ਵਿਚ ਖੇਡਕੇ ਬਹੁਜਨ ਸਮਾਜ ਦੀ ਵਿਗੜੀ ਬਾਤ ਨੂੰ ਹੋਰ ਵਿਗਾੜਨ ਵਾਲੇ ਚੰਦ ਲੋਕਾਂ ਨੂੰ ਉਹਨਾਂ ਦੇ ਬਸਪਾ ਦੋਖੀ ਮਨਸੂਬਿਆਂ ਵਿੱਚ ਕਦੀ ਵੀ ਕਾਮਯਾਬ ਨਹੀਂ ਹੋਣ ਦਿਆਂਗੇ, ਜਿਹੜੇ ਹਮੇਸ਼ਾ ਘਰ ਦੀ ਗੱਲ ਸੋਸ਼ਲ ਮੀਡੀਆ ਉਪਰ ਰੱਖਕੇ ਆਪਣਾ ਢਿੱਡ ਨੰਗਾ ਕਰਕੇ ਬਹੁਜਨ ਸਮਾਜ ਵਿਚ ਨਿਰਾਸ਼ਾ ਫੈਲਾਉਣ ਦਾ ਕੰਮ ਕਰਕੇ ਬਹੁਜਨ ਸਮਾਜ ਦਾ ਨੁਕਸਾਨ ਕਰ ਰਹੇ ਹਨ। ਅਸੀ ਕਾਂਗਰਸ ਦੀਆ ਚੀਕਾਂ ਇਟਲੀ ਤੱਕ ਪੁੱਜਾ ਦਿਆਂਗੇ, ਅਸੀ ਇਸ ਗੱਲ ਨੂੰ ਸਿੱਧ ਕਰ ਚੁੱਕੇ ਹਾਂ। ਪ੍ਰੰਤੂ ਵੱਡੀ ਜਿੱਤ ਤੋਂ ਅਸੀ ਦੂਰ ਰਹਿ ਗਏ ਹਾਂ। ਅਸੀ ਲੋਕ ਸਭਾ ਚੋਣਾਂ ਵਿੱਚ ਜਿੱਤ ਦੀ ਇਹ ਰਹਿੰਦੀ ਕਸਰ ਪੂਰੀ ਕਰਨ ਦੀ ਭਰਪੂਰ ਕੋਸ਼ਿਸ਼ ਕਰਾਂਗੇ।

ਇਸ ਮੌਕੇ ਬਸਪਾ ਪੰਜਾਬ ਦੀ ਲੀਡਰਸ਼ਿਪ ਨੇ ਮੁੱਖ ਸੜਕ ਤੋਂ ਢੋਲ ਨਗਾਰੇ ਵਜਾਕੇ ਜਿੱਥੇ ਬਾਬੂ ਕਾਂਸ਼ੀ ਰਾਮ ਜੀ ਦਾ ਜਨਮ ਦਿਨ ਮਨਾਇਆ ਉਥੇ ਨਵੇ ਜਿੱਤੇ ਇਕਲੌਤੇ ਵਿਧਾਇਕ ਦਾ ਸਵਾਗਤ ਧੂਮ ਧਾਮ ਨਾਲ ਕੀਤਾ। ਸਮਾਗਮ ਤੋਂ ਬਾਦ ਜਲੰਧਰ ਅੰਬੇਡਕਰ ਚੌਂਕ ਵਿੱਚ ਬਾਬਾ ਸਾਹਿਬ ਅੰਬੇਡਕਰ ਜੀ ਦੇ ਬੁੱਤ ਤੇ ਫੁੱਲ ਮਾਲਾ ਭੇਟ ਕੀਤੀ। ਬਸਪਾ ਵਰਕਰ ਖੁਸ਼ੀ ਵਿੱਚ ਝੂਮਦੇ ਹੋਏ ਭੰਗੜੇ ਪਾ ਰਹੇ ਸਨ, ਜੋਕਿ ਬਸਪਾ ਦੇ ਨਵੇਂ ਯੁੱਗ ਦੀ ਸ਼ੁਰੂਆਤ ਦਾ ਇਸ਼ਾਰਾ ਕਰ ਰਹੇ ਸਨ। ਬਸਪਾ ਵਰਕਰਾਂ ਦਾ ਜਲੌਅ ਦੇਖਿਆ ਹੀ ਬਣ ਰਿਹਾ ਸੀ।

ਇਸ ਮੌਕੇ ਗੁਰਮੇਲ ਚੁੰਬਰ, ਗੁਰਲਾਲ ਸੈਲਾ, ਬਲਦੇਵ ਮੇਹਰਾ, ਇੰ ਜਸਵੰਤ ਰਾਏ, ਰਾਜਾ ਰਜਿੰਦਰ ਸਿੰਘ ਨਨਹੈਰੀਆ, ਹਰਭਜਨ ਬਲਾਲੋ, ਪਰਵੀਨ ਬੰਗਾ, ਲਾਲ ਚੰਦ ਔਜਲਾ, ਪਰਮਜੀਤ ਮੱਲ, ਤੀਰਥ ਰਾਜਪੁਰਾ, ਮਨਜੀਤ ਸਿੰਘ ਅਟਵਾਲ, ਡਾ ਜਸਪ੍ਰੀਤ ਸਿੰਘ ਬਿਜ਼ਾ, ਵਕੀਲ ਬਲਵਿੰਦਰ ਕੁਮਾਰ, ਰਜਿੰਦਰ ਰੀਹਲ, ਜੋਗਾ ਸਿੰਘ ਪਨੋਂਦੀਆਂ, ਵਕੀਲ ਰਣਜੀਤ ਕੁਮਾਰ, ਵਕੀਲ ਸ਼ਿਵ ਕਲਿਆਣ, ਲਾਲ ਸਿੰਘ ਸੁਲਹਾਣੀ, ਸੰਤ ਰਾਮ ਮਲੀਆਂ, ਸੁਖਦੇਵ ਸ਼ੀਰਾ, ਅਨਿਲ ਮਹੀਨਿਆਂ, ਕੁਲਵੰਤ ਮਹਤੋਂ, ਠੇਕੇਦਾਰ ਰਜਿੰਦਰ ਸਿੰਘ, ਚੌਧਰੀ ਗੁਰਨਾਮ ਸਿੰਘ, ਜੇਪੀ ਭਗਤ, ਜਗਦੀਸ਼ ਸ਼ੇਰਪੁਰੀ, ਸਰਬਜੀਤ ਜਾਫਰਪੁਰ, ਮਾ ਰਾਮ ਪਾਲ ਅਬਿਆਣਾ, ਗੁਰਬਖਸ਼ ਮਹੇ, ਤਰਸੇਮ ਦੌਲਾ, ਤਰਸੇਮ ਥਾਪਰ, ਲੇਖ ਰਾਜ ਜਮਾਲਪੁਰੀ, ਜਸਵੀਰ ਸਿੰਘ ਔਲੀਆਪੁਰ, ਮਨੋਹਰ ਕਮਾਮ, ਹਰਬਲਾਸ ਬਸਰਾ ਨੀਲਮ ਸਹਿਜਲ, ਸ਼ੀਲਾ ਰਾਣੀ, ਸਵਿਤਾ ਰਾਹੋਂ, ਜੈਪਾਲ ਸੁੰਡਾ, ਅਮਰ ਦਰੋਚ ਅਮਰੀਕਾ, ਵਰਖਾ ਦੁੱਗਲ ਜਰਮਨੀ, ਯਸ਼ਪਾਲ ਦੁਬਈ, ਕੇਵਲ ਸਿੰਘ ਜਰਮਨੀ, ਦਿਨੇਸ਼ ਕੁਮਾਰ ਬਾਲੂ, ਪਰਦੀਪ ਮੱਲ, ਚਰਨਜੀਤ ਮੰਡਾਲੀ ਕੁਲਦੀਪ ਬਹਿਰਾਮ,ਕੁੰਦਨਰਾਜ,, ਚਮਨ ਲਾਲ ਚੰਨਕੋਆ, ਸੁਖਵਿੰਦਰ ਬਿੱਟੂ, ਸੁੱਚਾ ਸਿੰਘ ਮਾਨ, ਸ਼ੀਤਲ, ਆਦਿ ਵੱਡੀ ਗਿਣਤੀ ਵਿਚ ਬਸਪਾ ਲੀਡਰਸ਼ਿਪ ਹਾਜ਼ਿਰ ਸੀ।

# ਸਾਹਿਬ ਕਾਂਸ਼ੀ ਰਾਮ ਜੀ ਦਾ ਅੰਦੋਲਨ ਬਹੁਜਨ ਰਾਜਨੀਤੀ ਦਾ ਅੰਗ ਬਣ ਗਿਆ ਹੈ ਪ੍ਰਵੀਨ ਬੰਗਾ

**ਨਵਾਂਸ਼ਹਿਰ (ਸੰਤੋਖ ਸਿੰਘ ਜੱਸੀ)** ਬਾਮਸੇਫ,ਬੀ ਐਸ ਫੋਰ ਤੇ ਬਹੁਜਨ ਸਮਾਜ ਪਾਰਟੀ ਦੇ ਸੰਸਥਾਪਕ ਸਾਹਿਬ ਸ੍ਰੀ ਕਾਂਸ਼ੀ ਰਾਮ ਨੂੰ ਸਮਾਜਿਕ ਪਰਿਵਰਤਨ ਅੰਦੋਲਨ ਦਾ ਆਧੁਨਿਕ ਯੁੱਗ ਦਾ ਪਿਤਾਮਾ ਮੰਨਿਆ ਜਾਂਦਾ ਹੈ ਉਨ੍ਹਾਂ ਦੇ 84ਵੇ ਜਨਮਦਿਨ ਦਿਨ ਤੇ ਪਿੰਡ ਖੋਥੜਾਂ ਵਿਚ ਸਥਾਪਤ ਉਨ੍ਹਾਂ ਦੇ ਆਦਮ ਕੱਦ ਬੂਤ ਤੇ ਪਿੰਡ ਦੀ ਸਮੁੱਚੀ ਲੀਡਰਸ਼ਿਪ ਵਲੋਂ ਨਮਨ ਕਰਨ ਤੋਂ ਬਾਅਦ ਬਸਪਾ ਪੰਜਾਬ ਦੇ ਸੀਨੀਅਰ ਆਗੂ ਪ੍ਰਵੀਨ ਬੰਗਾ ਇੰਚਾਰਜ ਹਲਕਾ ਬੰਗਾ ਨੇ ਸੰਬੋਧਨ ਕਰਦਿਆਂ ਕਿਹਾ ਅੱਜ ਕਾਂਸ਼ੀ ਰਾਮ ਜੀ ਜਨਮਦਿਨ ਤੇ ਦੁਨੀਆਂ ਭਰ ਵਿੱਚ ਬੈਠੇ ਉਨ੍ਹਾਂ ਦੇ ਪੈਰੋਕਾਰਾਂ ਵਲੋਂ ਯਾਦ ਕੀਤਾ ਜਾ ਰਿਹਾ ਹੈ ਉਨ੍ਹਾਂ ਨੇ ਆਪਣਾ ਸਮੁੱਚਾ ਜੀਵਨ ਬਹੁਜਨ ਸਮਾਜ ਦੀ ਰਾਜਧਾਨੀ ਨੂੰ ਸਮਰਪਿਤ ਕੀਤਾ ਹੈ ਉਨ੍ਹਾਂ ਵਲੋਂ ਦੇਸ਼ ਭਰ ਵਿਚ ਸਮਾਜਿਕ ਪਰਿਵਰਤਨ ਤੇ ਆਰਥਿਕ ਮੁਕਤੀ ਅੰਦੋਲਨ ਨੂੰ ਖੜਾ ਕਰਕੇ ਬਹੁਜਨ ਸਮਾਜ ਨੂੰ ਰਾਜ ਸੱਤਾ ਦੀ ਪ੍ਰਾਪਤੀ ਦੀ ਚਾਹਤ ਪੈਦਾ ਕਰਕੇ ਅਜਿਹੀ ਗਤੀ ਦਿੱਤੀ ਸੀ ਸਭ ਤੋਂ ਵੱਡੇ ਸੁਬੇ ਉੱਤਰ ਪ੍ਰਦੇਸ਼ ਵਿਚ ਸਰਕਾਰ ਬਣਾਕੇ ਸਥਾਪਤ ਪਾਰਟੀਆਂ ਨੂੰ ਮਜ਼ਬੂਤ ਚੁਣੋਤੀ ਦਿੱਤੀ ਹੈ ਉਨ੍ਹਾਂ ਦਾ ਅੰਦੋਲਨ ਰਾਜਨੀਤਕ ਦੇ ਨਾਲ ਨਾਲ ਸਮਾਜਿਕ ਹੈ ਵਿਧਾਨ ਸਭਾ ਚੋਣਾਂ ਵਿੱਚ ਭਾਂਵੇ ਉਨ੍ਹਾਂ ਦੇ ਅੰਦੋਲਨ ਨੂੰ ਖੜਾ ਕਰਨ ਵਾਲੀ ਬਸਪਾ ਨੂੰ ਨਿਰਾਸ਼ਾਜਨਕ ਹਾਰ ਹੋਈ ਹੈ ਅਜ ਰਾਜਨੀਤਕ ਪਾਰਟੀਆਂ ਸਮਾਜ ਨੂੰ ਗੁਮਰਾਹ ਕਰਨ ਲਈ ਕਾਂਸ਼ੀ ਰਾਮ ਦਾ ਨਾਂ ਲੈਣ ਤੇ ਉਨ੍ਹਾਂ ਦੀ ਨਕਲ ਕਰਨ ਲਈ ਮਜਬੂਰ ਹੋਏ ਕਾਂਸ਼ੀ ਰਾਮ ਦਾ ਅੰਦੋਲਨ ਬਹੁਜਨ ਸਮਾਜ ਦੀ ਰਾਜਧਾਨੀ ਦਾ ਅੰਗ ਬਣ ਗਿਆ ਹੈ ਉਨ੍ਹਾਂ ਦਾ ਅੰਦੋਲਨ ਆਉਂਣ ਵਾਲੀਆਂ ਪੀੜ੍ਹੀਆਂ ਦੇ ਬਚਿਆਂ ਵਿਚ ਫੈਲ ਰਿਹਾ ਹੈ ਸਮਾਜ ਦੇ ਭਵਿੱਖ ਲਈ ਵਧੀਆ ਗੱਲ ਹੈ ਬਸਪਾ ਆਗੂ ਪ੍ਰਵੀਨ ਬੰਗਾ ਨੇ ਕਿਹਾ ਜ਼ਿਲਾ ਸ਼ਹੀਦ ਭਗਤ ਸਿੰਘ ਨਗਰ ਵਿਚ ਬੰਗਾ ਤੇ ਨਵਾਂਸ਼ਹਿਰ ਵਿਚ ਗਠਜੋੜ ਦੇ ਉਮੀਦਵਾਰ ਡਾ ਸੁਖਵਿੰਦਰ ਕੁਮਾਰ ਸੁੱਖੀ ਤੇ ਡਾ ਨਛੱਤਰ ਪਾਲ ਜੀ ਦੇ ਜਿਤਣ ਤੇ ਵਧਾਈ ਦਿੰਦਿਆਂ ਕਿਹਾ ਵੋਟਰਾਂ ਸਪੋਟਰਾਂ ਦਾ ਧੰਨਵਾਦ ਕਰਦਿਆਂ ਕਿਹਾ ਉਨ੍ਹਾਂ ਦੀ ਜਿਤ ਲਈ ਵੀ ਕਾਂਸ਼ੀ ਰਾਮ ਦੇ ਅੰਦੋਲਨ ਦਾ ਬਹੁਤ ਵੱਡਾ ਯੋਗਦਾਨ ਹੈ ਕਾਂਸ਼ੀ ਰਾਮ ਦੇ ਜਨਮਦਿਨ ਤੇ ਮਹਾਪੁਰਸ਼ਾਂ ਦੇ ਅੰਦੋਲਨ ਨੂੰ ਸਮਰਪਿਤ ਭਾਵਨਾ ਨਾਲ ਸਮਾਜਿਕ ਪਰਿਵਰਤਨ ਅੰਦੋਲਨ ਨੂੰ ਮਜ਼ਬੂਤ ਕਰਨ ਦਾ ਸੰਕਲਪ ਲੈਣ ਦੀ ਅਪੀਲ ਕੀਤੀ ਤਾਂ ਜੋ ਲੋਕ ਸਭਾ ਚੋਣਾਂ ਵਿੱਚ ਗਠਜੋੜ ਨੂੰ ਮਜ਼ਬੂਤ ਕੀਤਾ ਜਾਵੇ ਇਸ ਮੌਕੇ ਤੇ ਸਰਪੰਚ ਅਸ਼ੋਕ ਕੁਮਾਰ, ਸਾਬਕਾ ਸਰਪੰਚ ਜਸਵਿੰਦਰ ਕੌਰ, ਗੁਰਦੇਵ ਕੌਰ ਸਾਬਕਾ ਸੰਮਤੀ ਮੈਂਬਰ ਪਰਧਾਨ ਸਤਪਾਲ ਡਾ ਮੋਹਣ ਲਾਲ ਬਧਣ,,ਬਲਵਿੰਦਰ ਕੁਮਾਰ ਸੋਨੂੰ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਪ੍ਰਬੰਧਕ ਕਮੇਟੀ, ਐਡਵੋਕੇਟ ਤਜਿੰਦਰ ਬੰਗਾ ਜੀ ਹਰਮੇਸ਼ ਲਾਲ ਪੰਚ ਸ਼ਿੰਦਰ ਪਾਲ ਸਾਬਕਾ ਪੰਚ ਚਾਂਦੀ ਰਾਮ ਸਾਬਕਾ ਪੰਚ ਸੁਰਿੰਦਰ ਬੰਗਾ, ਐਨ ਆਰ ਆਈ ਰਕੇਸ਼ ਕੁਮਾਰ ਗ੍ਰੀਸ ਸਾਬਕਾ ਪੰਚ ਉਂਕਾਰ ਸਿੰਘ ਕਾਲਾ, ਵਿਜੇ ਕੁਮਾਰ ਪੀਪਾਰੰਗੀ, ਅਵਤਾਰ ਚੰਦ ਬੰਗਾ, ਦੀਪਾ ਵਿਰਦੀ,ਐਨ ਆਰ ਆਈ ਪਰਮਜੀਤ ਬੰਗਾ, ਮੇਜਰ ਬਾਬਾ,ਬੀਬੀ ਬਖਸ਼ੋ, ਤੋਂ ਇਲਾਵਾ ਵੱਡੀ ਗਿਣਤੀ ਪਿੰਡ ਵਾਸੀ ਸ਼ਾਮਿਲ ਹੋਏ ਇਸ ਮੌਕੇ ਸਾਹਿਬ ਕਾਂਸ਼ੀ ਰਾਮ ਜੀ ਦੇ ਜਨਮ ਦਿਨ ਤੇ ਲੱਡੂ ਵੰਡੇ ਗਏ ਸਾਹਿਬ ਕਾਂਸ਼ੀ ਰਾਮ ਜੀ ਦੇ ਆਦਮ ਕੱਦ ਦੇ ਬੂਤ ਨੂੰ ਹਾਰ ਪਾਉਂਦੇ ਹੋਏ ਇਸ ਮੌਕੇ ਤੇ ਸਰਪੰਚ ਅਸ਼ੋਕ ਕੁਮਾਰ ਡਾ ਮੋਹਣ ਲਾਲ ਬਧਣ, ਐਡਵੋਕੇਟ ਤਜਿੰਦਰ ਬੰਗਾ ਜੀ, ਤੇ ਸਮੁੱਚੀ ਲੀਡਰਸ਼ਿਪ।



# ਪ੍ਰਭਾਵਸ਼ਾਲੀ ਤੇ ਯਾਦਗਾਰੀ ਹੋ ਨਿੱਬੜਿਆ ਵਿਸ਼ਵ ਮਾਤ ਭਾਸ਼ਾ ਦਿਵਸ ਅਤੇ ਰੂਬਰੂ ਸਮਾਗਮ

**ਸੰਤੋਖ ਸਿੰਘ ਜੱਸੀ**

ਭਾਸ਼ਾ ਵਿਭਾਗ ਪੰਜਾਬ ਜਿਲਾ ਸ਼ਹੀਦ ਭਗਤ ਸਿੰਘ ਨਗਰ ਵੱਲੋਂ ਵਿਸ਼ਵ ਮਾਤ ਭਾਸ਼ਾ ਦਿਵਸ ਮੌਕੇ ਜ਼ਿਲ੍ਹਾ ਪੱਧਰੀ ਸਮਾਗਮ ਸ੍ਰੀ ਗੁਰੂ ਹਰ ਰਾਏ ਪਬਲਿਕ ਸਕੂਲ ਮੁਕੰਦਪੁਰ ਦੀ ਸਮੁੱਚੀ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਕਰਵਾਇਆ ਗਿਆ,ਇਸ ਮੌਕੇ ਬਹੁ-ਪੱਖੀ ਸ਼ਖ਼ਸੀਅਤ ਅਤੇ ਯੂ ਐਨ ਓ ਅਵਾਰਡੀ ਸਰਦਾਰ ਮਹਿੰਦਰ ਸਿੰਘ ਦੁਸਾਂਝ ਨਾਲ ਰੂ ਬਰੂ ਵਿਚਾਰਾਂ ਵੀ ਹੋਈਆਂ,ਸਮਾਗਮ ਦੀ ਸ਼ੁਰੂਆਤ ਭਾਸ਼ਾ ਵਿਭਾਗ ਦੀ ਧੁਨੀ ਧੰਨ ਲਿਖਾਰੀ ਨਾਨਕਾ ਜਿਨ ਪੱਲੇ ਪਾਇਆ ਸੱਚ ਅਤੇ ਸਕੂਲੀ ਵਿਦਿਆਰਥੀਆਂ ਵੱਲੋਂ ਸ਼ਬਦ ਗਾਇਨ ਨਾਲ ਹੋਈ, ਉਪਰਾਮਤਾ ਜਿਲ੍ਹਾ ਭਾਸ਼ਾ ਖੋਜ ਅਫਸਰ ਅਮਰੀਕ ਸਿੰਘ ਦਿਆਲ ਦੁਆਰਾ ਪੰਜਾਬੀ ਭਾਸ਼ਾ ਪ੍ਰਤੀ ਸਭ ਨੂੰ ਅਹਿਦ ਦਬਾਇਆ ਗਿਆ ਕਿ ਉਹ ਪੰਜਾਬੀ ਭਾਸ਼ਾ ਪ੍ਰਤੀ ਹਮੇਸ਼ਾਂ ਵਫ਼ਾਦਾਰ ਅਤੇ ਸੁਹਿਰਦਤਾ ਦੀ ਭਾਵਨਾ ਰੱਖਣਗੇ,ਸਕੂਲ ਪ੍ਰਿੰਸੀਪਲ ਮੈਡਮ ਸਰਬਜੀਤ ਕੌਰ ਸ਼ੇਰਗਿਲ ਵੱਲੋਂ ਆਈਆਂ ਸ਼ਖਸੀਅਤਾਂ ਨੂੰ ਨਿੱਘੀ ਜੀ ਆਇਆਂ ਆਖਦਿਆਂ ਪੰਜਾਬੀ ਭਾਸ਼ਾ ਦੇ ਪਸਾਰ ਸਬੰਧੀ ਹਰ ਤਰਾਂ ਦਾ ਯੋਗਦਾਨ ਦੇਣ ਦੀ ਵਚਨਬੱਧਤਾ ਪ੍ਰਗਟਾਈ,ਉਪਰੰਤ ਸਕੂਲੀ ਵਿਦਿਆਰਥੀਆਂ ਵੱਲੋਂ ਮਾਤ ਭਾਸ਼ਾ ਪੰਜਾਬੀ ਪ੍ਰਤੀ ਪਿਆਰ ਤੇ ਸਤਿਕਾਰ ਨਾਲ ਲਬਰੇਜ਼ ਰਚਨਾਵਾਂ , ਭਾਸ਼ਣ ਅਤੇ ਕੋਰੀਓਗ੍ਰਾਫੀ ਦੀ ਪੇਸ਼ਕਾਰੀ ਨਾਲ ਸਭ ਦਾ ਪਿਆਰ ਹਾਸਲ



ਕੀਤਾ,ਡਾਕਟਰ ਗੁਰਜੰਟ ਸਿੰਘ ਪ੍ਰਿੰਸੀਪਲ ਅਮਰਦੀਪ ਸ਼ੇਰਗਿੱਲ ਮੈਮੋਰੀਅਲ ਕਾਲਜ ਮੁਕੰਦਪੁਰ ਵੱਲੋਂ ਪੰਜਾਬੀ ਭਾਸ਼ਾ ਦੀ ਪ੍ਰਫੁੱਲਤਾ ਲਈ ਕਹਿਣੀ ਅਤੇ ਕਰਨੀ ਵਿਚ ਫਰਕ ਰੱਖੇ ਜਾਣ ਦੇ ਕਿਰਦਾਰ ਇਸ ਨੂੰ ਢਾਹ ਲਾਉਣ ਵਾਲਾ ਦੱਸਿਆ,ਸਮਾਗਮ ਦੌਰਾਨ ਕੁੰਜੀਵਤ ਭਾਸ਼ਣ ਦੌਰਾਨ ਦੀਦਾਰ ਸਿੰਘ ਸ਼ੇਤਰਾ ਦੁਆਰਾ ਪੰਜਾਬੀ ਭਾਸ਼ਾ ਦੇ ਮਹੱਤਵ ਦੇ ਨਾਲ-ਨਾਲ ਮਹਿੰਦਰ ਸਿੰਘ ਦੁਸਾਂਝ ਦੀ ਸਖ਼ਸ਼ੀਅਤ ਦੇ ਕੁੱਝ ਪਹਿਲੂਆਂ ਤੇ ਚਾਨਣਾ ਪਾਇਆ,ਬਹੁਪੱਖੀ ਸ਼ਖਸੀਅਤ ਮਹਿੰਦਰ ਸਿੰਘ ਦੁਸਾਂਝ ਵੱਲੋਂ ਮਾਤ ਭਾਸ਼ਾ ਪੰਜਾਬੀ ਅਤੇ ਭਾਸ਼ਾ ਵਿਭਾਗ ਪੰਜਾਬ ਦੀ ਉੱਨਤੀ ਵਿਚ ਆਈ ਖੜੋਤ ਦੇ ਕਾਰਣਾਂ ਨੂੰ ਉਜਾਗਰ ਕੀਤਾ ਅਤੇ ਇਸ ਨੂੰ ਚੜ੍ਹਦੀ ਕਲਾ ਵਾਲੀ ਬਣਾਉਣ ਲਈ ਸੁਝਾਅ ਵੀ ਦਰਸਾਏ, ਸਰਦਾਰ ਦੁਸਾਂਝ ਨੇ ਆਪਣੀ ਨਿੱਜੀ ਜ਼ਿੰਦਗੀ ਦੀਆਂ ਤਲਖ ਹਕੀਕਤਾਂ ਤੋਂ ਇਲਾਵਾ ਆਪਣੀ ਸਾਦਗੀ ਅਤੇ ਖੇਤੀਬਾੜੀ ਨੂੰ ਸਮਰਪਤ ਹੁੰਦਿਆਂ ਮਿਲੀਆਂ ਮਾਨ ਸਨਮਾਨਾਂ ਦੀ ਗੱਲ ਸਾਂਝੀ ਕੀਤੀ, ਜ਼ਿਲ੍ਹਾ ਭਾਸ਼ਾ ਅਫ਼ਸਰ ਸੁਰਿੰਦਰ ਕੌਰ ਵੱਲੋਂ ਪ੍ਰੋਗਰਾਮ ਦੀ ਸਫਲਤਾ ਲਈ ਪ੍ਰਬੰਧਕਾਂ ਅਤੇ ਹਾਜ਼ਰ ਸਖਸ਼ੀਅਤਾਂ ਦਾ ਧੰ-ਨਵਾਦ ਕਰਦਿਆਂ ਕਿਹਾ ਕਿ ਜ਼ਿਲ੍ਹੇ ਵਿਚ ਪੰਜਾਬੀ ਭਾਸ਼ਾ ਦੇ ਉਥਾਨ ਅਤੇ ਪਸਾਰ ਲਈ ਮੈਨੂੰ ਤੁਹਾਡੇ ਵਰਗੀਆਂ ਪੰਜਾਬੀ ਭਾਸ਼ਾ ਪ੍ਰਤੀ ਸਨੇਹ ਰੱਖਣ ਵਾਲੀਆਂ ਸਖਸ਼ੀਅਤਾਂ ਦੀ ਲੋੜ ਰਹੇਗੀ ਤੇ ਮੈਂ ਹਮੇਸ਼ਾਂ ਸਾਹਿਤਕਾਰਾਂ ਬੁਧੀਜੀਵੀਆਂ ਵਿਦਿਅਕ ਸੰਸਥਾਵਾਂ ਅਤੇ ਹੋਰ ਪੰਜਾਬੀ ਭਾਸ਼ਾ ਪ੍ਰਤੀ ਸਨੇਹ ਰੱਖਣ ਬਾਲੀ ਹਰ ਇੱਕ ਸਖਸ਼ੀਅਤ ਦੀ ਕਦਰਦਾਨ ਰਹਾਂਗੀ, ਮੰਚ ਸੰਚਾਲਨ ਦੀ ਭੂਮਿਕਾ ਅਮਰੀਕ ਸਿੰਘ ਢੀਂਡਸਾ ਵੱਲੋਂ ਪੰਜਾਬੀ ਬੋਲੀ ਨੂੰ ਪਿਆਰ ਅਤੇ ਸਤਿਕਾਰ ਦੀ ਭਾਵਨਾ ਨਾਲ ਲਬਰੇਜ਼ ਸ਼ਬਦਾਂ ਨਾਲ ਬਾਖ਼ੂਬੀ ਨਿਭਾਈ , ਭਾਸ਼ਾ ਵਿਭਾਗ ਦੁਆਰਾ ਸੰਪਾਦਤ ਕੀਤੀਆਂ ਪੁਸਤਕਾਂ ਦੀ ਪ੍ਰਦਰਸ਼ਨੀ ਵੀ ਲਗਾਈ ਗਈ ਤੇ ਪਾਠਕਾਂ ਦੁਆਰਾ ਬਹੁਤ ਹੀ ਘੱਟ ਕੀਮਤ ਤੇ ਪੁਸਤਕਾਂ ਖਰੀਦਣ ਵਿੱਚ ਦਿਲਚਸਪੀ ਦਿਖਾਈ ਗਈ।

ਇਸ ਮੌਕੇ ਸੇਵਾਮੁਕਤ ਪ੍ਰਿੰਸੀਪਲ ਜੁਗਿੰਦਰ ਸਿੰਘ ਬਲਦੇਵ ਸਿੰਘ ਢੀਂਡਸਾ, ਮੋਤੀ ਲਾਲ ਵਰਮਾ, ਅਵਤਾਰ ਸਿੰਘ ਸੰਧੂ, ਸੁਰਜੀਤ ਸਿੰਘ ਬੀਸਲਾ, ਹਰਜਿੰਦਰ ਸਿੰਘ ਪੁਰੇਵਾਲ, ਜੋਗਾ ਸਿੰਘ ਦੁਸਾਂਝ, ਪਰਮਿੰਦਰ ਗੋਸਲ , ਸੰਤੋਖ ਜੱਸੀ, ਡਾਕਟਰ ਜਤਿੰਦਰ ਸਿੰਘ, ਸਕੂਲ ਪ੍ਰਬੰਧਕ ਜਤਿੰਦਰ ਸਿੰਘ ਸ਼ੇਰਗਿੱਲ, ਪ੍ਰੋਫੈਸਰ ਸ਼ਮਸ਼ਾਦ ਅਲੀ , ਸਤਪਾਲ ਸਾਹਲੋ ਤੋਂ ਇਲਾਵਾ ਇਲਾਕੇ ਅਤੇ ਜ਼ਿਲੇ ਭਰ ਤੋਂ ਪੰਜਾਬੀ ਪ੍ਰੇਮੀ ਸਖਸ਼ੀਅਤਾਂ ਮੌਜੂਦ ਸਨ।



# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

**ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ**



Kashmiri Bhatia & his wife

## K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

## AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

**NEW & USED TIRES**
**WASH, LUBE, BRAKES**

Call:
530-824-5134

LUCAS OIL LUCAS INJECTOR CLEANER $28.99

Call:
650-642-0697

**3525 Highway 99, West Corning, CA 96021**
Across the Street from TA Truck Stop